PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611 | 19 ਦਸੰਬਰ ਤੋਂ 25 ਦਸੰਬਰ, 2024 | Email :- editor@punjabstar.com, Vo. 20. Issue:1164


# ਚੱਕਰਵਾਤ ਚਿਡੋ ਕਾਰਨ ਮਲਾਵੀ 'ਚ 13 ਲੋਕਾਂ ਦੀ ਮੌਤ

## 45,000 ਤੋਂ ਵਧੇਰੇ ਪ੍ਰਭਾਵਿਤ



ਲਿਲੋਂਗਵੇ (ਪੰਜਾਬ ਸਟਾਰ ਬਿਊਰੋ): ਮਲਾਵੀ 'ਚ ਤੂਫ਼ਾਨ ਚਿਡੋ ਕਾਰਨ ਮਰਨ ਵਾਲਿਆਂ ਦੀ ਗਿਣਤੀ ਵੱਧ ਕੇ 13 ਹੋ ਗਈ ਹੈ ਤੇ ਐਤਵਾਰ ਅਤੇ ਮੰਗਲਵਾਰ ਦਰਮਿਆਨ ਦੇਸ਼ ਵਿੱਚ ਭਾਰੀ ਮੀਂਹ ਪੈਣ ਕਾਰਨ 45,000 ਤੋਂ ਵੱਧ ਲੋਕ ਪ੍ਰਭਾਵਿਤ ਹੋਏ ਹਨ। ਸਥਾਨਕ ਅਧਿਕਾਰੀਆਂ ਨੇ ਬੁੱਧਵਾਰ ਨੂੰ ਇਸ ਬਾਰੇ ਜਾਣਕਾਰੀ ਦਿੱਤੀ।

ਆਫ਼ਤ ਪ੍ਰਬੰਧਨ ਮਾਮਲਿਆਂ ਦੇ ਵਿਭਾਗ (ਡੀਓਡੀਐੱਮਏ) ਦੇ ਕਮਿਸ਼ਨਰ ਚਾਰਲਸ ਕਾਲੇਮਬਾ ਨੇ ਕਿਹਾ ਕਿ ਚੱਕਰਵਾਤ ਕਾਰਨ 29 ਲੋਕ ਜ਼ਖਮੀ * ਬਾਕੀ ਸਫਾ 2 'ਤੇ

# ਸੁਨੀਤਾ ਵਿਲੀਅਮਜ਼ ਦੀ ਵਾਪਸੀ 'ਚ ਹੋਰ ਦੇਰੀ

## ਨਾਸਾ ਨੇ ਦਿੱਤਾ ਵੱਡਾ ਅਪਡੇਟ



(ਪੰਜਾਬ ਸਟਾਰ ਬਿਊਰੋ) : ਨਾਸਾ ਨੇ ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼ ਦੀ ਵਾਪਸੀ ਨੂੰ ਲੈ ਕੇ ਨਵਾਂ ਅਪਡੇਟ ਜਾਰੀ ਕੀਤਾ ਹੈ। ਪੁਲਾੜ ਤੋਂ ਨਾਸਾ ਦੇ ਦੋ ਪੁਲਾੜ ਯਾਤਰੀਆਂ ਸੁਨੀਤਾ ਵਿਲੀਅਮਜ਼ ਅਤੇ ਬੁਚ ਵਿਲਮੋਰ ਦੀ ਵਾਪਸੀ ਨੂੰ ਫਿਰ ਤੋਂ ਮੁਲਤਵੀ ਕਰ ਦਿੱਤਾ ਗਿਆ ਹੈ। ਸੁਨੀਤਾ ਵਿਲੀਅਮਸ ਨੂੰ ਧਰਤੀ 'ਤੇ ਪਰਤਣ ਲਈ ਅਜੇ ਹੋਰ ਸਮਾਂ ਲੱਗ ਸਕਦਾ ਹੈ। ਨਾਸਾ ਨੇ ਕਿਹਾ ਕਿ ਹੁਣ ਪੁਲਾੜ ਯਾਤਰੀਆਂ ਨੂੰ ਘੱਟੋ-ਘੱਟ ਮਾਰਚ 2025 ਦੇ ਅੰਤ ਤੱਕ ਇੰਤਜ਼ਾਰ ਕਰਨਾ ਹੋਵੇਗਾ। ਇਹ ਮਿਤੀ ਅਪ੍ਰੈਲ ਦੀ ਸ਼ੁਰੂਆਤ ਤੱਕ ਵੀ ਵਧ ਸਕਦੀ ਹੈ। ਨਾਸਾ ਮੁਤਾਬਕ ਸਪੇਸਐਕਸ ਨੂੰ ਸੁਨੀਤਾ ਵਿਲੀਅਮਸ ਨੂੰ ਪੁਲਾੜ ਤੋਂ ਵਾਪਸ * ਬਾਕੀ ਸਫਾ 2 'ਤੇ

## ਟਰੰਪ ਨੇ ਟੈਕਸ ਨੂੰ ਲੈ ਕੇ ਬਣਾਈ ਰਣਨੀਤੀ

# ਭਾਰਤ ਨੂੰ ਲੱਗ ਸਕਦੈ ਵੱਡਾ ਝਟਕਾ!

## ਕਿਹਾ, ਜੇਕਰ ਸਾਡੇ 'ਤੇ ਕੋਈ ਜ਼ਿਆਦਾ ਟੈਕਸ ਲਾਉਂਦਾ ਹੈ ਤਾਂ ਅਸੀਂ ਵੀ ਉਨ੍ਹਾਂ 'ਤੇ ਉਹੀ ਟੈਕਸ ਲਗਾਵਾਂਗੇ



(ਪੰਜਾਬ ਸਟਾਰ ਬਿਊਰੋ): ਅਮਰੀਕਾ ਦੇ ਅਗਲੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਹੁਦਾ ਸੰਭਾਲਣ ਤੋਂ ਪਹਿਲਾਂ ਭਾਰਤ ਨੂੰ ਲੈ ਕੇ ਵੱਡਾ ਬਿਆਨ ਦਿਤਾ ਹੈ। ਉਨ੍ਹਾਂ ਨੇ ਅਮਰੀਕਾ ਵਲੋਂ ਭਾਰਤ ਭੇਜੇ ਜਾਣ ਵਾਲੇ ਸਮਾਨ 'ਤੇ ਲਗਾਏ ਗਏ ਟੈਕਸ ਨੂੰ ਲੈ ਕੇ ਅਜਿਹੀ ਰਣਨੀਤੀ ਬਣਾਈ ਹੈ, ਜਿਸ ਨਾਲ ਭਾਰਤ ਸਰਕਾਰ ਨੂੰ ਵੱਡਾ ਝਟਕਾ ਲੱਗ ਸਕਦਾ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਭਾਰਤੀ ਸਮਾਨ 'ਤੇ ਉਹੀ ਟੈਕਸ ਲਗਾਏਗਾ, ਜਿਹੋ ਜਿਹਾ ਭਾਰਤ ਅਮਰੀਕੀ * ਬਾਕੀ ਸਫਾ 2 'ਤੇ

# ਅਮਰੀਕਾ 'ਚ ਇਮੀਗ੍ਰੇਸ਼ਨ ਬੈਕਲਾਗ ਨੂੰ ਘੱਟ ਕਰਨ ਲਈ ਬਿੱਲ ਪੇਸ਼

ਵਾਸ਼ਿੰਗਟਨ (ਪੰਜਾਬ ਸਟਾਰ ਬਿਊਰੋ): 2 ਡੈਮੋਕ੍ਰੇਟਿਕ ਸੈਨੇਟਰਾਂ ਨੇ ਅਮਰੀਕਾ ਵਿਚ ਇਮੀਗ੍ਰੇਸ਼ਨ ਬੈਕਲਾਗ ਨੂੰ ਘੱਟ ਕਰਨ ਅਤੇ ਪ੍ਰਤੀ ਦੇਸ਼ ਵੀਜ਼ਾ ਕੈਂਪਸ ਵਧਾਉਣ ਲਈ ਇੱਕ ਬਿੱਲ ਪੇਸ਼ ਕੀਤਾ, ਜਿਸ ਨਾਲ ਭਾਰਤੀ ਨਾਗਰਿਕਾਂ ਨੂੰ ਫਾਇਦਾ ਹੋ ਸਕਦਾ ਹੈ। ਇਨ੍ਹਾਂ ਵਿਚ ਸਭ ਤੋਂ ਜ਼ਿਆਦਾ ਅਰਜ਼ੀਆਂ ਚੀਨ ਅਤੇ ਭਾਰਤ ਤੋਂ ਦਰਜ ਕੀਤੀਆਂ ਗਈਆਂ ਹਨ। ਜੇਕਰ ਇਹ ਬਿੱਲ ਪਾਸ ਹੋ ਜਾਂਦਾ ਹੈ, ਤਾਂ ਰੀਯੂਨਾਈਟਿੰਗ ਫੈਮਿਲੀਜ਼ ਐਕਟ ਪਰਿਵਾਰ-ਆਧਾਰਿਤ ਇਮੀਗ੍ਰੇਸ਼ਨ ਲਈ ਪ੍ਰਤੀ-ਦੇਸ਼ ਸੀਮਾ 7% ਤੋਂ ਵਧਾ ਕੇ 15% ਹੋ ਸਕਦੀ ਹੈ। ਇਹ ਬਿੱਲ ਸੈਨੇਟਰ ਮੈਜ਼ੀ ਹਿਰੋਨੋ ਅਤੇ ਸੈਨੇਟਰ ਟੈਮੀ ਡਕਵਰਥ ਨੇ ਪੇਸ਼ ਕੀਤਾ। ਇਸ ਨਾਲ ਯੂ.ਐੱਸ. ਇਮੀਗ੍ਰੇਸ਼ਨ ਪ੍ਰਣਾਲੀ ਵਿਚ ਲੰਬੇ ਸਮੇਂ ਤੋਂ ਚੱਲ ਰਿਹਾ ਬੈਕਲਾਗ ਘੱਟ ਸਕਦਾ ਹੈ, ਜਿਸ ਨਾਲ ਦੁਨੀਆਂ ਭਰ ਦੇ ਲੱਖਾਂ * ਬਾਕੀ ਸਫਾ 2 'ਤੇ

# ਕੈਨੇਡਾ: ਘੱਟਗਿਣਤੀ ਟਰੂਡੋ ਸਰਕਾਰ ਸੰਕਟ 'ਚ, ਮੱਧਕਾਲੀ ਚੋਣਾਂ ਦੇ ਆਸਾਰ

## ਉਪ ਪ੍ਰਧਾਨ ਮੰਤਰੀ ਦੇ ਅਸਤੀਫ਼ੇ ਮਗਰੋਂ ਕੈਨੇਡਾ 'ਚ ਸਿਆਸੀ ਹਲਚਲ ਤੇਜ਼



ਵੈਨਕੂਵਰ (ਪੰਜਾਬ ਸਟਾਰ ਬਿਊਰੋ): ਕੈਨੇਡਾ ਦੀ ਉਪ ਪ੍ਰਧਾਨ ਮੰਤਰੀ ਤੇ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ, ਜੋ ਪ੍ਰਧਾਨ ਮੰਤਰੀ ਦੀ ਖਾਸ-ਮ-ਖਾਸ ਸੀ, ਵੱਲੋਂ ਬੀਤੇ ਦਿਨ ਅਚਾਨਕ ਦਿੱਤਾ ਅਸਤੀਫਾ ਜਨਤਕ ਹੁੰਦੇ ਹੀ ਸਿਆਸੀ ਹਲਕਿਆਂ ਵਿੱਚ ਟਰੂਡੋ ਸਰਕਾਰ ਦੇ ਭਵਿੱਖ ਬਾਰੇ ਕਿਆਸਅਰਾਈਆਂ ਸ਼ੁਰੂ ਹੋ ਗਈਆਂ। ਆਮ ਚੋਣਾਂ ਤੋਂ 10 ਮਹੀਨੇ ਪਹਿਲਾਂ ਬਣਿਆ ਇਹ ਸਿਆਸੀ ਸੰਕਟ ਨੇ ਦੇਸ਼ ਨੂੰ ਮੱਧਕਾਲੀ ਚੋਣਾਂ ਵੱਲ ਲਿਜਾ ਸਕਦਾ ਹੈ। ਵਿੱਤ ਮੰਤਰੀ ਨੇ ਬੀਤੇ ਦਿਨ ਹਾਊਸ ਆਫ ਕਾਮਨਜ਼ ਵਿੱਚ ਵਿੱਤੀ ਹਾਲਾਤ ਸਬੰਧੀ ਵਿਸਥਾਰਤ ਜਾਣਕਾਰੀ ਦੇਣ ਤੋਂ ਕੁਝ ਘੰਟੇ ਪਹਿਲਾਂ ਅਹੁਦੇ ਤੋਂ ਪਾਸੇ ਹੋਣ ਦਾ ਐਲਾਨ ਕਰਕੇ ਜਸਟਿਨ ਟਰੂਡੋ ਦੀ ਲੀਡਰਸ਼ਿਪ ਨੂੰ ਸ਼ੱਕ ਦੇ ਘੇਰੇ 'ਚ ਖੜ੍ਹਾ ਕਰ ਦਿੱਤਾ ਸੀ। ਬੇਸ਼ੱਕ ਸ਼ਾਮ ਤੋਂ ਪਹਿਲਾਂ ਜਨਤਕ ਸੁਰੱਖਿਆ ਮੰਤਰੀ ਡੋਮੀਨਿਕ ਲੇਬਲੈਂਕ ਨੇ ਫਰੀਲੈਂਡ ਦੀ ਥਾਂ ਵਿੱਤ ਮੰਤਰੀ ਵਜੋਂ ਸਹੁੰ ਚੁੱਕ ਲਈ ਪਰ ਟਰੂਡੋ ਸਰਕਾਰ ਅਤੇ ਦੇਸ਼ ਦੇ ਭਵਿੱਖ ਨੂੰ ਲੈ ਕੇ ਹੋ ਰਹੀ ਚਰਚਾ 'ਚ ਫ਼ਰਕ ਨਾ ਪਿਆ। ਜਸਟਿਨ ਟਰੂਡੋ ਤੇ ਫਰੀਲੈਂਡ ਵਿਚਾਲੇ ਖਟਾਸ ਦੀਆਂ ਕਨਸੋਆਂ ਕਈ ਦਿਨਾਂ ਤੋਂ ਚੱਲ ਰਹੀਆਂ ਸਨ ਪਰ ਅਚਾਨਕ ਅਸਤੀਫਾ ਦੇਣ ਦਾ ਕਾਰਨ ਸਰਕਾਰ ਵੱਲੋਂ ਲੋਕਾਂ ਨੂੰ ਪ੍ਰਤੀ ਜੀਅ 250 ਡਾਲਰ ਦੇਣ * ਬਾਕੀ ਸਫਾ 2 'ਤੇ

# ਟਰੂਡੋ ਦੇਣਗੇ ਅਸਤੀਫ਼ਾ?

## ਲਿਬਰਲ ਕੌਕਸ ਦੀ ਮੀਟਿੰਗ ਦੌਰਾਨ ਉਠੀ ਅਸਤੀਫ਼ੇ ਦੀ ਆਵਾਜ਼



ਔਟਵਾ (ਪੰਜਾਬ ਸਟਾਰ ਬਿਊਰੋ): ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਇਕ ਮਗਰੋਂ ਇਕ ਝਟਕੇ ਲੱਗਣ ਦਾ ਸਿਲਸਿਲਾ ਸੋਮਵਾਰ ਰਾਤ ਤੱਕ ਜਾਰੀ ਰਿਹਾ ਜਦੋਂ ਬੀ.ਸੀ. ਦੇ ਕਲੋਵਰਡੇਲ-ਲੈਂਗਲੀ ਸਿਟੀ ਪਾਰਲੀਮਾਨੀ ਹਲਕੇ ਦੀ ਜ਼ਿਮਨੀ ਚੋਣ ਵਿਚ ਲਿਬਰਲ ਪਾਰਟੀ ਨੂੰ ਵੱਡੀ ਹਾਰ ਝੱਲਣੀ ਪਈ। ਦੂਜੇ ਪਾਸੇ ਲਿਬਰਲ ਕੌਕਸ ਦੀ ਸੋਮਵਾਰ ਰਾਤ ਹੋਈ ਮੀਟਿੰਗ ਦੌਰਾਨ ਜਸਟਿਨ ਟਰੂਡੋ ਦੇ ਅਸਤੀਫ਼ੇ ਦੀ ਮੰਗ ਉਠੀ ਅਤੇ ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਟਰੂਡੋ, ਲਿਬਰਲ ਲੀਡਰਸ਼ਿਪ ਛੱਡਣ ਬਾਰੇ ਵਿਚਾਰ ਕਰ ਰਹੇ ਹਨ। ਲਿਬਰਲ ਕੌਕਸ ਦੀ ਮੀਟਿੰਗ ਵਿਚ ਕ੍ਰਿਸਟੀਆ ਫਰੀਲੈਂਡ ਵੀ ਸ਼ਾਮਲ ਹੋਏ ਅਤੇ ਪਾਰਟੀ ਦੇ ਐਮ.ਪੀਜ਼ ਵੱਲੋਂ ਖੜ੍ਹੇ ਹੋ ਕੇ ਉਨ੍ਹਾਂ ਦਾ ਸਵਾਗਤ ਕੀਤਾ ਗਿਆ। ਤਕਰੀਬਨ ਇਕ ਘੰਟਾ ਚੱਲੀ ਮੀਟਿੰਗ ਮਗਰੋਂ ਜ਼ਿਆਦਾਤਰ ਐਮ.ਪੀਜ਼ ਨੇ ਮੀਡੀਆ ਤੋਂ ਪਾਸਾ ਵੱਟੀ ਰੱਖਿਆ ਪਰ ਕੁਝ ਬੋਲਣ ਵਾਸਤੇ ਸਹਿਮਤ ਹੋ ਗਏ। ਉਨਟਾਰੀਓ ਤੋਂ ਲਿਬਰਲ ਐਮ.ਪੀ. ਚੈਡ ਕੌਲਿਨਜ਼ ਨੇ ਕਿਹਾ ਕਿ ਉਹ ਕੌਕਸ ਮੀਟਿੰਗ ਦੀਆਂ ਅੰਦਰੂਨੀ ਗੱਲਾਂ ਨਸ਼ਰ ਨਹੀਂ ਕਰਨਗੇ ਪਰ ਇਕ ਗੱਲ ਬਿਲਕੁਲ ਸਪੱਸ਼ਟ ਹੈ ਕਿ ਲਿਬਰਲ ਪਾਰਟੀ ਇਕਜੁਟ ਨਹੀਂ। ਲੀਡਰਸ਼ਿਪ ਵਿਚ ਤਬਦੀਲੀ ਮੰਗਣ ਵਾਲੇ ਮੌਜੂਦ ਹਨ ਅਤੇ ਮੈਂ ਉਨ੍ਹਾਂ ਵਿਚੋਂ ਇਕ ਹਾਂ। ਕੌਲਿਨਜ਼ ਨੇ ਜ਼ੋਰ ਦੇ ਕੇ ਆਖਿਆ ਕਿ * ਬਾਕੀ ਸਫਾ 2 'ਤੇ

# ਕੈਨੇਡਾ ਨੇ ਐਕਸਪ੍ਰੈਸ ਐਂਟਰੀ ਸਿਸਟਮ 'ਚ LMIA ਪੁਆਇੰਟਸ ਨੂੰ ਹਟਾਇਆ

## ਅਮਰੀਕਾ ਕੈਨੇਡਾ ਬਾਰਡਰ ਤੇ ਫਲੈਗ ਪੁਲਿੰਗ ਵੀ ਖ਼ਤਮ



ਟੋਰਾਂਟੋ (ਬਲਜਿੰਦਰ ਸੇਖਾ) : ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਅਧਿਕਾਰਤ ਤੌਰ 'ਤੇ ਐਕਸਪ੍ਰੈਸ ਐਂਟਰੀ ਸਿਸਟਮ ਵਿੱਚ ਲੇਬਰ ਮਾਰਕੀਟ ਇਮਪੈਕਟ ਅਸੈਸਮੈਂਟ (LMIA) ਲਈ ਵਾਧੂ ਪੁਆਇੰਟਾਂ ਨੂੰ ਹਟਾਉਣ ਦਾ ਐਲਾਨ ਕੀਤਾ ਹੈ, ਜੋ ਤੁਰੰਤ ਲਾਗੂ ਹੋਵੇਗੀ। ਇਹ ਮਹੱਤਵਪੂਰਨ ਨੀਤੀ ਤਬਦੀਲੀ ਪ੍ਰੋਗਰਾਮ ਦੁਆਰਾ ਪੀ.ਆਰ ਦੀ ਮੰਗ ਕਰਨ ਵਾਲੇ ਅਸਥਾਈ ਵਿਦੇਸ਼ੀ ਕਰਮਚਾਰੀਆਂ ਨੂੰ ਪ੍ਰਭਾਵਤ ਕਰੇਗੀ। ਪਿਛਲੀ ਪ੍ਰਣਾਲੀ ਦੇ ਤਹਿਤ, LMIA-ਬੈਕਡ ਨੌਕਰੀ ਦੀਆਂ ਪੇਸ਼ਕਸ਼ਾਂ ਵਾਲੇ ਬਿਨੈਕਾਰਾਂ ਨੂੰ ਵਿਆਪਕ ਦਰਜਾਬੰਦੀ ਪ੍ਰਣਾਲੀ (CRS) ਦੇ ਤਹਿਤ ਕ੍ਰਮਵਾਰ 50 ਅਤੇ 200 ਬੋਨਸ ਅੰਕ ਦਿੱਤੇ ਜਾਂਦੇ ਸਨ। ਇਹਨਾਂ ਨੰਬਰਾ ਦਾ ਉਦੇਸ਼ ਪ੍ਰਤੀਯੋਗੀ ਐਕਸਪ੍ਰੈਸ ਐਂਟਰੀ ਪੂਲ ਵਿੱਚ ਇੱਕ ਫਾਇਦਾ ਪ੍ਰਦਾਨ ਕਰਨਾ ਸੀ, ਪਰ ਅੱਜ ਉਹਨਾਂ ਨੂੰ ਖਤਮ ਕਰ ਦਿੱਤਾ ਗਿਆ ਹੈ।

**ਘੋਸ਼ਣਾ ਦੇ ਮੁੱਖ ਵੇਰਵੇ:**

LMIA-ਬੈਕਡ ਨੌਕਰੀ ਦੀਆਂ ਪੇਸ਼ਕਸ਼ਾਂ ਲਈ ਪਹਿਲਾਂ ਦਿੱਤੇ ਗਏ 50-ਪੁਆਇੰਟ ਅਤੇ 200-ਪੁਆਇੰਟ ਬੋਨਸ CRS ਤੋਂ ਹਟਾ ਦਿੱਤੇ ਗਏ ਹਨ। ਇਹ ਤਬਦੀਲੀ ਮੰਗਲਵਾਰ, ਦਸੰਬਰ 18, 2024 ਤੋਂ ਲਾਗੂ ਹੋਵੇਗੀ।

**ਤਬਦੀਲੀ ਦੇ ਕਾਰਨ**

ਮੰਤਰੀ ਮਿਲਰ ਨੇ ਕਈ ਮੁੱਖ ਚਿੰਤਾਵਾਂ ਦੀ ਰੂਪਰੇਖਾ ਦਿੱਤੀ * ਬਾਕੀ ਸਫਾ 2 'ਤੇ




**ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ**
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

**Canada Consumer Credit Assistance** ਕਰਜ਼ਾ ਰਹਿਤ ਜ਼ਿੰਦਗੀ ਜੀਓ



ਕਰਜ਼ੇ ਦੀ ਸਿਰਦਰਦੀ ?
www.MakeMeDebtFree.ca

- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
416-502-3100

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
**ਹੁਣੇ ਹੀ ਕਾਲ ਕਰੋ**
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888-864-3131



Jasbir Singh Hundal
Registered Credit Counsellor
Unit #20 - 7015 Tranmere Drive, Mississauga, ON, L5S 1T7

**A-One Truck & Trailer Repair**
Specialist in Engine & Differential rebuilt
ਟਰੱਕਾਂ ਦੀ ਹਰ ਤਰ੍ਹਾਂ ਦੀ ਰਿਪੇਅਰ ਲਈ ਪਹੁੰਚੋ
647-808-9569, 416-388-1605
ਵਾਜਬ ਕੀਮਤ ਵਧੀਆ ਸਰਵਿਸ
1246 Aimco Blvd, Mississauga, ON L4W 1B2



**Gill Tire Centre**
ਟਰੱਕਾਂ ਦੇ ਟਾਇਰ ਵਾਜਬ ਕੀਮਤਾਂ ਵਿੱਚ ਲੈਣ ਲਈ ਪਹੁੰਚੋ ਗਿੱਲ ਟਾਇਰ ਸੈਂਟਰ
1246 Aimco Blvd, Mississauga, ON L4W 1B2
647-808-9569, 416-388-1605

**FOR ALL YOUR REAL ESTATE NEEDS**



Harjit Brar
Sales Representative
416-417-6010



ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ
HOMELIFE HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090



Vik Mehmi
Broker
416-500-6262

ਪੰਜਾਬ ਸਟਾਰ
www.punjabstar.com

# ਮੁੰਬਈ 'ਚ ਗੇਟਵੇ ਆਫ਼ ਇੰਡੀਆ ਨੇੜੇ ਕਿਸ਼ਤੀ ਪਲਟਣ ਕਾਰਨ 13 ਦੀ ਮੌਤ, 75 ਲੋਕਾਂ ਨੂੰ ਗਿਆ ਬਚਾਇਆ



ਮਹਾਰਾਸ਼ਟਰ ਵਿਚ ਬੁੱਧਵਾਰ ਨੂੰ ਮੁੰਬਈ ਦੇ ਤੱਟ 'ਤੇ ਇਕ ਕਿਸ਼ਤੀ ਪਲਟਣ ਕਾਰਨ 13 ਲੋਕਾਂ ਦੀ ਮੌਤ ਹੋ ਗਈ ਜਦਕਿ 75 ਹੋਰਾਂ ਨੂੰ ਬਚਾ ਲਿਆ ਗਿਆ। ਪੁਲਿਸ ਨੇ ਇਹ ਜਾਣਕਾਰੀ ਦਿੱਤੀ। ਪੁਲਿਸ ਨੇ ਦੱਸਿਆ ਕਿ ਕਈ ਲੋਕ ਅਜੇ ਵੀ ਲਾਪਤਾ ਹਨ ਅਤੇ ਉਨ੍ਹਾਂ ਦੀ ਭਾਲ ਜਾਰੀ ਹੈ। ਇਕ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਹਾਦਸੇ ਦੇ ਸਮੇਂ ਨੀਲਕਮਲ ਨਾਂ ਦੀ ਕਿਸ਼ਤੀ 'ਤੇ ਸਵਾਰ 80 ਯਾਤਰੀ ਅਤੇ ਚਾਲਕ ਦਲ ਦੇ ਪੰਜ ਮੈਂਬਰ ਸਨ। ਉਨ੍ਹਾਂ ਦੱਸਿਆ ਕਿ ਕਿਸ਼ਤੀ ਮੁੰਬਈ ਨੇੜੇ ਸਥਿਤ ਪ੍ਰਸਿੱਧ ਸੈਰ-ਸਪਾਟਾ ਸਥਾਨ 'ਹਾਥੀ' ਟਾਪੂ 'ਤੇ ਜਾ ਰਹੀ ਸੀ, ਜਦੋਂ ਸ਼ਾਮ 4 ਵਜੇ ਦੇ ਕਰੀਬ ਇੱਕ ਸਪੀਡ ਬੋਟ ਨਾਲ ਟਕਰਾ ਗਈ। ਘਟਨਾ ਦੀ ਕਥਿਤ ਵੀਡੀਓ ਵਾਇਰਲ ਹੋ ਗਈ ਹੈ। ਇੱਕ ਸਥਾਨਕ ਆਗੂ ਨੇ ਦਾਅਵਾ ਕੀਤਾ ਕਿ ਸਪੀਡ ਬੋਟ ਜਲ ਸੈਨਾ ਦੀ ਸੀ, ਪਰ ਜਲ ਸੈਨਾ ਵੱਲੋਂ ਕੋਈ ਪੁਸ਼ਟੀ ਨਹੀਂ ਕੀਤੀ ਗਈ।

ਰੱਖਿਆ ਮੰਤਰਾਲੇ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਜਲ ਸੈਨਾ ਅਤੇ ਤੱਟ ਰੱਖਿਅਕਾਂ ਨੇ ਘਟਨਾ ਵਾਲੀ ਥਾਂ 'ਤੇ ਵੱਡੇ ਪੱਧਰ 'ਤੇ ਰਾਹਤ ਅਤੇ ਬਚਾਅ ਮੁਹਿੰਮ ਚਲਾਈ ਹੈ। ਉਨ੍ਹਾਂ ਦੱਸਿਆ ਕਿ ਜਲ ਸੈਨਾ ਦੀਆਂ 11 ਕਿਸ਼ਤੀਆਂ, ਸਮੁੰਦਰੀ ਪੁਲਿਸ ਦੀਆਂ ਤਿੰਨ ਕਿਸ਼ਤੀਆਂ ਅਤੇ ਤੱਟ ਰੱਖਿਅਕਾਂ ਦੀ ਇੱਕ ਕਿਸ਼ਤੀ ਬਚਾਅ ਕਾਰਜ ਵਿੱਚ ਵਰਤੀ ਜਾ ਰਹੀ ਹੈ। ਅਧਿਕਾਰੀ ਨੇ ਦੱਸਿਆ ਕਿ ਖੋਜ ਅਤੇ ਬਚਾਅ ਕਾਰਜਾਂ ਲਈ ਚਾਰ ਹੈਲੀਕਾਪਟਰਾਂ ਦੀ ਮਦਦ ਵੀ ਲਈ ਜਾ ਰਹੀ ਹੈ। ਅਧਿਕਾਰੀ ਨੇ ਦੱਸਿਆ ਕਿ ਪੁਲਿਸ, ਜਵਾਹਰ ਲਾਲ ਨਹਿਰੂ ਪੋਰਟ ਅਥਾਰਟੀ ਦੇ ਕਰਮਚਾਰੀ ਅਤੇ ਖੇਤਰ ਦੇ ਮਛੇਰੇ ਵੀ ਰਾਹਤ ਅਤੇ ਬਚਾਅ ਕਾਰਜਾਂ 'ਚ ਸ਼ਾਮਲ ਹਨ।

ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਘਟਨਾ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ ਕਿ ਜ਼ਿਲਾ ਪ੍ਰਸ਼ਾਸਨ ਨੂੰ ਬਚਾਅ ਕਾਰਜ ਲਈ ਸਾਰੀਆਂ ਜ਼ਰੂਰੀ ਮਸ਼ੀਨਰੀ ਤਾਇਨਾਤ ਕਰਨ ਦੇ ਹੁਕਮ ਦਿੱਤੇ ਗਏ ਹਨ। ਉਸਨੇ ਟਵਿੱਟਰ 'ਤੇ ਪੋਸਟ ਕੀਤਾ, "ਸਾਨੂੰ ਨੀਲਕਮਲ ਨਾਮ ਦੀ ਕਿਸ਼ਤੀ ਦੇ ਹਾਦਸੇ ਦੀ ਸੂਚਨਾ ਮਿਲੀ ਹੈ, ਜੋ ਐਲੀਫੈਂਟਾ ਵੱਲ ਜਾ ਰਹੀ ਸੀ। ਹਾਦਸੇ ਤੋਂ ਬਾਅਦ ਲਾਪਤਾ 7 ਤੋਂ 8 ਯਾਤਰੀਆਂ ਦੀ ਭਾਲ ਜਾਰੀ ਹੈ। ਉਨ੍ਹਾਂ ਦੱਸਿਆ ਕਿ ਸਪੀਡ ਬੋਟ ਕੰਟਰੋਲ ਗੁਆ ਬੈਠੀ ਅਤੇ ਕਿਸ਼ਤੀ ਨਾਲ ਟਕਰਾ ਗਈ, ਦੱਸਿਆ ਜਾ ਰਿਹਾ ਹੈ ਕਿ ਉਕਤ ਸਪੀਡ ਬੋਟ ਨੇਵੀ ਜਾਂ ਕੋਸਟ ਗਾਰਡ ਦੀ ਹੈ।

# ਅਮਰੀਕੀ ਡਾਲਰ ਦੇ ਮੁਕਾਬਲੇ ਕੈਨੇਡੀਅਨ ਡਾਲਰ 70 ਸੈਂਟ ਤੋਂ ਵੀ ਹੇਠਾਂ ਡਿੱਗਿਆ

## ਮਾਰਚ 2020 ਤੋਂ ਬਾਅਦ ਪਹਿਲੀ ਵਾਰੀ ਇੰਨੇ ਹੇਠਲੇ ਪੱਧਰ 'ਤੇ ਪਹੁੰਚਿਆ



ਵਿਨੀਪੈੱਗ : ਅਮਰੀਕੀ ਡਾਲਰ ਦੇ ਮੁਕਾਬਲੇ ਕੈਨੇਡੀਅਨ ਡਾਲਰ 70 ਸੈਂਟ ਤੋਂ ਵੀ ਹੇਠਾਂ ਖਿਸਕ ਗਿਆ ਹੈ। ਕੈਨੇਡੀਅਨ ਡਾਲਰ, ਜਿਸ ਨੂੰ ਲੂਨੀ ਵੀ ਕਹਿੰਦੇ ਹਨ, ਦੇ ਮੁੱਲ ਵਿਚ ਗਿਰਾਵਟ ਇਸ ਹਫ਼ਤੇ ਦੀ ਉਥਲ-ਪੁਥਲ ਤੋਂ ਬਾਅਦ ਆਈ ਹੈ, ਜਦੋਂ ਵਿੱਤ ਮੰਤਰੀ ਕ੍ਰਿਸਟੀਆ ਫ਼੍ਰੀਲੈਂਡ ਨੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਕੈਬਨਿਟ ਤੋਂ ਅਸਤੀਫ਼ਾ ਦੇ ਦਿੱਤਾ। ਬਲੂਮਬਰਗ ਦੇ ਡੇਟਾ ਅਨੁਸਾਰ, ਅੱਜ ਸਵੇਰੇ 1 ਕੈਨੇਡੀਅਨ ਡਾਲਰ 71 ਅਮਰੀਕੀ ਸੈਂਟ ਤੋਂ ਵੀ ਹੇਠਾਂ ਜਾਣ ਤੋਂ ਬਾਅਦ ਦੁਪਹਿਰ ਤੱਕ 71.01 ਸੈਂਟ ਦਰਜ ਹੋਇਆ ਹੈ। ਕੋਵਿਡ ਮਹਾਮਾਰੀ ਵੇਲੇ ਮਾਰਚ 2020 ਤੋਂ ਬਾਅਦ ਦਾ ਇਹ ਸਭ ਤੋਂ ਹੇਠਲਾ ਪੱਧਰ ਸੀ।

ਕੈਨੇਡਾ ਦੀ ਕਮਜ਼ੋਰ ਆਰਥਿਕਤਾ ਦੇ ਚਲਦਿਆਂ ਕੈਨੇਡੀਅਨ ਡਾਲਰ ਦਾ ਮੁੱਲ ਹੇਠਾਂ ਵੱਲ ਆਇਆ ਹੈ। ਉੱਪਰੋਂ ਅਮਰੀਕਾ ਦੇ ਮਨੋਨੀਤ ਰਾਸ਼ਟਰਪਤੀ ਡੋਨਲਡ ਟਰੰਪ ਨੇ ਕੈਨੇਡਾ ਤੋਂ ਅਮਰੀਕਾ ਜਾਣ ਵਾਲੇ ਸਮਾਨ 'ਤੇ 25% ਟੈਰਿਫ਼ ਲਗਾਉਣ ਦੀ ਧਮਕੀ ਦਿੱਤੀ ਹੈ, ਜਿਸ ਕਰਕੇ ਕੈਨੇਡੀਅਨ ਆਰਥਿਕਤਾ ਨੂੰ ਡੂੰਘੀ ਸੱਟ ਲੱਗ ਸਕਦੀ ਹੈ। ਜਦੋਂ ਟਰੰਪ ਨਵੰਬਰ ਵਿਚ ਰਾਸ਼ਟਰਪਤੀ ਚੋਣਾਂ ਵਿਚ ਜੇਤੂ ਹੋਏ ਸਨ, ਉਸ ਤੋਂ ਬਾਅਦ ਅਮਰੀਕੀ ਡਾਲਰ ਮਜ਼ਬੂਤ ਹੋਇਆ ਹੈ। ਕੈਨੇਡਾ ਫੈਡਰਲ ਸਰਕਾਰ ਨੇ ਫ਼ੌਲ ਇਕਨਾਮਿਕ ਅੱਪਡੇਟ ਪੇਸ਼ ਕੀਤੀ ਜਿਸ ਵਿਚ ਬਜਟ ਘਾਟੇ ਦੇ $61.9 ਬਿਲੀਅਨ ਡਾਲਰ ਹੋਣ ਦਾ ਖ਼ੁਲਾਸਾ ਹੋਇਆ। ਕੇਂਦਰੀ ਬੈਂਕ ਇਸ ਸਾਲ ਚਾਰ ਵਾਰੀ ਵਿਆਜ ਦਰ ਵਿਚ ਕਟੌਤੀ ਕਰ ਚੁੱਕਾ ਹੈ। ਅਕਤੂਬਰ ਵਿਚ ਤਾਂ ਬੈਂਕ ਨੇ 50 ਅਧਾਰ ਅੰਕਾਂ ਦੀ ਕਟੌਤੀ ਕੀਤੀ ਸੀ ਕਿਉਂਕਿ ਹੁਣ ਬੈਂਕ ਦੀ ਚਿੰਤਾ ਮਹਿੰਗਾਈ ਨੂੰ ਕਾਬੂ ਕਰਨ ਤੋਂ ਬਦਲ ਕੇ ਮਜ਼ਬੂਤ ਆਰਥਿਕ ਵਿਕਾਸ ਦੀ ਲੋੜ ਵੱਲ ਹੋ ਗਈ ਹੈ।

ਬੈਂਕ ਆਫ਼ ਮੌਂਟਰੀਅਲ ਦੇ ਮੁੱਖ ਅਰਥਸ਼ਾਸਤਰੀ, ਡਗਲਸ ਪੋਰਟਰ ਨੇ ਕਿਹਾ ਕਿ ਅਮਰੀਕੀ ਡਾਲਰ ਜ਼ਿਆਦਾਤਰ ਮੁਦਰਾਵਾਂ ਦੇ ਮੁਕਾਬਲੇ ਮਜ਼ਬੂਤ ਰਿਹਾ ਹੈ, ਪਰ ਪਿਛਲੇ ਕੁਝ ਹਫ਼ਤਿਆਂ ਦੌਰਾਨ ਇਸ ਦੇ ਮੁਕਾਬਲੇ ਲੂਨੀ ਦੀ ਸਥਿਤੀ ਕਮਜ਼ੋਰ ਹੋਈ ਹੈ। ਉਨ੍ਹਾਂ ਕਿਹਾ ਕਿ ਬੈਂਕ ਆਫ਼ ਕੈਨੇਡਾ ਵੱਲੋਂ ਜ਼ਬਰਦਸਤ ਵਿਆਜ ਦਰ ਕਟੌਤੀਆਂ, ਟਰੰਪ ਦੀਆਂ ਟੈਰਿਫ਼ ਧਮਕੀਆਂ ਅਤੇ ਫਿਰ ਵਿੱਤ ਮੰਤਰੀ ਦਾ ਅਸਤੀਫ਼ਾ ਵੀ ਕੁਝ ਹੱਦ ਤੱਕ ਕਾਰਨ ਰਿਹਾ ਹੈ। ਉਨ੍ਹਾਂ ਕਿਹਾ ਕਿ ਜਦੋਂ ਤੱਕ ਟੈਰਿਫ਼ ਦੇ ਮਾਮਲੇ ਵਿਚ ਕੋਈ ਰਾਹਤ ਨਹੀਂ ਮਿਲਦੀ, ਜਾਂ ਕੋਈ ਹੋਰ ਚੰਗੀ ਆਰਥਿਕ ਖ਼ਬਰ ਨਹੀਂ ਆਉਂਦੀ, ਉਦੋਂ ਤੱਕ ਉਨ੍ਹਾਂ ਨੂੰ ਨਹੀਂ ਲੱਗਦਾ ਕਿ ਨੇੜ ਭਵਿੱਖ ਵਿਚ ਲੂਨੀ ਦੀ ਸਥਿਤੀ ਮਜ਼ਬੂਤ ਹੋਵੇਗੀ।

Corpay ਦੇ ਚੀਫ਼ ਮਾਰਕੀਟ ਸਟ੍ਰੈਟਜਿਸਟ, ਕਾਰਲ ਸ਼ਾਮੌਟਾ ਨੇ ਕਿਹਾ ਕਿ ਨਿਵੇਸ਼ਕਾਂ ਨੂੰ ਟਰੰਪ ਵੱਲੋਂ ਇਸ ਧਮਕੀ ਨੂੰ ਅਮਲੀ ਜਾਮਾ ਪਹਿਨਾਏ ਜਾਣ ਦੀ ਉਮੀਦ ਨਹੀਂ ਹੈ। ਕਾਰਲ ਨੇ ਕਿਹਾ ਕਿ ਵਪਾਰੀਆਂ ਵੱਲੋਂ ਇੱਕ ਹੋਰ ਸੂਖਮ ਦ੍ਰਿਸ਼ਟੀਕੋਣ ਤੋਂ ਸਥਿਤੀ ਦਾ ਮੁਲਾਂਕਣ ਕਰਨ ਤੋਂ ਬਾਅਦ ਕੈਨੇਡੀਅਨ ਡਾਲਰ ਮਾੜਾ ਮੋਟਾ ਉੱਪਰ ਵੱਲ ਜਾ ਸਕਦਾ ਹੈ। ਹਾਲਾਂਕਿ ਇੱਕ ਕਮਜ਼ੋਰ ਕੈਨੇਡੀਅਨ ਡਾਲਰ ਇਸ ਹਫ਼ਤੇ ਬਲੈਕ ਫ੍ਰਾਈਡੇ 'ਤੇ ਸਰਹੱਦ ਪਾਰ ਖ਼ਰੀਦਦਾਰੀ ਕਰਨ ਦੀ ਕੋਸ਼ਿਸ਼ ਕਰ ਰਹੇ ਕੈਨੇਡੀਅਨਜ਼ ਲਈ ਲਾਗਤਾਂ ਨੂੰ ਵਧਾਉਂਦਾ ਹੈ, ਪਰ ਇਹ ਅਮਰੀਕੀ ਡਾਲਰਾਂ ਵਾਲੇ ਖ਼ਰੀਦਦਾਰਾਂ ਲਈ ਕੈਨੇਡੀਅਨ ਵਸਤੂਆਂ ਨੂੰ ਵੀ ਸਸਤਾ ਬਣਾਉਂਦਾ ਹੈ। ਘੱਟ ਲੂਨੀ ਦਾ ਮਤਲਬ ਹੈ ਕਿ ਵਿਦੇਸ਼ ਯਾਤਰਾ ਕੈਨੇਡੀਅਨਾਂ ਲਈ ਵਧੇਰੇ ਮਹਿੰਗੀ ਹੋ ਸਕਦੀ ਹੈ।

# ਵੱਡਾ ਹਾਦਸਾ; ਯਾਤਰੀਆਂ ਨੂੰ ਲਿਜਾ ਰਹੀ ਕਿਸ਼ਤੀ ਪਲਟੀ, 25 ਲੋਕਾਂ ਦੀ ਮੌਤ, ਕਈ ਲਾਪਤਾ

ਕਿਨਸ਼ਾਸਾ/ਕਾਂਗੋ : ਅਫ਼ਰੀਕੀ ਦੇਸ਼ ਕਾਂਗੋ ਵਿੱਚ ਮੰਗਲਵਾਰ ਨੂੰ ਯਾਤਰੀਆਂ ਨੂੰ ਲਿਜਾ ਰਹੀ ਇੱਕ ਕਿਸ਼ਤੀ ਦੇ ਨਦੀ ਵਿੱਚ ਪਲਟ ਜਾਣ ਕਾਰਨ ਘੱਟੋ-ਘੱਟ 25 ਲੋਕਾਂ ਦੀ ਮੌਤ ਹੋ ਗਈ ਅਤੇ ਕਈ ਲੋਕ ਲਾਪਤਾ ਹਨ। ਅਧਿਕਾਰੀਆਂ ਅਤੇ ਸਥਾਨਕ ਨਿਵਾਸੀਆਂ ਨੇ ਇਹ ਜਾਣਕਾਰੀ ਦਿੱਤੀ। ਦੱਸਿਆ ਜਾ ਰਿਹਾ ਹੈ ਕਿ ਕਾਂਗੋ ਦੀ ਰਾਜਧਾਨੀ ਕਿਨਸ਼ਾਸਾ ਦੇ ਉੱਤਰ-ਪੂਰਬ 'ਚ ਸਥਿਤ ਇਨੋਂਗੋ ਸ਼ਹਿਰ ਤੋਂ ਰਵਾਨਾ ਹੋਈ ਇਸ ਕਿਸ਼ਤੀ 'ਚ 100 ਤੋਂ ਜ਼ਿਆਦਾ ਯਾਤਰੀ ਸਵਾਰ ਸਨ। ਇਹ ਹਾਦਸਾ ਫਿਮੀ ਨਦੀ 'ਚ ਵਾਪਰਿਆ। ਲਾਪਤਾ ਲੋਕਾਂ ਦੀ ਭਾਲ ਲਈ ਮੰਗਲਵਾਰ ਨੂੰ ਮੁਹਿੰਮ ਸ਼ੁਰੂ ਕੀਤੀ ਗਈ। ਮਰਨ ਵਾਲਿਆਂ ਦੀ ਗਿਣਤੀ ਵਧਣ ਦਾ ਖਦਸ਼ਾ ਹੈ। ਇਨੋਂਗੋ ਦੇ 'ਰਿਵਰ ਕਮਿਸ਼ਨਰ' ਡੇਵਿਡ ਕਾਲੇਮਬਾ ਨੇ ਕਿਹਾ, "ਕਿਸ਼ਤੀ ਵਿਚ ਸਮਰੱਥਾ ਤੋਂ ਵੱਧ ਯਾਤਰੀ ਸਵਾਰ ਸਨ। ਹੁਣ ਤੱਕ ਘੱਟੋ-ਘੱਟ 25 ਲਾਸ਼ਾਂ ਬਰਾਮਦ ਕੀਤੀਆਂ ਜਾ ਚੁੱਕੀਆਂ ਹਨ।' ਇਲਾਕਾ ਨਿਵਾਸੀ ਅਲੈਕਸ ਮੁੰਬਾ ਮੁਤਾਬਕ ਕਿਸ਼ਤੀ 'ਚ ਕਾਫੀ ਸਾਮਾਨ ਵੀ ਸੀ। ਮੁੰਬਾ ਨੇ ਕਿਹਾ, "ਮ੍ਰਿਤਕਾਂ ਵਿੱਚ ਬੱਚੇ ਵੀ ਸ਼ਾਮਲ ਹਨ, ਪਰ ਇਸ ਸਮੇਂ ਮ੍ਰਿਤਕਾਂ ਦੀ ਸਹੀ ਗਿਣਤੀ ਦੱਸਣਾ ਮੁਸ਼ਕਲ ਹੈ ਕਿਉਂਕਿ ਕਿਸ਼ਤੀ ਵਿੱਚ ਬਹੁਤ ਸਾਰੇ ਯਾਤਰੀ ਸਨ।"

REXDALE Financial Services
ਪੰਜਾਬੀਆਂ ਦਾ ਆਪਣਾ ਲੋਨ ਦਾ ਡੀਪੂ
Tired Of Paying High Interest?
PAY OFF YOUR DEBTS!!!
BANKS SAY NO? WE SAY YES !
YOU NEED A MORTGAGE ?
WE'LL ARRANGE IT FOR YOU
NO MATTER WHAT YOUR REASON IS !
Increase Your Cash Flow by Upto 50%
SELF-EMPLOYED OR UN-EMPLOYED
Some Conditions Apply
Dir: 416-677-0047
NO CREDIT ANY CREDIT
Office: 416-674-7050
Fax: 416-674-9009
EMail:paulgahunia@hotmail com
Jaspal Singh Gahunia
# M08006400
Lic # 10686
19 Woodbine Downs Blvd., Suite#201, Etobicoke, ON. M9W 6N5
The Mortgage Centre

# ਪੇਜ ਇੱਕ ਦੀ ਬਾਕੀ

## ਚੱਕਰਵਾਤ ਚਿਡੋ ਕਾਰਨ ...

ਹੋਏ ਹਨ ਜਦਕਿ ਮੰਗਲਵਾਰ ਨੂੰ 16 ਲੋਕ ਜ਼ਖਮੀ ਹੋਏ ਸਨ। ਕਾਲੇਮਬਾ ਨੇ ਕਿਹਾ ਕਿ ਪ੍ਰਭਾਵਿਤ ਪਰਿਵਾਰਾਂ ਦੀ ਕੁੱਲ ਗਿਣਤੀ ਵਧ ਕੇ 10,159 ਹੋ ਗਈ ਹੈ, ਜਿਸ ਨਾਲ ਲਗਭਗ 45,162 ਲੋਕ ਸ਼ਾਮਲ ਹਨ। ਇਨ੍ਹਾਂ ਵਿੱਚੋਂ 227 ਲੋਕ ਬੇਘਰ ਹੋ ਗਏ ਹਨ। ਮੰਗਲਵਾਰ ਤੱਕ ਚੱਕਰਵਾਤ ਮਲਾਵੀ ਤੋਂ ਨਿਕਲਣ ਤੋਂ ਪਹਿਲਾਂ ਤਬਾਹੀ ਦੀ ਇਕ ਭਿਆਨਕ ਮੰਜ਼ਰ ਪਿੱਛੇ ਛੱਡ ਗਿਆ।

ਨਿਊਜ਼ ਏਜੰਸੀ ਨੇ ਦੱਸਿਆ ਕਿ ਯੋਧੰਮ, ਵੱਖ-ਵੱਖ ਮਾਨਵਤਾਵਾਦੀ ਭਾਈਵਾਲਾਂ ਦੇ ਸਹਿਯੋਗ ਨਾਲ, ਪ੍ਰਭਾਵਿਤ ਭਾਈਚਾਰਿਆਂ ਨੂੰ ਰਾਹਤ ਸਹਾਇਤਾ ਪ੍ਰਦਾਨ ਕਰ ਰਿਹਾ ਹੈ। ਚੱਕਰਵਾਤ ਨੇ ਆਪਣੇ ਰਸਤੇ ਵਿਚ ਆਏ ਘਰਾਂ ਦੀਆਂ ਛੱਤਾਂ ਉਡਾ ਦਿੱਤੀਆਂ ਤੇ ਬੁਨਿਆਦੀ ਢਾਂਚਿਆਂ ਨੂੰ ਵੀ ਭਾਰੀ ਨੁਕਸਾਨ ਪਹੁੰਚਾਇਆ।

ਚੱਕਰਵਾਤ ਚਿਡੋ ਇੱਕ ਅਜਿਹੀ ਮੌਸਮ ਗੜਬੜੀ ਹੈ ਜੋ ਸਮੁੰਦਰ ਦੇ ਉੱਪਰ ਘੱਟ ਹਵਾ ਦੇ ਦਬਾਅ ਕਾਰਨ ਪੈਦਾ ਹੁੰਦਾ ਹੈ, ਜਿਸ ਵਿਚ ਹਵਾਵਾ ਗਰਮ ਹੋ ਕੇ ਉੱਪਰ ਉੱਠਦੀਆਂ ਹਨ ਤੇ ਹੌਲੀ ਹੌਲੀ ਚੱਕਰਵਾਤ ਦਾ ਰੂਪ ਧਾਰਨ ਕਰ ਜਾਂਦੀਆਂ ਹਨ। ਇਸ ਦੌਰਾਨ ਕਦੇ ਕਦੇ ਹਵਾਵਾਂ 100 ਕਿਲੋਮੀਟਰ ਪ੍ਰਤੀ ਘੰਟਾ ਦੀ ਰਫਤਾਰ ਨੂੰ ਵੀ ਪਾਰ ਕਰ ਜਾਂਦੀਆਂ ਹਨ।

## ਸੁਨੀਤਾ ਵਿਲੀਅਮਜ਼...

ਲਿਆਉਣ ਲਈ ਨਵਾਂ ਕੈਪਸੂਲ ਬਣਾਉਣਾ ਹੋਵੇਗਾ। ਸਪੇਸਐਕਸ ਨੂੰ ਇਸ ਨੂੰ ਬਣਾਉਣ 'ਚ ਸਮਾਂ ਲੱਗੇਗਾ, ਜਿਸ ਕਾਰਨ ਮਿਸ਼ਨ 'ਚ ਦੇਰੀ ਹੋਵੇਗੀ। ਬੋਇੰਗ ਦੀ ਪਹਿਲੀ ਪੁਲਾੜ ਯਾਤਰੀ ਉਡਾਣ 'ਚ ਦੋਵੇਂ ਪਰੀਖਣ ਪਾਇਲਟਾਂ ਨੇ 5 ਜੂਨ ਨੂੰ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਲਈ ਉਡਾਣ ਭਰੀ ਸੀ। ਬੋਇੰਗ ਨੇ ਉਨ੍ਹਾਂ ਨੂੰ ਪੁਲਾੜ ਸਟੇਸ਼ਨ 'ਤੇ ਛੱਡਣ ਅਤੇ ਧਰਤੀ 'ਤੇ ਵਾਪਿਸ ਆਉਣ ਤੋਂ ਬਾਅਦ ਦੋਵਾਂ ਨੂੰ ਸਿਰਫ ਇਕ ਹਫਤੇ ਲਈ ਉਥੇ ਰਹਿਣ ਦੀ ਯੋਜਨਾ ਬਣਾਈ ਗਈ ਸੀ, ਪਰ ਤਕਨੀਕੀ ਅਤੇ ਸਮਾਂ-ਸਾਰਣੀ ਦੀਆਂ ਸਮੱਸਿਆਵਾਂ ਕਾਰਨ ਉਨ੍ਹਾਂ ਦੇ ਮਿਸ਼ਨ ਨੂੰ ਕਈ ਵਾਰ ਵਧਾਇਆ ਗਿਆ ਹੈ।

## ਭਾਰਤ ਨੂੰ ਲੱਗ ਸਕਦੈ...

ਸਮਾਨ 'ਤੇ ਟੈਕਸ ਲਵੇਗਾ। ਡੋਨਾਲਡ ਟਰੰਪ ਦਾ ਟੈਕਸ-ਸਬੰਧਤ ਬਿਆਨ ਚੀਨ, ਮੈਕਸੀਕੋ ਅਤੇ ਕੈਨੇਡਾ ਸਮੇਤ ਪ੍ਰਮੁੱਖ ਅਮਰੀਕੀ ਭਾਈਵਾਲਾਂ ਨਾਲ ਵਪਾਰਕ ਸਬੰਧਾਂ 'ਤੇ ਵਿਆਪਕ ਗੱਲਬਾਤ ਦੇ ਦੌਰਾਨ ਆਇਆ ਹੈ। ਇਹ ਵੀ ਸਪੱਸ਼ਟ ਹੈ ਕਿ ਟੈਰਿਫ਼ ਦਾ ਮੁੱਦਾ ਲੰਮੇਂ ਸਮੇਂ ਤੋਂ ਅਮਰੀਕਾ-ਭਾਰਤ ਵਪਾਰਕ ਸਬੰਧਾਂ ਵਿਚ ਚਰਚਾ ਦਾ ਵਿਸ਼ਾ ਰਿਹਾ ਹੈ। ਅਜਿਹੇ 'ਚ ਟਰੰਪ ਦਾ ਇਹ ਬਿਆਨ ਉਨ੍ਹਾਂ ਦੇ ਨਵੇਂ ਕਾਰਜਕਾਲ ਦੌਰਾਨ ਸਖ਼ਤ ਰੁਖ ਦੇ ਸੰਕੇਤ ਦੇ ਰਿਹਾ ਹੈ।

ਇਸ ਦੌਰਾਨ, ਉਨ੍ਹਾਂ ਅਮਰੀਕੀ ਵਸਤੂਆਂ ਦੀ ਦਰਾਮਦ 'ਤੇ ਲਗਾਏ ਗਏ ਉੱਚ ਟੈਕਸ (ਉੱਚ ਟੈਰਿਫ਼) ਦੇ ਜਵਾਬ ਵਿਚ ਸਾਰੇ ਦੇਸ਼ਾਂ ਦੁਆਰਾ ਅਮਰੀਕੀ ਵਸਤੂਆਂ ਦੀ ਦਰਾਮਦ 'ਤੇ ਇਕ ਸਮਾਨ ਉੱਚ ਟੈਕਸ ਲਗਾਉਣ ਦੇ ਅਪਣੇ ਇਰਾਦੇ ਨੂੰ ਦੁਹਰਾਇਆ। ਮੀਡੀਆ ਨਾਲ ਗੱਲਬਾਤ ਦੌਰਾਨ ਟਰੰਪ ਨੇ ਕਿਹਾ ਕਿ ਜੇਕਰ ਕੋਈ ਸਾਡੇ 'ਤੇ ਟੈਕਸ ਲਾਉਂਦਾ ਹੈ ਤਾਂ ਅਸੀਂ ਵੀ ਉਨ੍ਹਾਂ 'ਤੇ ਉਹੀ ਟੈਕਸ ਲਗਾਵਾਂਗੇ। ਜੇਕਰ ਭਾਰਤ ਸਾਡੇ 'ਤੇ ਟੈਕਸ ਲਵੇਗਾ ਤਾਂ ਅਸੀਂ ਵੀ ਉਨ੍ਹਾਂ 'ਤੇ ਟੈਕਸ ਲਗਾਵਾਂਗੇ। ਉਹ ਲਗਭਗ ਹਰ ਚੀਜ਼ 'ਤੇ ਟੈਕਸ ਲਗਾਉਂਦੇ ਹਨ ਪਰ ਅਸੀਂ ਉਨ੍ਹਾਂ 'ਤੇ ਟੈਕਸ ਨਹੀਂ ਲਗਾ ਰਹੇ ਹਾਂ।

## ਅਮਰੀਕਾ 'ਚ ਇਮੀਗ੍ਰੇਸ਼ਨ...

ਬਿਨੈਕਾਰਾਂ ਦਾ ਫਾਇਦਾ ਹੋ ਸਕਦਾ ਹੈ। ਬਿੱਲ ਵਿਚ ਪਰਿਵਾਰਕ ਏਕਤਾ ਨੂੰ ਪਹਿਲ ਦਿੱਤੀ ਗਈ ਹੈ। ਇਸ ਤੋਂ ਇਲਾਵਾ ਬੱਚਿਆਂ ਨੂੰ ਉਮਰ ਹੱਦ ਪਾਰ ਹੋਣ ਤੋਂ ਪਹਿਲਾਂ ਹੀ ਅਮਰੀਕਾ ਲਿਆਇਆ ਜਾ ਸਕੇਗਾ। ਇਸ ਬਿੱਲ ਅਨੁਸਾਰ ਜੀਵਨ ਸਾਥੀ, 21 ਸਾਲ ਤੋਂ ਘੱਟ ਉਮਰ ਦੇ ਬੱਚੇ ਅਤੇ ਅਮਰੀਕਾ ਦੇ ਗਰੀਨ ਕਾਰਡ ਹੋਲਡਰ ਦੇ ਮਾਪਿਆਂ ਲਈ ਵੀ ਫਾਇਦਾ ਹੋ ਸਕਦਾ ਹੈ। ਇਸ ਬਿੱਲ ਦੇ ਬਣਨ ਨਾਲ ਇਮੀਗ੍ਰੇਸ਼ਨ ਦੇ ਕੰਮਾਂ ਵਿਚ ਇਕੱਠਾ ਹੋਇਆ ਬੈਕਲਾਗ ਖਤਮ ਹੋਣ ਦੀ ਸੰਭਾਵਨਾ ਵਧ ਜਾਵੇਗੀ ਅਤੇ ਲੰਮੇ ਸਮੇਂ ਤੋਂ ਪਰਿਵਾਰਕ ਵੀਜ਼ਿਆਂ ਦੀ ਉਡੀਕ ਕਰ ਰਹੇ ਲੋਕਾਂ ਨੂੰ ਬਹੁਤ ਜ਼ਿਆਦਾ ਫਾਇਦਾ ਹੋਣ ਵਾਲਾ ਹੈ।

ਅਮਰੀਕੀ ਵਿਦੇਸ਼ ਵਿਭਾਗ ਅਨੁਸਾਰ 10 ਲੱਖ ਤੋਂ ਵਧ ਭਾਰਤੀ ਗਰੀਨ ਕਾਰਡਾਂ ਦੀ ਉਡੀਕ ਕਰ ਰਹੇ ਹਨ। ਇਹ ਬਿਨੈਕਾਰ ਪਰਿਵਾਰਕ ਅਰਜ਼ੀਆਂ ਨਾਲ ਸੰਬੰਧਤ ਹਨ। ਇਕ ਰਿਪੋਰਟ ਅਨੁਸਾਰ ਇਸ ਵੇਲੇ ਵਿਸ਼ਵ ਭਰ ਦੇ ਪਰਿਵਾਰਕ ਵੀਜ਼ਿਆਂ ਲਈ ਵੱਡੀ ਗਿਣਤੀ ਅਰਜ਼ੀਆਂ ਬਕਾਇਆ ਪਈਆਂ ਹਨ। ਸਭ ਤੋਂ ਜ਼ਿਆਦਾ ਅਰਜ਼ੀਆਂ ਐੱਫ4 ਵੀਜ਼ਾ ਲਈ ਯਾਨੀ ਕਿ ਅਮਰੀਕੀ ਨਾਗਰਿਕਾਂ ਦੇ ਭੈਣ-ਭਰਾ ਲਈ ਬਕਾਇਆ ਪਈਆਂ ਹਨ। ਇਸ ਵਿਚ ਵਿਸ਼ਵ ਭਰ ਤੋਂ 22 ਲੱਖ ਦੇ ਕਰੀਬ ਬਿਨੈਕਾਰ ਉਡੀਕ ਕਰ ਰਹੇ ਹਨ। ਅਮਰੀਕੀ ਨਾਗਰਿਕਾਂ ਦੇ ਵਿਆਹੇ ਬੱਚਿਆਂ ਦੀ ਗਿਣਤੀ 6 ਲੱਖ ਦੇ ਕਰੀਬ ਹੈ। ਗਰੀਨ ਕਾਰਡ ਹੋਲਡਰ ਦੇ ਅਣਵਿਆਹੇ ਬਾਲਗ ਬੱਚਿਆਂ ਦੇ ਬਿਨੈਕਾਰਾਂ ਦੀ ਗਿਣਤੀ 4 ਲੱਖ ਦੇ ਕਰੀਬ ਹੈ। ਗਰੀਨ ਕਾਰਡ ਹੋਲਡਰ ਦੇ ਜੀਵਨ ਸਾਥੀ ਅਤੇ ਬੱਚਿਆਂ ਲਈ ਸਾਢੇ 3 ਲੱਖ ਦੇ ਕਰੀਬ ਅਰਜ਼ੀਆਂ ਪੈਂਡਿੰਗ ਪਈਆਂ ਹਨ। ਜਦਕਿ ਅਮਰੀਕੀ ਨਾਗਰਿਕਾਂ ਦੇ ਅਣਵਿਆਹੇ ਬੱਚਿਆਂ ਲਈ 2 ਲੱਖ 60 ਹਜ਼ਾਰ ਤੋਂ ਵੱਧ ਬਿਨੈਕਾਰਾਂ ਨੇ ਆਪਣੀਆਂ ਅਰਜ਼ੀਆਂ ਪਾਈਆਂ ਹੋਈਆਂ ਹਨ।

ਜੇ ਇਹ ਬਿੱਲ ਪਾਸ ਹੋ ਜਾਂਦਾ ਹੈ, ਤਾਂ ਉਡੀਕ ਸਮੇਂ ਵਿਚ ਕਾਫੀ ਰਾਹਤ ਮਿਲਣ ਵਾਲੀ ਹੈ। ਦੋਵੇਂ ਸੈਨੇਟ ਮੈਂਬਰਾਂ ਨੇ ਉਮੀਦ ਜ਼ਾਹਿਰ ਕੀਤੀ ਹੈ ਕਿ ਮਨੁੱਖੀ ਅਧਿਕਾਰ ਦੇ ਮੱਦੇਨਜ਼ਰ ਇਸ ਬਿੱਲ ਨੂੰ ਭਾਰੀ ਬਹੁਮਤ ਨਾਲ ਪਾਸ ਕੀਤਾ ਜਾਵੇ।

## ਕੈਨੇਡਾ: ਘੱਟਗਿਣਤੀ ਟਰੂਡੋ...

ਦਾ ਕੀਤਾ ਵਾਅਦਾ ਪੂਰਾ ਕਰਨ ਲਈ ਸਰਕਾਰ ਕੋਲ ਵਿੱਤੀ ਪ੍ਰਬੰਧਾਂ ਦੀ ਘਾਟ ਮੰਨਿਆ ਜਾ ਰਿਹਾ ਹੈ। ਸੰਸਦੀ ਇਜਲਾਸ ਵਿੱਚ ਬੀਤੇ ਦਿਨ ਦਿੱਤੀ ਜਾਣ ਵਾਲੀ ਤਾਜ਼ਾ ਵਿੱਤੀ ਜਾਣਕਾਰੀ ਵਿੱਚ ਇਸ 250 ਡਾਲਰ ਦੇ ਵਾਅਦੇ ਦਾ ਕੋਈ ਜ਼ਿਕਰ ਨਹੀਂ ਸੀ, ਕਿਉਂਕਿ ਬਜਟ ਘਾਟਾ ਪਹਿਲਾਂ ਹੀ 62 ਅਰਬ 'ਤੇ ਪਹੁੰਚ ਚੁੱਕਾ ਹੈ। ਇਹ ਵੀ ਪਤਾ ਲੱਗਾ ਹੈ ਕਿ ਘੱਟ ਗਿਣਤੀ ਸਰਕਾਰ ਕੋਲ ਇਸ ਵਿੱਤੀ ਬਿੱਲ ਨੂੰ ਪਾਸ ਕਰਨ ਲਈ ਸੰਸਦ ਵਿੱਚ ਕਿਸੇ ਹੋਰ ਪਾਰਟੀ ਦਾ ਭਰੋਸਾ ਵੀ ਨਹੀਂ ਹੈ। ਅਮਰੀਕਾ ਦੇ ਅਹੁਦਾ ਸੰਭਾਲਣ ਜਾ ਰਹੇ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ 25 ਫੀਸਦ ਟੈਰਿਫ ਤੇ ਸਰਹੱਦੀ ਸੁਰੱਖਿਆ ਬਾਰੇ ਕਹਿਣ ਤੋਂ ਬਾਅਦ ਕੈਨੇਡਾ ਨੂੰ ਸੀਮਾ ਸੁਰੱਖਿਆ ਦੀ ਮਜ਼ਬੂਤੀ ਲਈ ਆਧੁਨਿਕ ਸਮੱਗਰੀ ਅਤੇ ਨਫਰੀ ਵਧਾਉਣ ਲਈ ਅਚਾਨਕ ਇੱਕ ਅਰਬ ਡਾਲਰ ਤੋਂ ਵੱਧ ਦਾ ਪ੍ਰਬੰਧ ਕਰਨਾ ਪਿਆ ਹੈ।

**77 ਫ਼ੀਸਦ ਜਨਤਾ ਫੌਰੀ ਚੋਣਾਂ ਕਰਾਉਣ ਦੇ ਹੱਕ 'ਚ**

ਭਰੋਸੇਯੋਗ ਸੰਸਥਾ ਵੱਲੋਂ ਕੀਤੇ ਗਏ ਸਰਵੇਖਣ ਅਨੁਸਾਰ 77 ਫੀਸਦ ਕੈਨੇਡਿਆਈ ਲੋਕਾਂ ਨੇ ਤੁਰੰਤ ਚੋਣਾਂ ਕਰਵਾ ਕੇ ਦੇਸ਼ ਦੀ ਸੱਤਾ ਹੋਰ ਪਾਰਟੀ ਦੇ ਹੱਥ ਸੌਂਪਣ ਦੀ ਇੱਛਾ ਜ਼ਾਹਿਰ ਕੀਤੀ ਹੈ। ਸਤੰਬਰ 'ਚ ਇਸੇ ਸੰਸਥਾ ਵੱਲੋਂ ਕੀਤੇ ਸਰਵੇਖਣ ਅਨੁਸਾਰ ਜਸਟਿਨ ਟਰੂਡੋ ਦੀ ਹਰਮਨਪਿਆਰਤਾ 5 ਫੀਸਦ ਹੋਰ ਘੱਟ ਕੇ 21 ਫੀਸਦ ਰਹਿ ਗਈ ਹੈ, ਜਦਕਿ ਟੋਰੀ ਆਗੂ ਪੀਅਰ ਪੋਲੀਵਰ ਦੀ ਪ੍ਰਧਾਨ ਮੰਤਰੀ ਵਜੋਂ ਲੋਕਪ੍ਰਿਅਤਾ 77 ਫੀਸਦ 'ਤੇ ਜਾ ਪਹੁੰਚੀ ਹੈ। ਲਿਬਰਲ ਪਾਰਟੀ ਨੂੰ ਲੱਗਣ ਵਾਲੇ ਦੇ ਖੋਰੇ ਦਾ ਝੁਕਾਅ ਜਗਮੀਤ ਸਿੰਘ ਦੀ ਅਗਵਾਈ ਵਾਲੀ ਐੱਨਡੀਪੀ ਵੱਲ ਹੋਣ ਦੀ ਗੱਲ ਕਹੀ ਜਾ ਰਹੀ ਹੈ।

## ਟਰੂਡੋ ਦੇਣਗੇ ਅਸਤੀਫ਼ਾ...

ਨਵਾਂ ਲਿਬਰਲ ਆਗੂ ਹੀ ਕੈਨੇਡੀਅਨਜ਼ ਅੱਗੇ ਨਵੀਆਂ ਨੀਤੀਆਂ ਪੇਸ਼ ਕਰ ਸਕਦਾ ਹੈ। ਅਤੀਤ ਵਿਚ ਟਰੂਡੋ ਤੋਂ ਸ਼ਰ੍ਹੇਆਮ ਅਸਤੀਫ਼ਾ ਮੰਗ ਚੁੱਕੇ ਕੁਝ ਲਿਬਰਲ ਐਮ.ਪੀਜ਼ ਨੇ ਕਿਹਾ ਕਿ ਪ੍ਰਧਾਨ ਮੰਤਰੀ ਦੀ ਮਿਆਦ ਪੁੱਗ ਚੁੱਕੀ ਹੈ ਅਤੇ ਜੇ ਉਹ ਹੁਣ ਵੀ ਅਹੁਦੇ 'ਤੇ ਕਾਇਮ ਰਹਿੰਦੇ ਹਨ ਤਾਂ ਵੱਡਾ ਸਵਾਲ ਪੈਦਾ ਹੁੰਦਾ ਹੈ। ਦੂਜੇ ਪਾਸੇ ਟਰੂਡੋ ਦੀ ਲੀਡਰਸ਼ਿਪ ਬਾਰੇ ਗੁਪਤ ਵੋਟਿੰਗ ਕਰਵਾਉਣ ਦਾ ਸੁਝਾਅ ਦੇ ਚੁੱਕੀ ਲਿਬਰਲ ਐਮ.ਪੀ. ਹੈਲੇਨਾ ਜੈਚੈਕ ਨੇ ਕਿਹਾ ਕਿ ਸਾਡੀਆਂ ਰਾਈਡਿੰਗਜ਼ ਦੇ ਵੋਟਰ ਸਾਨੂੰ ਸੁਣਨ ਵਾਸਤੇ ਤਿਆਰ ਨਹੀਂ ਕਿਉਂਕਿ ਲਿਬਰਲ ਪਾਰਟੀ ਦੀਆਂ ਨੀਤੀਆਂ ਉਸਾਰੂ ਤਰੀਕੇ ਨਾਲ ਲੋਕਾਂ ਤੱਕ ਨਹੀਂ ਪਹੁੰਚ ਰਹੀਆਂ। ਪ੍ਰਧਾਨ ਮੰਤਰੀ ਵਿਚ ਉਹ ਚੀਜ਼ ਨਜ਼ਰ ਨਹੀਂ ਆਉਂਦੀ ਜੋ ਇਕ ਆਗੂ ਵਿਚ ਹੋਣੀ ਚਾਹੀਦੀ ਹੈ ਜਿਸ ਦੇ ਮੱਦੇਨਜ਼ਰ ਅਗਲੀਆਂ ਚੋਣਾਂ ਵਾਸਤੇ ਇਕ ਨਵਾਂ ਪਲੈਟਫਾਰਮ ਤਿਆਰ ਕਰਨਾ ਹੋਵੇਗਾ। ਇਸ ਦੇ ਉਲਟ ਕੁਝ ਆਗੂਆਂ ਵੱਲੋਂ ਹੁਣ ਵੀ ਟਰੂਡੋ ਦੀ ਲੀਡਰਸ਼ਿਪ 'ਤੇ ਭਰੋਸਾ ਜ਼ਾਹਰ ਕੀਤਾ ਗਿਆ। ਉਦਯੋਗ ਮੰਤਰੀ ਫਰਾਂਸਵਾ ਫਿਲਿਪ ਸ਼ੈਂਪੇਨ ਅਤੇ ਫੈਡਰਲ ਸਰਕਾਰ ਦੀ ਚੀਫ਼ ਵ੍ਹਿਪ ਰੂਬੀ ਸਹੋਤਾ ਨੇ ਕਿਹਾ ਕਿ ਟਰੂਡੋ ਨੂੰ ਹੁਣ ਵੀ ਪਾਰਟੀ ਵਿਚ ਮੁਕੰਮਲ ਹਮਾਇਤ ਹਾਸਲ ਹੈ। ਦੂਜੇ ਪਾਸੇ ਕਲੋਵਰਡੇਲ-ਲੈਂਗਲੀ ਸਿਟੀ ਰਾਈਡਿੰਗ ਦੀ ਜ਼ਿਮਨੀ ਚੋਣ ਦਾ ਨਤੀਜਾ ਟਰੂਡੋ ਦੀ ਡਿੱਗ ਚੁੱਕੀ ਮਕਬੂਲੀਅਤ ਵੱਲ ਇਸ਼ਾਰਾ ਕਰ ਰਿਹਾ ਹੈ। 2021 ਵਿਚ ਇਹ ਸੀਟ ਲਿਬਰਲ ਪਾਰਟੀ ਨੇ ਜਿੱਤੀ ਸੀ ਪਰ ਇਸ ਵਾਰ 40 ਫੀ ਸਦੀ ਵੋਟਾਂ ਦੇ ਫ਼ਰਕ ਨਾਲ ਹਾਰ ਦਾ ਸਾਹਮਣਾ ਕਰਨਾ ਪਿਆ।

## ਕੈਨੇਡਾ ਨੇ ਐਕਸਪ੍ਰੈਸ ਐਂਟਰੀ ...

**ਧੋਖਾਧੜੀ ਦਾ ਮੁਕਾਬਲਾ ਕਰਨਾ:** ਸਰਕਾਰ ਨੇ ਸਿਸਟਮ ਦੀ ਦੁਰਵਰਤੋਂ 'ਤੇ ਚਿੰਤਾ ਜ਼ਾਹਿਰ ਕੀਤੀ ਹੈ, ਖਾਸ ਤੌਰ 'ਤੇ ਲ਼ੀਅ-ਬੈਕਡ ਨੌਕਰੀ ਦੀਆਂ ਪੇਸ਼ਕਸ਼ਾਂ ਨੂੰ ਸ਼ਾਮਲ ਕਰਨ ਵਾਲੀਆਂ ਧੋਖਾਧੜੀ ਵਾਲੀਆਂ ਗਤੀਵਿਧੀਆਂ ਦੇ ਸਬੰਧ ਵਿੱਚ। ਇਕਸਾਰਤਾ ਨੂੰ ਵਧਾਉਣਾ: ਇਹਨਾਂ ਨੂੰ ਖ਼ਤਮ ਕਰਨ ਦੇ ਫੈਸਲੇ ਦਾ ਉਦੇਸ਼ ਨਿਰਪੱਖਤਾ ਨੂੰ ਉਤਸ਼ਾਹਿਤ ਕਰਨਾ ਅਤੇ ਕੈਨੇਡੀਅਨ ਇਮੀਗ੍ਰੇਸ਼ਨ ਪ੍ਰਕਿਰਿਆ ਦੀ ਸਮੁੱਚੀ ਅਖੰਡਤਾ ਨੂੰ ਮਜ਼ਬੂਤ ਕਰਨਾ ਹੈ।

**ਦੁਰਵਿਵਹਾਰ ਨੂੰ ਰੋਕਣਾ:** ਲ਼ੀਅ ਪੁਆਇੰਟਾਂ ਨੂੰ ਹਟਾਉਣ ਨਾਲ ਉਹਨਾਂ ਦੇ ਫ਼ਸ਼ ਸਕੋਰਾਂ ਨੂੰ ਵਧਾਉਣ ਲਈ ਲ਼ੀਅ ਖਰੀਦਣ ਵਾਲੇ ਵਿਅਕਤੀਆਂ ਦੀ ਵੱਧ ਰਹੀ ਸਮੱਸਿਆ ਨੂੰ ਰੋਕਣ ਵਿੱਚ ਮਦਦ ਮਿਲੇਗੀ, ਇੱਕ ਅਭਿਆਸ ਜੋ ਇਮੀਗ੍ਰੇਸ਼ਨ ਪ੍ਰਣਾਲੀ ਦੀ ਭਰੋਸੇਯੋਗਤਾ ਨੂੰ ਕਮਜ਼ੋਰ ਕਰਦਾ ਹੈ।

**ਬਿਨੈਕਾਰਾਂ 'ਤੇ ਪ੍ਰਭਾਵ**

ਉਹਨਾਂ ਉਮੀਦਵਾਰਾਂ ਲਈ ਜੋ ਆਪਣੇ ਫ਼ਸ਼ ਸਕੋਰਾਂ ਨੂੰ ਵਧਾਉਣ ਲਈ ਲ਼ੀਅ-ਬੈਕਡ ਨੌਕਰੀ ਦੀਆਂ ਪੇਸ਼ਕਸ਼ਾਂ 'ਤੇ ਭਰੋਸਾ ਕਰ ਰਹੇ ਹਨ, ਇਹ ਤਬਦੀਲੀ ਰਣਨੀਤੀ ਵਿੱਚ ਇੱਕ ਮਹੱਤਵਪੂਰਨ ਤਬਦੀਲੀ ਨੂੰ ਦਰਸਾਉਂਦੀ ਹੈ। ਅੱਗੇ ਵਧਦੇ ਹੋਏ, ਬਿਨੈਕਾਰਾਂ ਨੂੰ ਐਕਸਪ੍ਰੈਸ ਐਂਟਰੀ ਪੂਲ ਵਿੱਚ ਪ੍ਰਤੀਯੋਗੀ ਬਣੇ ਰਹਿਣ ਲਈ ਹੋਰ ਕਾਰਕਾਂ, ਜਿਵੇਂ ਕਿ ਭਾਸ਼ਾ ਦੀ ਮੁਹਾਰਤ, ਸਿੱਖਿਆ ਅਤੇ ਕੰਮ ਦੇ ਤਜ਼ਰਬੇ 'ਤੇ ਜ਼ਿਆਦਾ ਧਿਆਨ ਦੇਣ ਦੀ ਲੋੜ ਹੋਵੇਗੀ।

**ਸਰਕਾਰ ਦੀ ਸਥਿਤੀ**

ਮੰਤਰੀ ਮਿਲਰ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਹ ਤਬਦੀਲੀ ਕੈਨੇਡਾ ਦੀ ਇਮੀਗ੍ਰੇਸ਼ਨ ਪ੍ਰਣਾਲੀ ਨੂੰ ਨਿਰਪੱਖ, ਪਾਰਦਰਸ਼ੀ ਅਤੇ ਭਰੋਸੇਮੰਦ ਬਣੇ ਰਹਿਣ ਨੂੰ ਯਕੀਨੀ ਬਣਾਉਣ ਲਈ ਸਰਕਾਰ ਦੇ ਚੱਲ ਰਹੇ ਯਤਨਾਂ ਦਾ ਹਿੱਸਾ ਹੈ। "ਧੋਖਾਧੜੀ ਅਤੇ ਦੁਰਵਿਵਹਾਰ ਦੇ ਮੌਕਿਆਂ ਨੂੰ ਘਟਾ ਕੇ, ਅਸੀਂ ਆਪਣੇ ਇਮੀਗ੍ਰੇਸ਼ਨ ਪ੍ਰੋਗਰਾਮਾਂ ਵਿੱਚ ਵਿਸ਼ਵਾਸ ਨੂੰ ਮਜ਼ਬੂਤ ਕਰ ਰਹੇ ਹਾਂ," ਮਿਲਰ ਨੇ ਇੱਕ ਪ੍ਰੈਸ ਰਿਲੀਜ਼ ਵਿੱਚ ਕਿਹਾ।

ਇਹ ਘੋਸ਼ਣਾ ਕੈਨੇਡਾ ਦੀ ਇਮੀਗ੍ਰੇਸ਼ਨ ਨੀਤੀ ਵਿੱਚ ਇੱਕ ਵੱਡੀ ਤਬਦੀਲੀ ਨੂੰ ਦਰਸਾਉਂਦੀ ਹੈ ਅਤੇ ਆਉਣ ਵਾਲੇ ਮਹੀਨਿਆਂ ਵਿੱਚ ਸੰਭਾਵੀ ਪ੍ਰਵਾਸੀਆਂ ਨੂੰ ਆਪਣੀ ਪਹੁੰਚ ਨੂੰ ਅਨੁਕੂਲ ਕਰਨ ਦੀ ਲੋੜ ਹੋਵੇਗੀ। ਸਰਕਾਰ ਨੂੰ ਉਮੀਦ ਹੈ ਕਿ ਇਸ ਕਦਮ ਨਾਲ ਲੋਕਾਂ ਦਾ ਵਿਸ਼ਵਾਸ ਬਹਾਲ ਹੋਵੇਗਾ ਅਤੇ ਇਹ ਯਕੀਨੀ ਬਣਾਇਆ ਜਾਵੇਗਾ ਕਿ ਇਮੀਗ੍ਰੇਸ਼ਨ ਪ੍ਰਣਾਲੀ ਸਾਰੇ ਬਿਨੈਕਾਰਾਂ ਲਈ ਬਰਾਬਰ ਅਤੇ ਮਜ਼ਬੂਤ ਰਹੇ। ਵਰਨਣਯੋਗ ਹੈ ਕਿ ਪਿਛਲੇ ਸਾਲਾਂ ਵਿੱਚ ਇਹ ਲ਼ੀਅ ਵਾਲਾ ਸਿਸਟਮ ਬਹੁਤ ਬਦਨਾਮ ਹੋ ਗਿਆ ਸੀ। ਪੰਜਾਬੀਆਂ ਨੂੰ ਇਸ ਦੇ ਲਾਗੂ ਹੋਣ ਨਾਲ ਵੱਡੀ ਸੱਟ ਵੱਜੇਗੀ । ਪਤਾ ਲੱਗਾ ਸਰਕਾਰ ਕੋਲ ਸ਼ਿਕਾਇਤਾਂ ਪੁੱਜੀਆਂ ਸਨ ਕਿ ਬਿਜਨੈਸ਼ ਮੇਨ ਇਸ ਦੀ ਜਾਅਲੀ ਵਰਤੋਂ ਲਈ ਵਰਕਰਾਂ ਦਾ ਸ਼ੋਸ਼ਣ ਕਰ ਰਹੇ ਸੀ ।

Best Bargain
Carpet & Flooring
Residential - Commercial - Industrial
Sale & Custom Installation done by Professionals
LAUZON Distinctive Hardwood Flooring
PEERLESS
5 Year Installation Warranty on all Carpets & Flooring
ਵਾਜਬ ਕੀਮਤਾਂ ਅਤੇ ਵਧੀਆ ਸੇਵਾਵਾਂ
* Hardwood * Laminate * Vinyl * Wall to Wall Carpers * Hall Runners
* Oriental Rugs * Custom Made Area Rugs * All Kinds of Carpet Binding
FREE Shop at Home Service
WE WILL BEAT ALL THE BEST PRICES
Tel: 905-696-7877
Cell: 416-937-2856
1332 Khalsa Drive, Unit#21
Mississauga, ON L5S 0A2
Email:- best_bargain@hotmail.com
Gurpreet Singh

BEST TRUCK REPAIR & TIRE CENTER
ਅਸੀਂ ਸੇਫਟੀ, ਇੰਸਪੈਕਸ਼ਨ ਅਤੇ ਹਰ ਤਰ੍ਹਾਂ ਦੇ ਟਰੱਕਾਂ, ਟ੍ਰੇਲਰਜ਼ ਦੀ ਰਿਪੇਅਰ ਕਰਦੇ ਹਾਂ, ਅਤੇ ਅਸੀਂ ਹਰ ਬਰੈਂਡ ਦੇ ਨਵੇਂ ਅਤੇ ਪੁਰਾਣੇ ਟਾਇਰ ਵੀ ਵੇਚਦੇ ਹਾਂ
ਅਸੀਂ ਕਿਸੇ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ ਬੀਟ ਕਰਦੇ ਹਾਂ
We specialize in Engine, Transmission, Differential Rebuilt & all kind of Electric work.
WINTER SPECIAL SALE
Brand new truck Alignment machine & you will get print out as well.
Winter ਲਈ ਆਪਣੇ ਟਰੱਕ ਨੂੰ ਤਿਆਰ ਕਰਵਾਓ, ਹਰ ਕੰਮ ਬਹੁਤ ਵਾਜਬ ਕੀਮਤ 'ਤੇ ਕਰਵਾ ਸਕਦੇ ਹੋ
4 Rear Break & Drum USA Mace Special Rates with Installation
CAT Batteries 1000c Under Warranty $550 Installation Included
MICHELIN BFGoodrich DUNLOP GOODYEAR HANKOOK Xceed AEOLUS ROADLUX
Ph: 905-625-0055, 416-624-8351 ਟਰੱਕਾਂ ਅਤੇ ਟ੍ਰੇਲਰਾਂ ਦੇ ਨਵੇਂ/ਪੁਰਾਣੇ ਟਾਇਰ
1715 Sismet Road, Mississauga, ON. L4W 1P9 ਅਸੀਂ Chevron & Delo ਦਾ ਤੇਲ ਹੀ ਵਰਤਦੇ ਹਾਂ
Chevron Delo
open 7 Days a Week.
www.besttruckrepairandtire.ca

# 'ਆਇਰਨਮੈਨ' ਹਰਜੀਤ ਸਿੰਘ ਨੂੰ ਬਰੈਂਪਟਨ ਸਿਟੀ ਕੌਂਸਲ ਵੱਲੋਂ ਸਿਟੀ ਹਾਲ 'ਚ ਬੁਲਾ ਕੇ ਕੀਤਾ ਗਿਆ ਸਨਮਾਨਿਤ

## ਜੀਟੀਐੱਮ ਨੇ ਹਰਜੀਤ ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ





ਬਰੈਂਪਟਨ, (ਡਾ. ਝੰਡ) - ਅਮਰੀਕਾ ਦੇ ਮਸ਼ਹੂਰ ਸ਼ਹਿਰ ਸੈਕਰਾਮੈਂਟੋ ਵਿੱਚ ਹੋਏ 27 ਅਗਸਤ ਨੂੰ ਦੁਨੀਆਂ-ਭਰ ਦੇ ਸੱਭ ਤੋਂ ਸਖ਼ਤ 'ਆਇਰਨਮੈਨ ਮੁਕਾਬਲੇ' ਵਿੱਚ ਜੇਤੂ ਕਰਾਰ ਦਿੱਤੇ ਗਏ 'ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ' (ਟੀਪੀਏਆਰ ਕਲੱਬ) ਦੇ ਸਰਗ਼ਰਮ ਮੈਂਬਰ ਹਰਜੀਤ ਸਿੰਘ ਉਰਫ਼ 'ਹੈਰੀ' ਨੂੰ ਬਰੈਂਪਟਨ ਦੀਆਂ ਦੋ ਵੱਖ-ਵੱਖ ਸੰਸਥਾਵਾਂ ਵੱਲੋਂ ਲੰਘੇ ਹਫ਼ਤੇ ਸਨਮਾਨਿਤ ਕੀਤਾ ਗਿਆ। ਸਨਮਾਨਿਤ ਕਰਨ ਵਾਲੀਆਂ ਇਨ੍ਹਾਂ ਸੰਸਥਾਵਾਂ ਵਿੱਚ ਬਰੈਂਪਟਨ ਦੀ ਸਿਟੀ ਕੌਂਸਲ ਅਤੇ 'ਗਰੇਟਰ ਟੋਰਾਂਟੋ ਮੌਰਟਗੇਜ' (ਜੀਟੀਐੱਮ) ਸ਼ਾਮਲ ਸਨ। ਲੰਘੇ ਮੰਗਲਵਾਰ 10 ਦਸੰਬਰ ਨੂੰ ਬਰੈਂਪਟਨ ਦੇ ਮੇਅਰ ਪੈਟਰਿਕ ਬਰਾਊਨ, ਡਿਪਟੀ ਮੇਅਰ ਹਰਕੀਰਤ ਸਿੰਘ ਅਤੇ ਰੀਜਨਲ ਕੌਂਸਲਰਾਂ ਗੁਰਪ੍ਰਤਾਪ ਸਿੰਘ ਤੂਰ ਤੇ ਨਵਜੀਤ ਕੌਰ ਬਰਾੜ ਨੇ ਸਿਟੀ ਕੌਂਸਲ ਦੇ ਦਫ਼ਤਰ ਵਿੱਚ ਬੁਲਾ ਕੇ ਹਰਜੀਤ ਸਿੰਘ ਨੂੰ ਸਨਮਾਨ-ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। 64 ਸਾਲ ਦੀ ਇਸ ਉਮਰ ਵਿਚ ਹਰਜੀਤ ਸਿੰਘ ਦੀਆਂ ਵੱਡੀਆਂ ਪ੍ਰਾਪਤੀਆਂ ਨੂੰ ਵੇਖਦੇ ਹੋਏ ਮੇਅਰ ਪੈਟਰਿਕ ਬਰਾਊਨ ਵੱਲੋਂ ਉਸ ਦੀ ਵੱਡ-ਆਕਾਰੀ ਤਸਵੀਰ ਬਰੈਂਪਟਨ ਦੇ ਗੋਰਮੀਡੋ ਕਮਿਊਨਿਟੀ ਸੈਂਟਰ ਵਿਚ ਲਗਾਉਣ ਦਾ ਫ਼ੈਸਲਾ ਕੀਤਾ ਗਿਆ।

ਇਸ ਦੇ ਨਾਲ ਹੀ ਮੇਅਰ ਪੈਟਰਿਕ ਬਰਾਊਨ ਵੱਲੋਂ ਹਰਜੀਤ ਸਿੰਘ ਅਤੇ ਉਨ੍ਹਾਂ ਦੇ ਨਾਲ ਗਏ ਟੀਪੀਏਆਰ ਕਲੱਬ ਦੇ ਮੈਂਬਰਾਂ ਗੈਰੀ ਗਰੇਵਾਲ, ਸੁਖਦੇਵ ਸਿਧਵਾਂ, ਜਸਬੀਰ ਸਿੰਘ ਅਤੇ ਮਹਿਤਾਬ ਸਿੰਘ ਨੂੰ ਅਗਲੇ ਦਿਨ ਬੁੱਧਵਾਰ 11 ਦਸੰਬਰ ਨੂੰ ਫਿਰ ਬਰੈਪਟਨ ਸਿਟੀ ਹਾਲ ਆਉਣ ਦਾ ਸੱਦਾ ਦਿੱਤਾ ਗਿਆ ਤਾਂ ਜੋ ਉਸ ਦਿਨ ਹੋ ਰਹੀ ਬਰੈਂਪਟਨ ਸਿਟੀ ਦੀ ਕੌਂਸਲ ਦੀ ਮੀਟਿੰਗ ਵਿੱਚ ਸਮੂਹ ਕੌਂਸਲਰ ਸਾਹਿਬਾਨ, ਸਟਾਫ਼ ਅਤੇ ਦਰਸ਼ਕ ਗੈਲਰੀ ਵਿਚ ਬੈਠੇ ਲੋਕਾਂ ਦੇ ਸਾਹਮਣੇ ਹਰਜੀਤ ਸਿੰਘ ਨੂੰ ਮੁੜ ਸਨਮਾਨਿਤ ਕੀਤਾ ਜਾ ਸਕੇ। ਅਗਲੇ ਦਿਨ ਜਦੋਂ ਉਹ ਸਾਰੇ ਬਰੈਂਪਟਨ ਸਿਟੀ ਹਾਲ ਪਹੁੰਚੇ ਤਾਂ ਮੇਅਰ ਅਤੇ ਡਿਪਟੀ ਮੇਅਰ ਵੱਲੋਂ ਸਮੂਹ ਕੌਂਸਲ ਸਾਹਿਬਾਨ ਦੀ ਹਾਜ਼ਰੀ ਵਿਚ ਹਰਜੀਤ ਸਿੰਘ ਨੂੰ ਫਿਰ ਸਨਮਾਨਿਤ ਕੀਤਾ ਗਿਆ। ਮੇਅਰ ਪੈਟਰਿਕ ਬਰਾਊਨ ਦਾ ਇਸ ਮੌਕੇ ਕਹਿਣਾ ਸੀ ਕਿ ਇਹ ਸਾਰੇ ਹੀ ਬਰੈਂਪਟਨ-ਵਾਸੀਆਂ ਲਈ ਬੜੇ



ਮਾਣ ਵਾਲੀ ਗੱਲ ਹੈ।

ਇਸ ਤੋਂ ਇੱਕ ਹਫ਼ਤਾ ਪਹਿਲਾਂ 5 ਦਸੰਬਰ ਨੂੰ ਜੀਟੀਐੱਮ ਦੇ ਦਫ਼ਤਰ ਵਿਚ ਆਯੋਜਿਤ ਕੀਤੇ ਗਏ ਸਨਮਾਨ ਸਮਾਗ਼ਮ ਵਿਚ ਜੀਟੀਐੱਮ ਦੇ ਮੁੱਖ-ਪ੍ਰਬੰਧਕ ਬਲਜਿੰਦਰ ਸਿੰਘ ਲੇਲਣਾ, ਜਸਪਾਲ ਸਿੰਘ ਗਰੇਵਾਲ ਅਤੇ ਉਨ੍ਹਾਂ ਦੇ ਸਟਾਫ਼ ਮੈਂਬਰਾਂ ਵੱਲੋਂ ਹਰਜੀਤ ਸਿੰਘ ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਬਰੈਂਪਟਨ ਵੈੱਸਟ ਦੇ ਐੱਮਪੀਪੀ ਅਮਰਜੋਤ ਸਿੰਘ ਸੰਧੂ ਇਸ ਮੌਕੇ ਮੁੱਖ-ਮਹਿਮਾਨ ਵਜੋਂ ਪਧਾਰੇ। ਅਮਰਜੋਤ ਸੰਧੂ, ਬਲਜਿੰਦਰ ਲੇਲਣਾ ਤੇ ਜਸਪਾਲ ਗਰੇਵਾਲ ਨੇ ਮਿਲ਼ ਕੇ ਹਰਜੀਤ ਸਿੰਘ ਦੇ ਗਲ਼ ਵਿਚ ਸੋਨੇ ਦਾ ਮੈਡਲ ਪਾ ਕੇ ਉਨ੍ਹਾਂ ਨੂੰ ਸਨਮਾਨਿਤ ਕੀਤਾ। ਸਮਾਗ਼ਮ ਵਿਚ ਜਸਪਾਲ ਸਿੰਘ ਗਰੇਵਾਲ ਤੇ ਜਗਤਾਰ ਸਿੰਘ ਗਰੇਵਾਲ ਦੇ ਮਾਤਾ ਜੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਟੀਪੀਏਆਰ ਕਲੱਬ ਦੇ ਸਮੂਹ ਮੈਂਬਰ ਇਸ ਸਮਾਗ਼ਮ ਵਿਚ ਹਾਜ਼ਰ ਸਨ। ਇੱਥੇ ਪਾਠਕਾਂ ਨੂੰ ਇਹ ਦੱਸਣਾ ਬਣਦਾ ਹੈ ਕਿ ਸੰਸਾਰ-ਪੱਧਰ ਦੇ ਇਸ 'ਆਇਰਨਮੈਨ ਮੁਕਾਬਲੇ' ਵਿਚ ਭਾਗ ਲੈਣ ਵਾਲਿਆਂ ਨੂੰ ਸੱਭ ਤੋਂ ਪਹਿਲਾਂ ਚਾਰ ਘੰਟੇ ਝੀਲ ਦੇ ਖੁੱਲ੍ਹੇ ਪਾਣੀ ਵਿੱਚ ਤੈਰਨਾ ਹੁੰਦਾ ਹੈ ਅਤੇ ਇਸ ਵਿਚ ਨਿਸਚਤ ਸਮੇਂ ਵਿੱਚ ਸਫ਼ਲ ਹੋਣ ਤੋਂ ਬਾਅਦ ਇਸ ਦੇ ਦੂਸਰੇ ਦੌਰ ਵਿਚ 180 ਕਿਲੋਮੀਟਰ



ਬਾਈਸਾਈਕਲ ਚਲਾਉਣਾ ਹੁੰਦਾ ਹੈ। ਦੂਸਰੇ ਦੌਰ ਵਿੱਚ ਸਫ਼ਲ ਹੋਣ ਤੋਂ ਬਾਅਦ ਤੀਸਰੇ ਦੌਰ ਵਿਚ ਉਨ੍ਹਾਂ ਨੇ 42 ਕਿਲੋਮੀਟਰ ਦੌੜਨਾ ਹੁੰਦਾ ਹੈ। ਜ਼ਿਕਰਯੋਗ ਹੈ ਕਿ ਮੁਕਾਬਲੇ ਦੇ ਇਹ ਤਿੰਨੇ ਪੜਾਅ ਉਨ੍ਹਾਂ ਨੇ 16 ਤੋਂ 17 ਘੰਟਿਆਂ ਦੇ ਵਿੱਚ-ਵਿੱਚ ਪੂਰੇ ਕਰਨੇ ਹੁੰਦੇ ਹਨ। ਤਾਂ ਜਾ ਕੇ ਇਨ੍ਹਾਂ ਮੁਕਾਬਲੇਬਾਜ਼ਾਂ ਦਾ 'ਆਇਰਨਮੈਨ' ਦੇ ਖ਼ਿਤਾਬ ਨੂੰ ਹੱਥ ਪੈਂਦਾ ਹੈ। ਹਰਜੀਤ ਸਿੰਘ ਨੇ ਇਹ ਤਿੰਨੇ ਪੜਾਅ ਨਿਰਧਾਰਤ ਸਮੇਂ ਵਿਚ ਪੂਰੇ ਕਰਕੇ ਇਹ ਖ਼ਿਤਾਬ ਹਾਸਲ ਕੀਤਾ ਹੈ। ਕੇਵਲ ਟੀਪੀਏਆਰ ਕਲੱਬ ਦੇ ਸਮੂਹ ਮੈਂਬਰਾਂ ਅਤੇ ਬਰੈਂਪਟਨ-ਵਾਸੀਆਂ ਲਈ ਹੀ ਨਹੀਂ, ਸਗੋਂ ਸਮੂਹ ਪੰਜਾਬੀ ਕਮਿਊਨਿਟੀ ਲਈ ਇਹ ਬੜੇ ਮਾਣ ਵਾਲੀ ਗੱਲ ਹੈ।

## ਮਾਤਾ ਦਵਿੰਦਰ ਕੌਰ ਜੰਜੂਆ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ



ਟੋਰਾਂਟੋ: (ਹਰਜੀਤ ਸਿੰਘ ਬਾਜਵਾ): ਇੱਥੋਂ ਦੀ ਜਾਣੀ ਪਹਿਚਾਣੀ ਸ਼ਖ਼ਸ਼ੀਅਤ,ਅਤੇ ਰੇਡੀਓ ਸਾਂਝਾ ਵਿਰਸਾ ਦੇ ਸੰਚਾਲਕ ਸ੍ਰ. ਹਰਜੀਤ ਸਿੰਘ ਜੰਜੂਆ ਦੀ ਮਾਤਾ ਸ੍ਰੀਮਤੀ ਦਵਿੰਦਰ ਕੌਰ ਜੰਜੂਆ (74) ਦਾ ਬੀਤੇ ਦਿਨੀ ਦੇਹਾਂਤ ਹੋ ਗਿਆ ਜਿਹਨਾਂ ਦੀ ਮੌਤ ਤੇ 'ਦੁੱਖ ਦਾ ਪ੍ਰਗਟਾਵਾ ਕਰਦਿਆਂ ਵੱਖ-ਵੱਖ ਸਾਹਿਤਕ, ਖੇਡ ਅਤੇ ਸੱਭਿਆਚਾਰਕ ਸੰਸਥਾਵਾਂ ਦੇ ਮੈਂਬਰਾਂ, ਸਿਆਸੀ ਆਗੂਆਂ, ਵੱਖ-ਵੱਖ ਰੇਡੀਓ ਟੈਲੀਵਿਜ਼ਨ ਅਤੇ ਅਖ਼ਬਾਰਾਂ ਦੇ ਨੁੰਮਾਇੰਦਿਆਂ ਤੋਂ ਇਲਾਵਾ ਪੀਲ ਡਿਸਟ੍ਰਿਕਟ ਸਕੂਲ ਬੋਰਡ ਦੇ ਡਿਪਟੀ ਚੇਅਰਮੈਨ ਸ੍ਰ.ਸਤਪਾਲ ਸਿੰਘ ਜੌਹਲ, ਸੰਗੀਤਕਾਰ ਰਾਜਿੰਦਰ ਸਿੰਘ ਰਾਜ, ਨੌਜਵਾਨ ਗਾਇਕ ਹੈਰੀ ਸੰਧੂ, ਬੁੱਕਣ ਜੱਟ, ਇੰਨਡੈਕਸ ਤੋਂ ਹਰਦੀਪ ਸਿੰਘ ਸਿਵੀਆ, ਜਸ ਸਿੱਧੂ, ਗੁਰਤੇਜ ਔਲਖ, ਜਗਦੇਵ ਧਾਲੀਵਾਲ, ਕੈਨ ਪੁਰੇਵਾਲ, ਜਗਦੇਵ ਸਿੱਧੂ ਅਤੇ ਹੋਰਨਾਂ ਵੱਲੋਂ ਦੁੱਖ ਦਾ ਪ੍ਰਗਟਾਵਾ ਕਰਦਿਆਂ ਦੁਖੀ ਪ੍ਰੀਵਾਰ ਨਾਲ ਹਮਦਰਦੀ ਜ਼ਾਹਰ ਕੀਤੀ ਹੈ। ਮਾਤਾ ਦਵਿੰਦਰ ਕੌਰ ਜੰਜੂਆ ਦਾ ਅੰਤਿਮ ਸਸਕਾਰ 20 ਦਸੰਬਰ ਸੁੱਕਰਵਾਰ ਨੂੰ ਲੋਟਸ ਫਿਊਨਰਲ ਹੋਮ ਟੋਰਾਂਟੋਂ ਵਿਖੇ ਅਤੇ ਅੰਤਿਮ ਅਰਦਾਸ ਗੁਰੂਦੁਆਰਾ ਜੋਤ ਪ੍ਰਕਾਸ਼ ਸਾਹਿਬ 35 ਸਨ ਪੈਕ ਬੁਲੇਵਰਡ ਬਰੈਂਪਟਨ ਵਿਖੇ ਹੋਵੇਗੀ।

# ਅਮਰੀਕਾ ਦੇ ਵਿਸਕਾਨਸਿਨ ਸੂਬੇ 'ਚ 15 ਸਾਲਾ ਵਿਦਿਆਰਥਣ ਨੇ ਸਕੂਲ 'ਚ ਚਲਾਈ ਗੋਲੀ, ਅਧਿਆਪਕ ਤੇ ਇਕ ਵਿਦਿਆਰਥੀ ਦੀ ਮੌਤ




ਅਮਰੀਕਾ ਦੇ ਵਿਸਕਾਨਸਿਨ ਸੂਬੇ ਦੇ ਇਕ ਸਕੂਲ 'ਚ ਸੋਮਵਾਰ ਨੂੰ 15 ਸਾਲਾ ਵਿਦਿਆਰਥਣ ਵਲੋਂ ਕੀਤੀ ਗੋਲੀਬਾਰੀ ਵਿਚ ਇਕ ਅਧਿਆਪਕ ਅਤੇ ਇਕ ਹੋਰ ਵਿਦਿਆਰਥੀ ਦੀ ਮੌਤ ਹੋ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਿਸ ਨੇ ਦਸਿਆ ਕਿ 'ਐਬਡੈਂਟ ਲਾਈਫ਼' ਸਕੂਲ 'ਚ ਗੋਲੀ ਚਲਾਉਣ ਵਾਲੀ ਵਿਦਿਆਰਥਣ ਦੀ ਵੀ ਮੌਤ ਹੋ ਗਈ ਹੈ। ਪੁਲਿਸ ਨੇ ਸੋਮਵਾਰ ਰਾਤ ਨੂੰ ਪ੍ਰੈੱਸ ਕਾਨਫ਼ਰੰਸ 'ਚ ਦਸਿਆ ਕਿ ਗੋਲੀਬਾਰੀ ਦੀ ਘਟਨਾ ਸਕੂਲ ਦੇ ਇਕ ਸਟੱਡੀ ਰੂਮ 'ਚ ਹੋਈ ਅਤੇ ਦੂਜੀ ਜਮਾਤ ਦੇ ਇਕ ਵਿਦਿਆਰਥੀ ਨੇ ਪੁਲਿਸ ਨੂੰ ਇਸ ਦੀ ਸੂਚਨਾ ਦਿਤੀ। ਵਿਸਕਾਨਸਿਨ ਪੁਲਿਸ ਨੇ ਦਸਿਆ ਕਿ ਵਿਦਿਆਰਥਣ ਦੀ ਪਛਾਣ ਨੈਟਲੀ ਰੂਪਨੋ ਵਜੋਂ ਹੋਈ ਹੈ।

ਮੈਡੀਸਨ ਦੇ ਪੁਲਿਸ ਮੁਖੀ ਸ਼ੌਨ ਬਾਰਨਜ਼ ਨੇ ਦਸਿਆ ਕਿ ਗੋਲੀਬਾਰੀ ਵਿਚ ਛੇ ਹੋਰ ਲੋਕ ਜ਼ਖ਼ਮੀ ਹੋਏ ਹਨ। ਉਨ੍ਹਾਂ ਦਸਿਆ ਕਿ ਜ਼ਖ਼ਮੀਆਂ ਵਿਚ ਦੋ ਵਿਦਿਆਰਥੀ ਵੀ ਸ਼ਾਮਲ ਹਨ ਜਿਨ੍ਹਾਂ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ। ਬਾਰਨਜ਼ ਨੇ ਕਿਹਾ ਕਿ ਇਕ ਅਧਿਆਪਕ ਅਤੇ ਤਿੰਨ ਵਿਦਿਆਰਥੀਆਂ ਨੂੰ ਮਾਮੂਲੀ ਸੱਟਾਂ ਲੱਗੀਆਂ, ਜਿਨ੍ਹਾਂ ਵਿਚੋਂ ਦੋ ਨੂੰ ਸੋਮਵਾਰ ਸ਼ਾਮ ਨੂੰ ਛੁੱਟੀ ਦੇ ਦਿਤੀ ਗਈ।

ਪੁਲਿਸ ਨੇ ਦਸਿਆ ਕਿ ਜਦੋਂ ਅਧਿਕਾਰੀ ਮੌਕੇ 'ਤੇ ਪਹੁੰਚੇ ਤਾਂ ਉਨ੍ਹਾਂ ਨੇ ਹਮਲਾਵਰ ਵਿਦਿਆਰਥਣ ਨੂੰ ਮ੍ਰਿਤਕ ਪਾਇਆ। ਉਨ੍ਹਾਂ ਦਸਿਆ ਕਿ ਸ਼ਾਇਦ ਹਮਲਾਵਰ ਨੇ ਖ਼ੁਦਕੁਸ਼ੀ ਕਰ ਲਈ ਹੈ। ਬਾਰਨਜ਼ ਨੇ ਹੋਰ ਵੇਰਵੇ ਦੇਣ ਤੋਂ ਇਨਕਾਰ ਕਰ ਦਿਤਾ। ਬਾਰਨਜ਼ ਨੇ ਕਿਹਾ ਕਿ ਗੋਲੀਬਾਰੀ ਦੇ ਮਕਸਦ ਦਾ ਪਤਾ ਨਹੀਂ ਲੱਗ ਸਕਿਆ ਹੈ। ਪੁਲਿਸ ਇਸ ਬਾਰੇ ਪਤਾ ਲਗਾਉਣ ਲਈ ਹਮਲਾਵਰ ਵਿਦਿਆਰਥਣ ਦੇ ਮਾਪਿਆਂ ਤੋਂ ਪੁੱਛਗਿੱਛ ਕਰ ਰਹੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਅਜੇ ਤਕ ਕੋਈ ਜਾਣਕਾਰੀ ਨਹੀਂ ਹੈ ਕਿ ਗੋਲੀਬਾਰੀ ਪਹਿਲਾਂ ਤੋਂ ਯੋਜਨਾਬੱਧ ਸੀ ਜਾਂ ਨਹੀਂ। ਅਬਡੈਂਟ ਲਾਈਫ' ਇਕ ਗ਼ੈਰ-ਸੰਪਰਦਾਇਕ ਈਸਾਈ ਸਕੂਲ ਹੈ ਜਿਸ ਵਿਚ ਕਿੰਡਰਗਾਰਟਨ ਤੋਂ ਹਾਈ ਸਕੂਲ ਤਕ ਲਗਭਗ 400 ਵਿਦਿਆਰਥੀ ਹਨ। ਉਨ੍ਹਾਂ ਕਿਹਾ ਕਿ ਸੋਮਵਾਰ ਨੂੰ ਮੈਡੀਸਨ ਦੇ ਇਕ ਘਰ 'ਤੇ ਤਲਾਸ਼ੀ ਵਾਰੰਟ ਕੱਢਿਆ ਗਿਆ ਸੀ। ਬਾਰਨਜ਼ ਨੇ ਦਸਿਆ ਕਿ ਜਦੋਂ ਗੋਲੀਬਾਰੀ ਹੋਈ ਤਾਂ ਕਲਾਸਾਂ ਚੱਲ ਰਹੀਆਂ ਸਨ। ਵਿਚ ਸਹਾਇਤਾ ਕਰਨ ਲਈ ਮੌਕੇ 'ਤੇ ਸਨ। ਇਕ ਬਿਆਨ ਵਿਚ, ਰਾਸ਼ਟਰਪਤੀ ਜੋਅ ਬਿਡੇਨ ਨੇ ਘਟਨਾ ਦਾ ਹਵਾਲਾ ਦਿੰਦੇ ਹੋਏ, ਕਾਂਗਰਸ (ਯੂਐਸ ਪਾਰਲੀਮੈਂਟ) ਨੂੰ ਬੰਦੂਕ ਬਾਰੇ ਵਿਸ਼ਵਵਿਆਪੀ ਪਿਛੋਕੜ ਦੀ ਜਾਂਚ, 'ਰਾਸ਼ਟਰੀ ਲਾਲ ਝੰਡਾ ਕਾਨੂੰਨ' ਅਤੇ ਕੁਝ ਬੰਦੂਕ ਪਾਬੰਦੀਆਂ ਪਾਸ ਕਰਨ ਦੀ ਮੰਗ ਕੀਤੀ। ਬਿਡੇਨ ਨੇ ਕਿਹਾ, "ਇਸ ਤਰ੍ਹਾਂ ਦੀ ਹਿੰਸਾ ਨੂੰ ਕਦੇ ਵੀ ਸਵੀਕਾਰ ਨਹੀਂ ਕੀਤਾ ਜਾ ਸਕਦਾ, ਜੋ ਬੱਚਿਆਂ, ਉਨ੍ਹਾਂ ਦੇ ਪ੍ਰਵਾਰਾਂ ਨੂੰ ਸਦਮੇ ਵਿਚ ਪਾਉਂਦਾ ਹੈ ਅਤੇ ਪੂਰੇ ਸਮਾਜ ਨੂੰ ਤੋੜਦਾ ਹੈ।" ਉਸ ਨੇ ਇਹ ਦੱਸਣ ਤੋਂ ਇਨਕਾਰ ਕਰ ਦਿਤਾ ਕਿ ਘਟਨਾ ਸਕੂਲ ਵਿਚ ਕਿੱਥੇ ਵਾਪਰੀ ਹੈ। ਪੁਲਿਸ ਨੇ ਘਟਨਾ ਤੋਂ ਬਾਅਦ ਸਕੂਲ ਦੇ ਆਲੇ ਦੁਆਲੇ ਦੀਆਂ ਸੜਕਾਂ ਨੂੰ ਬੰਦ ਕਰ ਦਿਤਾ ਅਤੇ ਫੈਡਰਲ ਏਜੰਟ ਅਧਿਕਾਰੀਆਂ ਦੀ ਜਾਂਚ ਵਿਚ ਸਹਾਇਤਾ ਕਰਨ ਲਈ ਮੌਕੇ 'ਤੇ ਸਨ। ਇਕ ਬਿਆਨ ਵਿਚ, ਰਾਸ਼ਟਰਪਤੀ ਜੋਅ ਬਿਡੇਨ ਨੇ ਘਟਨਾ ਦਾ ਹਵਾਲਾ ਦਿੰਦੇ ਹੋਏ, ਕਾਂਗਰਸ (ਯੂਐਸ ਪਾਰਲੀਮੈਂਟ) ਨੂੰ ਬੰਦੂਕ ਬਾਰੇ ਵਿਸ਼ਵਵਿਆਪੀ ਪਿਛੋਕੜ ਦੀ ਜਾਂਚ, 'ਰਾਸ਼ਟਰੀ ਲਾਲ ਝੰਡਾ ਕਾਨੂੰਨ' ਅਤੇ ਕੁਝ ਬੰਦੂਕ ਪਾਬੰਦੀਆਂ ਪਾਸ ਕਰਨ ਦੀ ਮੰਗ ਕੀਤੀ। ਬਿਡੇਨ ਨੇ ਕਿਹਾ, "ਇਸ ਤਰ੍ਹਾਂ ਦੀ ਹਿੰਸਾ ਨੂੰ ਕਦੇ ਵੀ ਸਵੀਕਾਰ ਨਹੀਂ ਕੀਤਾ ਜਾ ਸਕਦਾ, ਜੋ ਬੱਚਿਆਂ, ਉਨ੍ਹਾਂ ਦੇ ਪ੍ਰਵਾਰਾਂ ਨੂੰ ਸਦਮੇ ਵਿਚ ਪਾਉਂਦਾ ਹੈ ਅਤੇ ਪੂਰੇ ਸਮਾਜ ਨੂੰ ਤੋੜਦਾ ਹੈ।"

# ਟਰੰਪ ਵੱਲੋਂ ਰੂਸ-ਯੂਕਰੇਨ ਜੰਗ ਖ਼ਤਮ ਕਰਵਾਉਣ ਦਾ ਐਲਾਨ



ਵਾਸ਼ਿੰਗਟਨ : ਅਮਰੀਕਾ ਦੇ ਨਵੇਂ ਚੁਣੇ ਰਾਸ਼ਟਰਪਤੀ ਡੌਨਲਡ ਟਰੰਪ ਵੱਲੋਂ ਰੂਸ-ਯੂਕਰੇਨ ਜੰਗ ਰੁਕਵਾਉਣ ਦਾ ਐਲਾਨ ਕਰ ਦਿਤਾ ਗਿਆ ਹੈ। ਮੀਡੀਆ ਨਾਲ ਗੱਲਬਾਤ ਕਰਦਿਆਂ ਟਰੰਪ ਨੇ ਕਿਹਾ ਕਿ ਜੰਗ ਦੇ ਖਾਤਮੇ ਲਈ ਜ਼ੈਲੈਂਸਕੀ ਨੂੰ ਪੁਤਿਨ ਨਾਲ ਡੀਲ ਕਰਨ ਵਾਸਤੇ ਤਿਆਰ ਰਹਿਣਾ ਚਾਹੀਦਾ ਹੈ। ਟਰੰਪ ਵੱਲੋਂ ਜੰਗ ਰੁਕਰਵਾਉਣ ਵਾਸਤੇ ਕੋਈ ਯੋਜਨਾ ਪੇਸ਼ ਨਹੀਂ ਕੀਤੀ ਗਈ ਪਰ ਐਨਾ ਜ਼ਰੂਰ ਕਿਹਾ ਕਿ ਜੰਗ ਕਰ ਕੇ ਵਿਵਾਦਤ ਖੇਤਰ ਦੇ ਜ਼ਿਆਦਾਤਰ ਹਿੱਸੇ ਮਲਬੇ ਵਿਚ ਤਬਦੀਲ ਹੋ ਚੁੱਕੇ ਹਨ ਜਿਨ੍ਹਾਂ ਨੂੰ ਠੀਕ ਕਰਨ ਵਿਚ 100 ਸਾਲ ਤੋਂ ਵੱਧ ਸਮਾਂ ਲੱਗੇਗਾ। ਟਰੰਪ ਨੇ ਕਿਹਾ ਕਿ ਕਈ ਸ਼ਹਿਰ ਅਤੇ ਕਸਬੇ ਅਜਿਹੇ ਹਨ ਜਿਥੇ ਇਕ ਵੀ ਇਮਾਰਤ ਨਹੀਂ ਬਚੀ ਅਤੇ ਸਭ ਕੁਝ ਤਬਾਹ ਹੋ ਚੁੱਕਾ ਹੈ। ਰੂਸ-ਯੂਕਰੇਨ ਜੰਗ ਦੀਆਂ ਤਸਵੀਰਾਂ ਅਮਰੀਕਾ ਦੀ ਸਿਵਲ ਵਾਰ ਦੀਆਂ ਤਸਵੀਰਾਂ ਚੇਤੇ ਕਰਵਾਉਂਦੀਆਂ ਹਨ।

### ਜ਼ੈਲੈਂਸਕੀ ਨੂੰ ਪੁਤਿਨ ਨਾਲ ਸੰਧੀ ਕਰਨ ਵਾਸਤੇ ਤਿਆਰ ਰਹਿਣ ਦਾ ਸੱਦਾ

ਇਥੇ ਦੱਸਣਾ ਬਣਦਾ ਹੈ ਕਿ ਚੋਣਾਂ ਦੌਰਾਨ ਟਰੰਪ ਵੱਲੋਂ ਯੂਕਰੇਨ ਨੂੰ ਭੇਜੀ ਗਈ ਅਰਬਾਂ ਡਾਲਰ ਦੀ ਮਦਦ 'ਤੇ ਸਵਾਲ ਉਠਾਏ ਗਏ ਸਨ। ਤਕਰੀਬਨ ਢਾਈ ਸਾਲ ਤੋਂ ਚੱਲ ਰਹੀ ਜੰਗ ਦੌਰਾਨ 43 ਹਜ਼ਾਰ ਤੋਂ ਵੱਧ ਯੂਕਰੇਨੀ ਫੌਜੀ ਮਾਰੇ ਜਾ ਚੁੱਕੇ ਹਨ ਜਦਕਿ 3 ਲੱਖ 70 ਹਜ਼ਾਰ ਜ਼ਖਮੀ ਹੋਏ। ਜ਼ੈਲੈਂਸਕੀ ਨੇ ਦਾਅਵਾ ਕੀਤਾ ਹੈਕਿ ਹੁਣ ਤੱਕ ਜੰਗ ਦੌਰਾਨ ਤਕਰਬਨ 2 ਲੱਖ ਰੂਸੀ ਫੌਜੀ ਮਾਰੇ ਜਾ ਚੁੱਕੇ ਹਨ ਪਰ ਰੂਸ ਵੱਲੋਂ ਇਸ ਗੱਲ ਦੀ ਤਸਦੀਕ ਨਹੀਂ ਕੀਤੀ ਗਈ।

# ਨਾਇਜੀਰੀਆ: ਮੇਲੇ 'ਚ ਮਚੀ ਭਗਦੜ 'ਚ ਕਈ ਬੱਚਿਆਂ ਦੀ ਮੌਤ

ਅਬੂਜਾ : ਦੱਖਣ-ਪੱਛਮੀ ਨਾਇਜੀਰੀਆ ਵਿੱਚ ਅੱਜ ਇਕ ਸਕੂਲ ਵੱਲੋਂ ਛੁੱਟੀਆਂ 'ਤੇ ਕਰਵਾਏ ਗਏ ਮੇਲੇ ਦੌਰਾਨ ਮਚੀ ਭਗਦੜ ਵਿੱਚ ਕਈ ਬੱਚਿਆਂ ਦੀ ਮੌਤ ਹੋ ਗਈ। ਸਥਾਨਕ ਗਵਰਨਰ ਨੇ ਇਹ ਜਾਣਕਾਰੀ ਦਿੱਤੀ।

ਓਇਓ ਸੂਬੇ ਦੇ ਗਵਰਨਰ ਸੇਈ ਮਕਿੰਡੇ ਨੇ ਦੱਸਿਆ ਕਿ ਭਗਦੜ ਸੂਬੇ ਦੇ ਇਸਲਾਮਿਕ ਹਾਈ ਸਕੂਲ ਬਸੋਰੂਨ ਵਿੱਚ ਹੋਈ। ਉਨ੍ਹਾਂ ਦੱਸਿਆ ਕਿ ਘਟਨਾ ਦੇ ਮੱਦੇਨਜ਼ਰ ਸੁਰੱਖਿਆਂ ਬਲਾਂ ਨੂੰ ਤਾਇਨਾਤ ਕੀਤਾ ਗਿਆ ਹੈ।




ਉਨ੍ਹਾਂ ਕਿਹਾ, ''ਅਸੀਂ ਉਨ੍ਹਾਂ ਮਾਪਿਆਂ ਨਾਲ ਹਮਦਰਦੀ ਤੇ ਦੁੱਖ ਜ਼ਾਹਿਰ ਕਰਦੇ ਹਾਂ ਜਿਨ੍ਹਾਂ ਦੀਆਂ ਖੁਸ਼ੀਆਂ ਅਚਾਨਕ ਗਮੀ ਵਿੱਚ ਬਦਲ ਗਈਆਂ।'' ਨਾਇਜੀਰੀਆ ਐਮਰਜੈਂਸੀ ਸੇਵਾਵਾਂ ਨੇ ਕਿਹਾ ਕਿ ਉਸ ਵੱਲੋਂ ਪੀੜਤਾਂ ਨੂੰ ਸਹਿਯੋਗ ਦੇਣ ਲਈ ਇਕ ਟੀਮ ਮੌਕੇ 'ਤੇ ਤਾਇਨਾਤ ਕਰ ਦਿੱਤੀ ਗਈ ਹੈ। ਜ਼ਖ਼ਮੀ ਹੋਏ ਬੱਚਿਆਂ ਨੂੰ ਸਥਾਨਕ ਹਸਪਤਾਲਾਂ 'ਚ ਲਿਜਾਇਆ ਗਿਆ ਅਤੇ ਮਾਪਿਆਂ ਨੂੰ ਲਾਪਤਾ ਬੱਚਿਆਂ ਨੂੰ ਹਸਪਤਾਲਾਂ 'ਚ ਲੱਭਣ ਲਈ ਕਿਹਾ ਗਿਆ ਹੈ।

BUYING OR SELLING
LET US HELP YOU!



INCOME GENERATING INVESTMENT PROPERTIES
Simrat Grewal
Sales Representative
416-414-2878
FREE MARKET EVALUATION OF YOUR PROPERTY
* ਨਵਾਂ ਘਰ ਦੇਖ ਰਹੇ ਹੋ ਜਾਂ ਇੰਨਵੈਸਟਮੈਂਟ ਪ੍ਰੌਪਰਟੀ ਦੀ ਭਾਲ ਵਿੱਚ ਹੋ?
* ਕਿਸੇ ਤਰ੍ਹਾਂ ਦਾ ਬਿਜ਼ਨਸ ਖਰੀਦਣਾ ਜਾਂ ਵੇਚਣਾ ਚਾਹੁੰਦੇ ਹੋ?
* ਭਰੋਸੇਯੋਗ, ਇਮਾਨਦਾਰ ਅਤੇ ਤਜਰਬੇਕਾਰ Realtor ਲੱਭ ਰਹੇ ਹੋ?
Call SIMRAT GREWAL 416-414-2878
Call RAJINDER SAMRA 416-300-8383
WE CAN HELP YOU FIND YOUR DREAM HOME IN
WATERLOO REGION:
Cambridge, Kitchener, Waterloo & Guelph Area
PEEL REGION:
Mississauga, Brampton, Caledon
BLUE ROSE REALTY INC. BROKERAGE
905-208-1111

ਟਰੱਕ ਯਾਰਡ ਜਾਂ ਹੋਟਲ, ਮੋਟਲ, ਲੈਂਡ, ਜਾਂ ਪਲਾਜਾ ਖਰੀਦਣ ਵੇਚਣ ਲਈ ਸੰਪਰਕ ਕਰੋ
ਕਿਸੇ ਵੀ ਤਰ੍ਹਾਂ ਦੀ ਰੈਜੀਡੈਂਸੀਅਲ ਤੇ ਕਮਰਸ਼ੀਅਲ ਪ੍ਰੋਪਰਟੀ ਖਰੀਦਣ ਤੇ ਵੇਚਣ ਲਈ ਸਾਡੇ ਨਾਲ ਸੰਪਰਕ ਕਰੋ
HOMELIFE SILVERCITY REALTY INC.,BROKERAGE
HIGHER STANDARDS





Contact for all your residential & commercial real estate services
www.baljindersekha.com
ਬਲਜਿੰਦਰ ਸਰਾ
Salesperson
416-509-6200

STUDENT VISA
Fulfill your dreams in
CANADA



* Study Permits
* Express Entry
* PNP * Spousal Category
* Fast Admission Process
* Top Ranking Colleges/Universities
* Min. Qualification Grade 12 (+2)
* Low service Charges
ਅਸੀਂ LMIA ਲੈਣ ਵਿੱਚ ਵੀ ਮਦਦ ਕਰਦੇ ਹਾਂ
ICC
CANADA IMMIGRATION SOLUTIONS INC.
iccrc crcic
IMMIGRATION CONSULTANTS OF CANADA REGULATORY COUNCIL
CONSEIL DE RÉGLEMENTATION DES CONSULTANTS EN IMMIGRATION DU CANADA
Ripudaman Dhillon
Manu Datta
Ph:- 905-461-2424
#1137 Derry Road East, Mississauga, ON. L5T 1P3 Email:- info@iccimmigration.ca

# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਨੇ ਜ਼ੂਮ-ਮਾਧਿਅਮ ਰਾਹੀਂ ਨਾਟਕਕਾਰ ਸੰਜੀਵਨ ਸਿੰਘ ਨਾਲ ਕਹਾਣੀਕਾਰ ਸੰਤੋਖ ਸਿੰਘ ਧੀਰ ਬਾਰੇ ਕੀਤੀ ਗੱਲਬਾਤ

## ਮੁਹੰਮਦ ਰਫ਼ੀ ਸਾਹਿਬ ਦੇ 100'ਵੇਂ ਜਨਮ-ਦਿਨ ਨੂੰ ਸਮੱਰਪਿਤ ਕਵੀ-ਦਰਬਾਰ ਹੋਇਆ







ਬਰੈਂਪਟਨ, (ਡਾ. ਝੰਡ) – ਲੰਘੇ ਐਤਵਾਰ 15 ਦਸੰਬਰ ਨੂੰ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਮੈਂਬਰਾਂ ਤੇ ਸਾਹਿਤ ਪ੍ਰੇਮੀਆਂ ਵੱਲੋਂ ਪ੍ਰਮੁੱਖ ਕਹਾਣੀਕਾਰ ਅਤੇ ਕਵੀ ਸੰਤੋਖ ਸਿੰਘ ਧੀਰ ਬਾਰੇ ਗੱਲਬਾਤ ਉਨ੍ਹਾਂ ਦੇ ਭਤੀਜੇ ਨਾਟਕਕਾਰ ਸੰਜੀਵਨ ਸਿੰਘ ਨਾਲ ਕੀਤੀ ਗਈ। ਭਾਰਤ ਵਿੱਚ ਸਮੇਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆ ਇਸ ਸਮਾਗ਼ਮ ਦਾ ਸਮਾਂ ਸਵੇਰੇ 9.30 ਵਜੇ ਦਾ ਰੱਖਿਆ ਗਿਆ।

ਭਾਰਤ ਵਿਚ ਉਸ ਸਮੇਂ ਰਾਤ ਦੇ ਅੱਠ ਵੱਜੇ ਸਨ। ਸਮਾਗ਼ਮ ਦੇ ਆਰੰਭ ਵਿਚ ਸਭਾ ਦੇ ਸੀਨੀਅਰ ਮੈਂਬਰ ਮਲੂਕ ਸਿੰਘ ਕਾਹਲੋਂ ਵੱਲੋਂ ਪੰਜਾਬ ਤੋਂ ਜ਼ੂਮ-ਮਾਧਿਅਮ ਰਾਹੀਂ ਜੁੜੇ ਸਮਾਗ਼ਮ ਦੇ ਮੁੱਖ-ਬੁਲਾਰੇ ਸੰਜੀਵਨ ਸਿੰਘ ਅਤੇ ਹੋਰ ਮਹਿਮਾਨਾਂ ਤੇ ਮੈਂਬਰਾਂ ਨੂੰ 'ਜੀ-ਆਇਆਂ' ਕਿਹਾ ਗਿਆ। ਉਸ ਤੋਂ ਬਾਅਦ ਪ੍ਰੋਗਰਾਮ ਦੇ ਸੰਚਾਲਕ ਤਲਵਿੰਦਰ ਸਿੰਘ ਮੰਡ ਵੱਲੋਂ ਸੰਜੀਵਨ ਸਿੰਘ ਨੂੰ ਕਹਾਣੀਕਾਰ ਸੰਤੋਖ ਸਿੰਘ ਧੀਰ ਹੁਰਾਂ ਦੇ ਜੀਵਨ ਤੇ ਸਾਹਿਤਕਾਰੀ ਬਾਰੇ ਆਪਣੇ ਵਿਚਾਰ ਸਾਂਝੇ ਕਰਨ ਲਈ ਬੇਨਤੀ ਕੀਤੀ ਗਈ ਜਿਨ੍ਹਾਂ ਨੇ ਧੀਰ ਸਾਹਿਬ ਦੇ ਜੀਵਨ ਬਾਰੇ ਵਿਸਥਾਰ ਵਿੱਚ ਜਾਂਦਿਆਂ ਉਨ੍ਹਾਂ ਦੀਆਂ ਪ੍ਰਮੁੱਖ ਕਹਾਣੀਆਂ ਦੀ ਗੱਲ ਕਰਦਿਆਂ ਹੋਇਆਂ ਉਨ੍ਹਾਂ ਉੱਪਰ ਆਧਾਰਿਤ ਆਪਣੇ ਨਾਟਕਾਂ ਦਾ ਵੀ ਬਾਖ਼ੂਬੀ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਧੀਰ ਸਾਹਿਬ ਬਹੁ-ਪੱਖੀ ਲੇਖਕ ਸਨ। ਉਨ੍ਹਾਂ ਦੀਆਂ 11 ਕਿਤਾਬਾਂ ਕਵਿਤਾਵਾਂ ਦੀਆਂ ਅਤੇ 9 ਕਿਤਾਬਾਂ ਕਹਾਣੀਆਂ ਦੀਆਂ ਛਪੀਆਂ ਹਨ। ਉਨ੍ਹਾਂ ਨੇ ਛੇ ਨਾਵਲ, ਸਵੈਜੀਵਨੀ ਅਤੇ ਸਫ਼ਰਨਾਮਾ 'ਮੇਰੀ ਇੰਗਲੈਂਡ ਯਾਤਰਾ' ਵੀ ਲਿਖੇ ਪਰ ਬਹੁਤੀ ਪ੍ਰਸਿੱਧੀ ਉਨ੍ਹਾਂ ਨੂੰ ਕਹਾਣੀ ਦੇ ਖ਼ੇਤਰ ਵਿੱਚ ਮਿਲੀ। 'ਕੋਈ ਇੱਕ ਸਵਾਰ', 'ਸਾਂਝੀ ਕੰਧ','ਸਵੇਰ ਹੋਣ ਤੱਕ' ਤੇ 'ਮੰਗੋ' ਉਨ੍ਹਾਂ ਦੀਆਂ ਪ੍ਰਮੁੱਖ ਕਹਾਣੀਆਂ ਹਨ ਜਿਨ੍ਹਾਂ ਨੂੰ ਆਧਾਰ ਬਣਾ ਕੇ ਸੰਜੀਵਨ ਵੱਲੋਂ ਨਾਟਕ ਲਿਖੇ ਗਏ ਅਤੇ ਖੇਡਣ ਦੇ ਨਵੇਂ ਤਜਰਬੇ ਕੀਤੇ ਗਏ। ਧੀਰ ਸਾਹਿਬ ਬਾਰੇ ਨਿੱਜੀ ਗੱਲਾਂ ਸਾਂਝੀਆਂ ਕਰਦਿਆਂ ਉਨ੍ਹਾਂ ਦੱਸਿਆ ਕਿ ਉਹ ਉਨ੍ਹਾਂ ਨੂੰ 'ਭਾਪਾ ਜੀ' ਕਿਹਾ ਕਰਦੇ ਸਨ ਅਤੇ ਆਪਣੇ ਬਾਪ ਨੂੰ ਉਹ 'ਚਾਚਾ ਜੀ' ਆਖ ਕੇ ਸੰਬੋਧਨ ਕਰਦੇ ਸਨ।



ਉਨ੍ਹਾਂ ਕਿਹਾ ਕਿ ਧੀਰ ਸਾਹਿਬ ਕੇਵਲ ਸਾਈਕਲ ਦੀ ਸਵਾਰੀ ਹੀ ਕਰਦੇ ਸਨ ਤੇ ਸਕੂਟਰ ਦੇ ਪਿੱਛੇ ਬੈਠੇ ਹੋਏ ਵੀ ਡਰਦੇ ਹੁੰਦੇ ਸਨ। ਉਨ੍ਹਾਂ ਦੱਸਿਆ ਕਿ ਧੀਰ ਸਾਹਿਬ ਤੇ ਬਲਵੰਤ ਗਾਰਗੀ ਵਿਚਕਾਰ ਬੜੀ ਨੇੜਤਾ ਸੀ ਅਤੇ ਉਹ ਗੱਲੀਂ-ਬਾਤੀਂ ਇਕ ਦੂਸਰੇ ਦੀ 'ਲਾਹ-ਪਾਹ' ਵੀ ਕਰ ਲੈਂਦੇ ਸਨ।

ਸੰਤੋਖ ਸਿੰਘ ਧੀਰ ਹੁਰਾਂ ਬਾਰੇ ਜਾਣਕਾਰੀ ਵਿਚ ਵਾਧਾ ਕਰਦਿਆਂ ਚੰਡੀਗੜ੍ਹ ਤੋਂ ਜੁੜੇ ਸ਼ਾਮ ਸਿੰਘ 'ਅੰਗਸੰਗ' ਨੇ ਦੱਸਿਆ ਉਨ੍ਹਾਂ ਦੇ ਪਿਤਾ ਜੀ ਸ. ਈਸ਼ਰ ਸਿੰਘ ਦਰਦ ਕਵੀ ਸਨ ਅਤੇ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵਿਚ ਧਰਮ ਪ੍ਰਚਾਰਕ ਵਜੋਂ ਨੌਕਰੀ ਕਰਦੇ ਸਨ। ਸ਼ੁਰੂ-ਸ਼ੁਰੂ ਵਿੱਚ ਧੀਰ ਸਾਹਿਬ ਨੇ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਧਰਮ ਪ੍ਰਚਾਰਕ ਵਜੋਂ ਨੌਕਰੀ ਕੀਤੀ ਪਰ ਫਿਰ ਬਾਅਦ ਵਿਚ 'ਕੁਲ-ਵਕਤੀ ਲੇਖਕ ਅਤੇ ਕਾਮਰੇਡ' ਵਜੋਂ ਉਹ ਖੱਬੀ ਸੋਚ ਨਾਲ ਪ੍ਰਣਾਏ ਗਏ। ਉਹ ਕਮਿਊਨਿਸਟ ਪਾਰਟੀ ਦੇ ਜਲਸਿਆਂ ਵਿਚ ਅਕਸਰ ਲੋਕ-ਪੱਖੀ ਤਕਰੀਰਾਂ ਕਰਦੇ ਸਨ। ਉਨ੍ਹਾਂ ਨੇ ਪੂਰੀ ਉਮਰ ਕਲਮ ਵਾਹੀ ਅਤੇ ਇਸ ਦੇ ਸਿਰ 'ਤੇ ਹੀ ਆਪਣਾ ਤੇ ਆਪਣੇ ਪਰਿਵਾਰ ਦਾ ਜੀਵਨ ਨਿਰਬਾਹ ਕੀਤਾ। ਉਨ੍ਹਾਂ ਮੌਤ ਤੋਂ ਬਾਅਦ ਆਪਣਾ ਸਰੀਰ ਪੀ. ਜੀ. ਆਈ. ਚੰਡੀਗੜ੍ਹ ਨੂੰ ਦਾਨ ਕੀਤਾ ਹੋਇਆ ਸੀ ਅਤੇ ਪੀ. ਜੀ. ਆਈ. ਵੱਲ ਉਨ੍ਹਾਂ ਦੀ 'ਅੰਤਮ-ਯਾਤਰਾ' ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਮਜ਼ਦੂਰ, ਕਿਸਾਨ ਤੇ ਵਿਦਿਆਰਥੀ ਸ਼ਾਮਲ ਹੋਏ। ਉਨ੍ਹਾਂ ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ 1991 ਵਿਚ 'ਸ਼੍ਰੋਮਣੀ ਪੰਜਾਬੀ ਸਾਹਿਤਕਾਰ' ਦਾ ਸਨਮਾਨ ਮਿਲਿਆ। 1996 ਵਿਚ ਉਨ੍ਹਾਂ ਦੀਆਂ ਕਹਾਣੀਆਂ ਦੀ ਪੁਸਤਕ 'ਪੱਖੀ' ਨੂੰ 'ਸਾਹਿਤ ਅਕੈਡਮੀ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ। ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਵੱਲੋਂ ਉਨ੍ਹਾਂ ਨੂੰ 'ਕਰਤਾਰ ਸਿੰਘ ਦੁੱਗਲ ਸਰਵ ਸ੍ਰੇਸ਼ਟ ਇਨਾਮ' 2002 ਵਿੱਚ ਦਿੱਤਾ ਗਿਆ।

ਉਨ੍ਹਾਂ ਕਿਹਾ ਕਿ ਆਮ ਪ੍ਰਚੱਲਤ ਕਹਾਵਤ ਹੈ ਕਿ 'ਵੱਡੇ ਬੋਹੜ' ਦੀ ਛਾਂ ਹੇਠ ਕੋਈ ਹੋਰ ਰੁੱਖ ਨਹੀਂ ਉੱਗਦਾ ਪਰ ਧੀਰ ਸਾਹਿਬ ਦੇ ਛੋਟੇ ਭਰਾ ਰਿਪਦਮਨ ਸਿੰਘ ਰੂਪ, ਉਨ੍ਹਾਂ ਦੇ ਬੇਟੇ ਸੰਜੀਵਨ ਤੇ ਰੰਜੀਵਨ ਅਤੇ ਸੰਜੀਵਨ ਦੀ ਬੇਟੀ ਰਿਤੂ ਰਾਗ 'ਤਿੰਨ ਪੀੜ੍ਹੀਆਂ' ਲੇਖਕ ਹਨ।

ਸ਼ਾਮ ਸਿੰਘ ਵੱਲੋਂ ਧੀਰ ਸਾਹਿਬ ਦੀਆਂ ਚਿੱਠੀਆਂ ਨੂੰ ਸੰਪਾਦਿਤ ਕਰਕੇ ਪੁਸਤਕ 'ਜਿਵੇ ਰਾਮ ਨੂੰ ਲਛਮਣ ਸੀ' ਵੀ ਤਿਆਰ ਕੀਤੀ ਗਈ। ਇਸ ਮੌਕੇ ਡਾ. ਕੰਵਲਜੀਤ ਸਿੰਘ ਕੋਰਪਾਲ ਤੇ ਡਾ. ਸੁਖਦੇਵ ਸਿੰਘ ਝੰਡ ਵੱਲੋਂ ਕੀਤੇ ਗਏਸੁਆਲਾਂ ਦੇ ਜੁਆਬ ਸੰਜੀਵਨ ਸਿੰਘ ਵੱਲੋਂ ਤਸੱਲੀਪੂਰਵਕ ਦਿੱਤੇ ਗਏ। ਤਲਵਿੰਦਰ ਸਿੰਘ ਮੰਡ, ਮਲੂਕ ਸਿੰਘ ਕਾਹਲੋਂ ਤੇ ਸੁਰਿੰਦਰਜੀਤ ਕੌਰ ਵੱਲੋਂ ਵੀ ਧੀਰ ਸਾਹਿਬ ਦੇ ਜੀਵਨ ਨਾਲ ਸਬੰਧਿਤ ਯਾਦਾਂ ਤਾਜ਼ੀਆਂ ਕੀਤੀਆਂ ਗਈਆਂ। ਸਮਾਗ਼ਮ ਦੇ ਦੂਸਰੇ ਭਾਗ ਵਿਚ ਕਵੀ-ਦਰਬਾਰ ਹੋਇਆ ਜਿਸ ਦਾ ਸੰਚਾਲਨ ਪਰਮਜੀਤ ਸਿੰਘ ਢਿੱਲੋਂ ਵੱਲੋਂ ਕੀਤਾ ਗਿਆ। ਇਹ ਸਮਾਗ਼ਮ ਮੁਹੰਮਦ ਰਫ਼ੀ ਜੀ ਦੀ ਜਨਮ-ਸ਼ਤਾਬਦੀ ਨੂੰ ਸਮੱਰਪਿਤ ਸੀ। ਕਵੀ-ਦਰਬਾਰ ਦਾ ਆਰੰਭ ਇਕਬਾਲ ਬਰਾੜ ਵੱਲੋਂ ਰਫ਼ੀ ਦੇ ਫ਼ਿਲਮ 'ਨਾਨਕ ਨਾਮ ਜਹਾਜ਼ ਹੈ' ਵਿੱਚ ਗਾਏ ਗਏ ਸ਼ਬਦ 'ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਨਾਲ ਕੀਤਾ ਗਿਆ। ਐਂਟਵਾ ਤੋਂ ਜੁੜੇ ਲਖਬੀਰ ਸਿੰਘ ਕਾਹਲੋਂ ਨੇ ਮੁਹੰਮਦ ਰਫ਼ੀ ਦੇ ਗਾਏ ਹੋਏ ਦੋ ਗੀਤ 'ਜੱਗ ਵਾਲਾ ਮੇਲਾ ਯਾਰੋ ਥੋੜ੍ਹੀ ਦੇਰ ਦਾ' ਅਤੇ 'ਸੌ ਬਾਰ ਜਨਮ ਲੇਂਗੇ' ਸੁਣਾਏ। ਉਪਰੰਤ, ਗੁਰਦੀਪ ਕੌਰ ਜੰਡੂ, ਸ਼ਾਮ ਸਿੰਘ ਅੰਗਸੰਗ, ਰਾਜ ਕੁਮਾਰ ਉਸ਼ੋਰਾਜ, ਦੀਪ ਕੁਲਦੀਪ, ਸੁਰਿੰਦਰ ਕੌਰ ਗਿੱਲ, ਸੁਖਚਰਨਜੀਤ ਗਿੱਲ, ਹਰਕੰਵਲ ਕੋਰਪਾਲ, ਮਲੂਕ ਸਿੰਘ ਕਾਹਲੋਂ, ਸਤਪਾਲ ਸਿੰਘ ਕੋਮਲ, ਜਗਮੋਹਨ ਸੰਘਾ, ਤਲਵਿੰਦਰ ਮੰਡ, ਸੁਖਦੇਵ ਝੰਡ, ਰਮਿੰਦਰ ਰੰਮੀ ਤੇ ਜੱਸੀ ਭੁੱਲਰ ਵੱਲੋਂ ਆਪੋ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ ਗਈਆਂ। ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਵੱਲੋਂ ਬੜੇ ਭਾਵਪੂਰਤ ਸ਼ਬਦਾਂ ਵਿਚ ਸਮਾਗ਼ਮ ਦੀ ਕਾਰਵਾਈ ਨੂੰ ਸਮੇਟਿਆ ਗਿਆ। ਉਨ੍ਹਾਂ ਕਿਹਾ ਕਿ ਸੰਜੀਵਨ ਸਿੰਘ ਤੇ ਹੋਰ ਬੁਲਾਰਿਆਂ ਵੱਲੋਂ ਸ਼ਾਮ ਸਿੰਘ ਅੰਗਸੰਗ ਤੇ ਹੋਰਨਾਂ ਵੱਲੋਂ ਸੰਤੋਖ ਸਿੰਘ ਧੀਰ ਹੁਰਾਂ ਬਾਰੇ ਬੜੀਆਂ ਵਧੀਆ ਜਾਣਕਾਰੀ ਭਰਪੂਰ ਗੱਲਾਂ ਸਾਂਝੀਆਂ ਕੀਤੀਆਂ ਗਈਆਂ ਹਨ। ਉਨ੍ਹਾਂ ਵੱਲੋਂ ਸਮਾਗ਼ਮ ਵਿਚ ਸ਼ਾਮਲ ਹੋਏ ਸਮੂਹ-ਸਾਹਿਤ ਪ੍ਰੇਮੀਆਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ। ਸਮਾਗ਼ਮ ਵਿਚ ਗੁਰਚਰਨ ਸਿੰਘ, ਸਿਕੰਦਰ ਸਿੰਘ ਗਿੱਲ, ਹਰਦਿਆਲ ਸਿੰਘ ਝੀਤਾ, ਪਰਮਜੀਤ ਦਿਉਲ ਨੇ ਵੀ ਹਾਜ਼ਰੀ ਭਰੀ। ਸਮਾਗ਼ਮ ਨੂੰ ਜ਼ੂਮ-ਮਾਧਿਅਮ ਨਾਲ ਜੋੜਨ ਅਤੇ ਇਸ ਨੂੰ ਰਿਕਾਰਡ ਕਰਨ ਦੀ ਕਾਰਵਾਈ ਡਾ. ਜਗਮੋਹਨ ਸਿੰਘ ਸੰਘਾ ਵੱਲੋਂ ਬਾਖ਼ੂਬੀ ਨਿਭਾਈ ਗਈ।

# 7.3 ਦੀ ਤੀਬਰਤਾ ਨਾਲ ਕੰਬੀ ਧਰਤੀ, ਮਾਰੇ ਗਏ 14 ਲੋਕ, ਦੇਸ਼ 'ਚ ਲੱਗੀ ਐਮਰਜੰਸੀ

ਨਵੀ ਦਿੱਲੀ : ਦੱਖਣੀ ਪ੍ਰਸ਼ਾਂਤ ਮਹਾਸਾਗਰ ਵਿੱਚ ਸਥਿਤ ਟਾਪੂ ਸਮੂਹ ਵੈਨੂਆਤੂ ਵਿੱਚ ਮੰਗਲਵਾਰ, 17 ਦਸੰਬਰ ਦੀ ਸਵੇਰ ਨੂੰ 7.3 ਤੀਬਰਤਾ ਨਾਲ ਭੂਚਾਲ ਆਇਆ, ਜਿਸ ਨਾਲ ਵੱਡੇ ਪੱਧਰ 'ਤੇ ਤਬਾਹੀ ਹੋਈ ਹੈ। ਭੂਚਾਲ ਦਾ ਕੇਂਦਰ ਵੈਨੂਆਤੂ ਦੇ ਮੁੱਖ ਟਾਪੂ ਇਫਾਤੇ ਤੋਂ 30 ਕਿਲੋਮੀਟਰ ਦੂਰ ਸਮੁੰਦਰ ਦੇ ਹੇਠਾਂ 57 ਕਿਲੋਮੀਟਰ ਦੀ ਡੂੰਘਾਈ 'ਚ ਸੀ। ਇਸ ਭੂਚਾਲ ਕਾਰਨ ਹੁਣ ਤੱਕ 14 ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ ਸੈਂਕੜੇ ਲੋਕ ਜ਼ਖਮੀ ਹੋ ਗਏ ਹਨ। ਰਾਜਧਾਨੀ ਪੋਰਟ ਵਿਲਾ ਸਮੇਤ ਕਈ ਖੇਤਰਾਂ ਵਿੱਚ ਇਮਾਰਤਾਂ ਢਹਿ ਗਈਆਂ ਅਤੇ ਬੁਨਿਆਦੀ ਢਾਂਚੇ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ। ਭੂਚਾਲ ਤੋਂ ਬਾਅਦ, ਬੁੱਧਵਾਰ ਸਵੇਰੇ 5.5 ਤੀਬਰਤਾ ਦੇ ਭੂਚਾਲ ਸਮੇਤ ਖੇਤਰ ਵਿੱਚ ਲਗਾਤਾਰ ਝਟਕੇ ਮਹਿਸੂਸ ਕੀਤੇ ਗਏ। ਸਥਿਤੀ ਦੀ ਗੰਭੀਰਤਾ ਨੂੰ ਦੇਖਦੇ ਹੋਏ, ਸਥਾਨਕ ਪ੍ਰਸ਼ਾਸਨ ਨੇ ਦੇਸ਼ ਭਰ ਵਿੱਚ ਐਮਰਜੈਂਸੀ ਦਾ ਐਲਾਨ ਕਰ ਦਿੱਤਾ ਹੈ ਅਤੇ ਲੋਕਾਂ ਦੀ ਆਵਾਜਾਈ 'ਤੇ ਪਾਬੰਦੀਆਂ ਲਗਾਈਆਂ ਗਈਆਂ ਹਨ। ਆਸਟ੍ਰੇਲੀਆਈ ਵਿਦੇਸ਼ ਅਤੇ ਵਪਾਰ ਵਿਭਾਗ ਨੇ ਦੱਸਿਆ ਹੈ ਕਿ ਇਸ ਖੇਤਰ ਵਿੱਚ ਬਹੁਤ ਸਾਰੇ ਆਸਟ੍ਰੇਲੀਆਈ ਨਾਗਰਿਕ ਮੌਜੂਦ ਹਨ। ਆਸਟਰੇਲੀਆ ਨੇ ਵੈਨੂਆਤੂ ਨੂੰ ਸਹਾਇਤਾ ਸਪਲਾਈ ਭੇਜਣ ਦਾ ਭਰੋਸਾ ਦਿੱਤਾ ਹੈ, ਜਦੋਂ ਕਿ ਸੰਯੁਕਤ ਰਾਸ਼ਟਰ ਨੇ ਵੀ ਰਾਹਤ ਕਾਰਜਾਂ ਵਿੱਚ ਸ਼ਾਮਲ ਹੋਣ ਦੀ ਗੱਲ ਕਹੀ ਹੈ। ਹਾਲਾਂਕਿ ਭੂਚਾਲ ਕਾਰਨ ਬੰਦਰਗਾਹ ਅਤੇ ਹਵਾਈ ਅੱਡੇ ਵੱਲ ਜਾਣ ਵਾਲੀਆਂ ਸੜਕਾਂ ਦੇ ਨੁਕਸਾਨ ਕਾਰਨ ਰਾਹਤ ਕਾਰਜਾਂ 'ਚ ਰੁਕਾਵਟ ਆ ਰਹੀ ਹੈ, ਜਿਸ ਕਾਰਨ ਵੈਨੂਆਤੂ ਦੀ ਰਾਜਧਾਨੀ ਪੋਰਟ ਵਿਲਾ 'ਚ ਸਥਿਤ ਅਮਰੀਕਾ ਅਤੇ ਹੋਰ ਦੇਸ਼ਾਂ ਦੇ ਦੂਤਾਵਾਸਾਂ ਨੂੰ ਵੀ ਭਾਰੀ ਨੁਕਸਾਨ ਪਹੁੰਚਿਆ ਹੈ। ਭੂਚਾਲ ਤੋਂ ਤੁਰੰਤ ਬਾਅਦ ਸੁਨਾਮੀ ਦੀ ਚਿਤਾਵਨੀ ਜਾਰੀ ਕੀਤੀ ਗਈ ਸੀ, ਹਾਲਾਂਕਿ ਹੁਣ ਇਸ ਨੂੰ ਹਟਾ ਲਿਆ ਗਿਆ ਹੈ। ਇੰਟਰਨੈੱਟ ਅਤੇ ਹੋਰ ਸੰਚਾਰ ਸੇਵਾਵਾਂ ਵਿੱਚ ਵਿਘਨ ਪਿਆ ਹੈ, ਜਿਸ ਨਾਲ ਸਥਿਤੀ ਹੋਰ ਮੁਸ਼ਕਲ ਹੋ ਗਈ ਹੈ। ਦੱਸ ਦਈਏ ਕਿ 80 ਛੋਟੇ ਟਾਪੂਆਂ ਦਾ ਦੇਸ਼ ਵੈਨੂਆਤੂ ਇੱਕ ਸਰਗਰਮ ਭੂਚਾਲ ਵਾਲੇ ਖੇਤਰ ਵਿੱਚ ਸਥਿਤ ਹੈ। ਇਹ ਖੇਤਰ ਅਕਸਰ ਭੂਚਾਲ ਅਤੇ ਹੋਰ ਕੁਦਰਤੀ ਆਫ਼ਤਾਂ ਦਾ ਸਾਹਮਣਾ ਕਰਦਾ ਹੈ। ਮੰਗਲਵਾਰ ਨੂੰ ਆਏ ਇਸ ਸ਼ਕਤੀਸ਼ਾਲੀ ਭੂਚਾਲ ਨੇ ਦੇਸ਼ ਨੂੰ ਇੱਕ ਵਾਰ ਫਿਰ ਤਬਾਹੀ ਦੀ ਸਥਿਤੀ ਵਿੱਚ ਪਾ ਦਿੱਤਾ ਹੈ।

# ਫਰਿਜ਼ਨੋ ਵਿਖੇ ਸੜਕ ਹਾਦਸੇ ਵਿੱਚ ਦੋ ਸਿੱਖ ਬੱਚਿਆਂ ਦੀ ਹੋਈ ਮੌਤ




ਫਰਿਜ਼ਨੋ, ਕੈਲੇਫੋਰਨੀਆਂ (ਨੀਟਾ ਮਾਛੀਕੇ/ ਕੁਲਵੰਤ ਧਾਲੀਆਂ): ਬੀਤੇ ਦਿਨੀ ਫਰਿਜ਼ਨੋ ਵਿਖੇ ਮੋਟਰਸਾਈਕਲ ਸਵਾਰ ਦੋ ਸਿੱਖ ਬੱਚਿਆਂ ਦੀ ਹਾਦਸੇ ਵਿੱਚ ਮੌਤ ਹੋ ਗਈ। ਇਸ ਸੰਬੰਧੀ ਸਥਾਨਿਕ ਪੁਲਿਸ ਦੇ ਅਨੁਸਾਰ ਐਤਵਾਰ ਰਾਤ 8 ਵਜੇ ਦੇ ਕਰੀਬ ਸੰਨੀਸਾਈਡ ਅਤੇ ਬਰਡ ਐਵੇਨਿਊਜ਼ 'ਤੇ ਇਹ ਹਾਦਸਾ ਵਾਪਰਿਆ। ਉਨ੍ਹਾਂ ਦੇ ਮੋਟਰਸਾਈਕਲ ਅਤੇ ਐਮਾਜ਼ਾਨ ਦੇ ਡਿਲਿਵਰੀ ਵੈਨ ਵਿੱਚ ਟੱਕਰ ਹੋਣ ਨਾਲ ਇੰਨ੍ਹਾਂ ਬੱਚਿਆ ਦੀ ਮੌਤ ਹੋ ਗਈ। ਇੰਨਾਂ ਬੱਚਿਆਂ ਦੇ ਕੋਈ ਸੁਰੱਖਿਆ ਗੀਅਰ (ਹਿੱਲਮਟ) ਵੀ ਨਹੀਂ ਪਾਈ ਹੋਈ ਸੀ। ਜਦ ਕਿ ਐਮਾਜ਼ਾਨ ਦੇ ਵੈਨ ਡਰਾਈਵਰ ਨੂੰ ਕੋਈ ਸੱਟ ਨਹੀਂ ਲੱਗੀ। ਇਸ ਘਟਨਾ ਸੰਬੰਧੀ ਸਥਾਨਕ ਪੁਲਿਸ ਜਾਂਚ ਕਰ ਰਹੀ ਹੈ।

ਇਸ ਹਾਦਸੇ ਵਿੱਚ ਮਾਰੇ ਜਾਣ ਵਾਲੇ ਦੋਨੋ ਬੱਚੇ ਗੁਰਸਿੱਖ ਪਰਿਵਾਰਾਂ ਨਾਲ ਸਬੰਧਤ ਸਨ। ਜੋ ਪਰਿਵਾਰ ਗੁਰਦੁਆਰਾ ਗੁਰ ਨਾਨਕ ਪ੍ਰਕਾਸ਼ ਨਾਲ ਜੁੜੇ ਹੋਏ ਹਨ। ਇਸ ਬਾਰੇ ਭਾਈਚਾਰਕ ਸੂਤਰਾਂ ਤੋਂ ਪਤਾ ਲੱਗਾ ਸਵ. ਅੰਤਰਪ੍ਰੀਤ ਸਿੰਘ ਪੁੱਤਰ ਖੁਸ਼ਪਾਲ ਸਿੰਘ। ਸਵ. ਹਰਜਾਪ ਸਿੰਘ ਪੁੱਤਰ ਰਾਜ ਸਿੰਘ ਦੋਵੇ ਹੀ ਨੌਜਵਾਨ ਦੀ ਉਮਰ 13 ਤੋਂ 15 ਦੱਸੀ ਜੀ ਰਹੀ ਹੈ। ਦੋਵੇਂ ਮਾਪਿਆਂ ਦੇ ਇਕਲੌਤੇ ਪੁੱਤਰ ਸਨ। ਘਰੋਂ ਵੈਸੇ ਹੀ ਲੋਗੜ ਗੇੜਾ ਦੇਣ ਲਈ ਘਰੋਂ ਮੋਟਰਸਾਈਕਲ ਤੇ ਸਵਾਰ ਹੋਕੇ ਨਿੱਕਲੇ, ਐਮਾਜ਼ਨ ਦੀ ਵੈਨ ਨਾਲ ਜਾ ਟਕਰਾਏ। ਬੱਚਿਆਂ ਨੇ ਹੈਲਮੇਟ ਵੀ ਨਹੀਂ ਪਹਿਨੇ ਹੋਏ ਸਨ। ਦੋਵਾਂ ਦੀ ਮੌਕੇ ਤੇ ਮੌਤ ਹੋ ਗਈ। ਦੋਵੇ ਬੱਚੇ ਗੁਰਦੁਆਰਾ ਨਾਨਕ ਪ੍ਰਕਾਸ਼ ਦੀ ਗੱਤਕਾ ਟੀਮ ਦੇ ਹੋਣਹਾਰ ਮੈਂਬਰ ਸਨ । ਇਹਨਾਂ ਦੀ ਆਤਮਿਕ ਸ਼ਾਂਤੀ ਲਈ ਐਕਸੀਡੈਂਟ ਵਾਲੀ ਜਗ੍ਹਾ ਤੇ ਸੰਗਤਾਂ ਵੱਲੋਂ ਜਾਪ ਕੀਤਾ ਗਿਆ। ਇਸ ਮੰਦਭਾਗੀ ਘਟਨਾ ਕਰਕੇ ਫਰਿਜ਼ਨੋ ਦਾ ਪੰਜਾਬੀ ਭਾਈਚਾਰਾ ਗਹਿਰੇ ਸੋਗ ਵਿੱਚ ਹੈ। ਦੁੱਖ ਸਾਂਝਾ ਕਰਨ ਲਈ ਰਾਜ ਸਿੰਘ ਦਾ ਫੋਨ ਨੰਬਰ 559-892-3006, ਖੁਸ਼ਪਾਲ ਸਿੰਘ ਦਾ ਨੰਬਰ 559-289-4121, ਪ੍ਰਮਾਤਮਾ ਇਸ ਅੱਤ ਮਾੜੇ ਦੌਰ ਵਿੱਚ ਦੋਵੇਂ ਪਰਿਵਾਰਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਅਸੀਂ ਮਾਛੀਕੇ / ਧਾਲੀਆਂ ਮੀਡੀਆ ਗਰੁੱਪ ਦੋਵੇਂ ਪਰਿਵਾਰਾਂ ਦੇ ਦੁੱਖ ਵਿੱਚ ਸ਼ਰੀਕ ਡਾਢੇ ਦੁੱਖ ਦਾ ਪ੍ਰਗਟਾਵਾ ਕਰਦੇ ਹਾਂ ।

# ਗਿੱਗ ਕੰਪਨੀ ਵੱਲੋਂ ਸੁਰੱਖਿਅਤ ਵਿੰਟਰ ਡਰਾਇਵਿੰਗ ਦੀ ਟ੍ਰੇਨਿੰਗ ਦਿੱਤੀ



ਟੋਰਾਂਟੋਂ (ਹਰਜੀਤ ਸਿੰਘ ਬਾਜਵਾ): ਮੌਸਮ ਵਿੱਚ ਆ ਰਹੀ ਤਬਦੀਲੀ ਅਤੇ ਬਰਫਬਾਰੀ ਦੌਰਾਨ ਤਿਲਕਣ ਬਾਜੀ ਤੋਂ ਬਚਾਅ ਕਰਨ ਲਈ ਗਿੱਗ ਮੋਟਰ ਐਕਸਪ੍ਰੈਸ ਵੱਲੋਂ ਆਪਣੇ ਡਰਾਇਵਰਾਂ ਨੂੰ ਖਰਾਬ ਮੌਸਮ ਅਤੇ ਬਰਫ਼ਬਾਰੀ ਦੌਰਾਨ ਸੁਰੱਖਿਅਤ ਡਰਾਇਵਿੰਗ ਕਰਨ ਲਈ ਵਿੰਟਰ ਟ੍ਰੇਨਿੰਗ ਦਾ ਇੰਤਜ਼ਾਮ ਮਿਸੀਸਾਗਾ ਵਿਖੇ ਕੀਤਾ ਗਿਆ ਜਿਸ ਵਿੱਚ ਸੁਰੱਖਿਅਤ ਡਰਾਇੰਵਿੰਗ ਕਰਦਿਆਂ ਕਿਹਨਾਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ ਬਾਰੇ ਸੇਫਟੀ ਮੈਨੇਜ਼ਰ ਮਿ: ਜਾਫਰ ਮੁਹੰਮਦ ਅਤੇ ਉਹਨਾਂ ਦੇ ਸਟਾਫ ਵੱਲੋਂ ਮਾੜੇ ਚੰਗੇ ਮੌਸਮ ਵਿੱਚ ਕਾਹਲੀ ਨਾਂ ਕਰਨ ਦੀ ਸਲਾਹ ਦਿੰਦਿਆਂ ਆਖਿਆ ਕਿ ਕਾਹਲੀ ਨਾਲ ਪੁੱਟਿਆ ਇੱਕ ਕਦਮ ਵੀ ਕਈਆਂ ਦੀਆਂ ਜਾਨਾਂ ਦਾ ਖਾਊ ਬਣ ਸਕਦਾ ਹੈ ਅਤੇ ਡਰਾਇਵਿੰਗ ਕਰਦਿਆਂ ਤਰ੍ਹਾਂ ਤਰ੍ਹਾਂ ਦੇ ਸਟੰਟ ਤਾਂ ਹੋਰ ਵੀ ਖਤਰਨਾਕ ਸਾਬਤ ਹੋ ਸਕਦੇ ਹਨ, ਉਹਨਾਂ ਵੱਲੋਂ ਇਸ ਮੌਕੇ ਸੁਰੱਖਿਅਤ ਡਰਾਇੰਵਿੰਗ ਕਰਨ ਦੀਆਂ ਕਈ ਵਿਧੀਆਂ ਵਾਲੀਆਂ ਵੀਡੀਉ ਵੀ ਦਿਖਾਈਆਂ ਅਤੇ ਡਰਾਇਵਰਾਂ ਨੂੰ ਵਾਰ ਵਾਰ ਸੁਰੱਖਿਅਤ ਡਰਾਇੰਗ ਕਰਨ ਦੀ ਬੇਨਤੀ ਵੀ ਕੀਤੀ। ਇਸ ਮੌਕੇ ਡਿਸਪੈਚਰ ਸੰਦੀਪ ਸ਼ਰਮਾ, ਹਰਮਨ ਬੈਂਸ, ਸਾਹਿਲ ਚੌਧਰੀ,ਪਵਨ ਕੁਮਾਰ, ਮਲਕੀਤ ਸਿੰਘ,ਰਣਦੀਪ ਸਿੰਘ ਰਾਣਾ,ਡਰਾਇਵਰ ਹਰਜਿੰਦਰ ਸਿੱਧੂ, ਜਸਵੀਰ ਸਿੰਘ, ਜਸ਼ਨ, ਮਨਪ੍ਰੀਤ ਵੜਾਇਚ, ਗੁਰਵਿੰਦਰ ਬੈਨੀਪਾਲ,ਹਰਦੀਪ ਨਿੱਝਰ, ਮੁਹੰਮਦ ਖਾਨ, ਹਰਿੰਦਰ (ਹੈਰੀ) ਗਰੇਵਾਲ, ਜਸਵਿੰਦਰ ਢਿੱਲੋਂ, ਬਰਿੰਦਰਜੀਤ ਸਿੰਘ, ਇੰਦਰਜੀਤ ਸਿੰਘ, ਓਮਰ ਮੁਹੰਮਦ,ਵਿਜੇਪਾਲ ਸਿੰਘ ਨਿੱਝਰ, ਅਵੀਨਾਸ਼ ਕੁਮਾਰ, ਸੁਖਵਿੰਦਰ ਜੌਹਲ,ਮਨਦੀਪ ਸਿੰਘ,ਕਰਮਜੀਤ ਸਿੰਘ, ਤੀਰਥ ਸਿੰਘ,ਅਮਰਜੀਤ ਸਿੰਘ ਕੰਗ, ਸ੍ਰ. ਅਮਰਜੀਤ ਸਿੰਘ, ਸਮੇਤ ਹੋਰ ਵੀ ਅਨੇਕਾਂ ਹੀ ਲੋਕ ਹਾਜ਼ਰ ਮੌਜੂਦ ਸਨ।

# ਵਰਕ ਪਰਮਿਟ ਦੀ ਮਿਆਦ 180 ਦਿਨਾਂ ਤੋਂ ਵੱਧ ਕੇ 540 ਦਿਨ ਹੋਈ



ਵਾਸ਼ਿੰਗਟਨ : ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਉਰਿਟੀ ਨੇ ਵਰਕ ਪਰਮਿਟ ਨਾਲ ਸੰਬੰਧਤ ਨਵੇਂ ਨਿਯਮ ਦੀ ਘੋਸ਼ਣਾ ਕੀਤੀ ਹੈ। ਇਸ ਨਾਲ ਯੋਗ ਗੈਰ-ਨਾਗਰਿਕਾਂ ਲਈ ਵਰਕ ਪਰਮਿਟ ਲਈ ਆਟੋਮੈਟਿਕ ਐਕਸਟੈਂਸ਼ਨ ਦੀ ਮਿਆਦ 180 ਦਿਨਾਂ ਤੋਂ ਵਧਾ ਕੇ 540 ਦਿਨਾਂ ਤੱਕ ਕਰ ਦਿੱਤੀ ਗਈ ਹੈ। ਇਹ ਤਬਦੀਲੀ 13 ਜਨਵਰੀ, 2025 ਤੋਂ ਲਾਗੂ ਹੋਵੇਗੀ।

ਇਸ ਨਵੇਂ ਨਿਯਮ ਨਾਲ ਉਨ੍ਹਾਂ ਲੋਕਾਂ ਨੂੰ ਫਾਇਦਾ ਹੋਵੇਗਾ, ਜਿਹੜੇ ਲੋਕ ਅਮਰੀਕਾ ਵਿਚ ਵਰਕ ਪਰਮਿਟ 'ਤੇ ਰਹਿ ਕੇ ਆਪਣੇ ਕੰਮ ਧੰਦੇ ਕਰ ਰਹੇ ਹਨ। ਇਸ ਨਿਯਮ ਨਾਲ ਜਿੱਥੇ ਕਰਮਚਾਰੀਆਂ ਨੂੰ ਫਾਇਦਾ ਹੋਵੇਗਾ, ਉਥੇ ਉਨ੍ਹਾਂ ਦੇ ਮਾਲਕਾਂ ਨੂੰ ਵੀ ਸਥਿਰਤਾ ਪ੍ਰਦਾਨ ਕਰੇਗਾ। ਇਸ ਨਾਲ ਦੁਬਾਰਾ ਵਰਕ ਪਰਮਿਟ ਨਵਿਆਉਣ ਦੀ ਧੜਕੂ ਖਤਮ ਹੋ ਜਾਵੇਗੀ।

ਇਹ ਐਕਸਟੈਂਸ਼ਨ ਉਨ੍ਹਾਂ ਕਾਮਿਆਂ ਨੂੰ ਰਾਹਤ ਦਿੰਦੀ ਹੈ, ਜੋ ਆਪਣੇ ਪਰਿਵਾਰਾਂ ਦਾ ਸਮਰਥਨ ਕਰਨ ਲਈ ਸਮੇਂ ਸਿਰ ਨਵਿਆਉਣ 'ਤੇ ਨਿਰਭਰ ਕਰਦੇ ਹਨ। ਇਹ ਨਿਯਮ ਬਦਲਾਵ ਵ੍ਹਾਈਟ ਹਾਊਸ ਕਮਿਸ਼ਨ ਆਨ ਏਸ਼ੀਅਨ ਅਮਰੀਕਨ, ਨੇਟਿਵ ਹਵਾਈਅਨ, ਅਤੇ ਪੈਸੀਫਿਕ ਆਈਲੈਂਡਰਜ਼ ਅਤੇ ਵਪਾਰਕ ਭਾਈਚਾਰੇ ਦੀਆਂ ਸਿਫ਼ਾਰਸ਼ਾਂ ਤੋਂ ਬਾਅਦ ਆਇਆ ਹੈ।

ਇਸ ਨਾਲ ਇਮੀਗ੍ਰੇਸ਼ਨ 'ਚ ਚੱਲ ਰਹੇ ਬੈਕਲਾਗ ਨੂੰ ਹੱਲ ਕਰਨ ਵਿਚ ਵੀ ਮਦਦ ਮਿਲੇਗੀ। ਹੋਮਲੈਂਡ ਸਕਿਓਰਿਟੀ ਸੈਕਟਰੀ ਅਲੇਜੈਂਡਰੋ ਐਨ. ਮੇਅਰਕਾਸ ਨੇ ਸਮਝਾਇਆ ਕਿ ਨਿਯਮ ਰੁਜ਼ਗਾਰਦਾਤਾਵਾਂ ਲਈ ਬੇਲੋੜੀ ਕਾਗਜ਼ੀ ਕਾਰਵਾਈ ਨੂੰ ਘਟਾ ਕੇ ਅਤੇ ਇਹ ਯਕੀਨੀ ਬਣਾ ਕੇ ਆਰਥਿਕਤਾ ਵਿਚ ਮਦਦ ਕਰੇਗਾ ਕਿ ਯੋਗ ਕਰਮਚਾਰੀ ਆਪਣੇ ਭਾਈਚਾਰਿਆਂ ਵਿਚ ਯੋਗਦਾਨ ਦੇਣਾ ਜਾਰੀ ਰੱਖ ਸਕਦੇ ਹਨ।

ਯੂ.ਐੱਸ.ਸੀ.ਆਈ.ਐੱਸ. ਦੇ ਨਿਰਦੇਸ਼ਕ ਉਰ ਐੱਮ. ਜਾਡੋ ਨੇ ਅੱਗੇ ਕਿਹਾ ਕਿ ਨਵਾਂ ਨਿਯਮ ਕਰਮਚਾਰੀਆਂ ਦੇ ਬਿਨਾਂ ਕਿਸੇ ਕਸੂਰ ਦੇ ਕੰਮ ਦੇ ਅਧਿਕਾਰ ਵਿਚ ਪਾੜੇ ਨੂੰ ਰੋਕਣ ਵਿਚ ਮਦਦ ਕਰਦਾ ਹੈ। ਇਹ ਨਿਯਮ ਈ.ਏ.ਡੀ. ਨਵਿਆਉਣ ਦੀਆਂ ਅਰਜ਼ੀਆਂ 'ਤੇ ਲਾਗੂ ਹੋਵੇਗਾ, ਜੋ 4 ਮਈ, 2022 ਨੂੰ ਜਾਂ ਇਸ ਤੋਂ ਬਾਅਦ ਦਾਇਰ ਕੀਤੀਆਂ ਗਈਆਂ ਹਨ, ਅਤੇ ਜੋ ਅਜੇ ਵੀ ਉਡੀਕ ਕਰ ਰਹੀਆਂ ਹਨ। ਇਹ ਪ੍ਰੋਸੈਸਿੰਗ ਵਿਚ ਦੇਰੀ ਨੂੰ ਘਟਾਉਣ ਅਤੇ ਕਰਮਚਾਰੀਆਂ ਲਈ ਨੌਕਰੀ ਦੀ ਸਥਿਰਤਾ 'ਚ ਸੁਧਾਰ ਕਰਨ ਵਿਚ ਸਹਾਈ ਹੋਵੇਗੀ।



# ਪੰਜਾਬ ਕਾਂਗਰਸ ਨੇ ਗੌਤਮ ਅਡਾਨੀ ਅਤੇ ਮਨੀਪੁਰ ਮੁੱਦੇ 'ਤੇ ਚੁੱਪੀ ਲਈ ਭਾਜਪਾ ਖ਼ਿਲਾਫ਼ ਕੀਤਾ ਵਿਸ਼ਾਲ ਰੋਸ ਪ੍ਰਦਰਸ਼ਨ




ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਲੁਧਿਆਣਾ ਤੋਂ ਸੰਸਦ ਮੈਂਬਰ ਸ. ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਅਗਵਾਈ ਹੇਠ ਅੱਜ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਅਤੇ ਭਾਰਤੀ ਅਰਬਪਤੀ ਗੌਤਮ ਅਡਾਨੀ ਦਰਮਿਆਨ ਹੋਏ ਨਾਪਾਕ ਗਠਜੋੜ ਦੇ ਖਿਲਾਫ਼ ਡੱਟ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਵਿਰੋਧ ਪ੍ਰਦਰਸ਼ਨ ਨੇ ਮਨੀਪੁਰ ਵਿੱਚ ਚੱਲ ਰਹੀ ਹਿੰਸਾ ਅਤੇ ਨਸਲੀ ਝਗੜੇ ਬਾਰੇ ਭਾਜਪਾ ਸਰਕਾਰ ਦੀ ਚੁੱਪ ਨੂੰ ਵੀ ਉਜਾਗਰ ਕੀਤਾ, ਜਿਸ ਨੇ ਇਸ ਖੇਤਰ ਨੂੰ ਨਿਰਾਸ਼ਾ ਦੀ ਸਥਿਤੀ ਵਿੱਚ ਧੱਕ ਦਿੱਤਾ ਹੈ। ਇਸ ਧਰਨੇ ਨੂੰ ਸੰਬੋਧਨ ਕਰਦਿਆਂ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ, "ਮੋਦੀ-ਅਡਾਨੀ ਦੀ ਮਿਲੀਭੁਗਤ ਇਸ ਦੇਸ਼ ਨਾਲ ਕੀਤਾ ਗਿਆ ਸਭ ਤੋਂ ਵੱਡਾ ਧੋਖਾ ਹੈ। ਗੌਤਮ ਅਡਾਨੀ ਵਰਗੇ ਪੂੰਜੀਪਤੀਆਂ ਦਾ ਪੱਖ ਪੂਰਨ ਲਈ ਜਨਤਕ ਦੌਲਤ ਦੀ ਲੁੱਟ ਕੀਤੀ ਗਈ ਹੈ, ਜਦੋਂ ਕਿ ਆਮ ਨਾਗਰਿਕਾਂ ਨੂੰ ਨੁਕਸਾਨ ਝੱਲਣਾ ਪੈ ਰਿਹਾ ਹੈ। ਅਡਾਨੀ ਵਿਰੁੱਧ ਅਮਰੀਕੀ ਦੋਸ਼ਾਂ ਦਾ ਖੁਲਾਸਾ ਹੋਇਆ ਹੈ, ਜਿਸਨੂੰ ਭਾਜਪਾ ਦੁਆਰਾ ਨਿਯੰਤਰਿਤ-ਭਾਰਤ ਦੀਆਂ ਜਾਂਚ ਏਜੰਸੀਆਂ ਨੇ ਜਾਣਬੁੱਝ ਕੇ ਛੁਪਾਇਆ ਹੈ, ਇਹ ਪ੍ਰਧਾਨ ਮੰਤਰੀ ਦੁਆਰਾ ਆਪਣੇ ਨਜ਼ਦੀਕੀ ਮਿੱਤਰ ਨੂੰ ਬਚਾਉਣ ਲਈ ਇੱਕ ਸੋਚੀ ਸਮਝੀ ਸਾਜਿਸ਼ ਹੈ। ਅਸੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ-ਅਡਾਨੀ ਘੁਟਾਲੇ ਦੀ ਸਾਂਝੀ ਸੰਸਦੀ ਕਮੇਟੀ ਦੀ ਜਾਂਚ ਸਮੇਤ ਤੁਰੰਤ ਕਾਰਵਾਈ ਦੀ ਮੰਗ ਕਰਦੇ ਹਨ।

"ਗੌਤਮ ਅਡਾਨੀ ਅਤੇ ਉਸਦੇ ਸਹਿਯੋਗੀਆਂ ਦੇ ਖਿਲਾਫ਼ ਬਰੁਕਲਿਨ ਵਿੱਚ ਸੰਘੀ ਵਕੀਲਾਂ ਦੁਆਰਾ ਹਾਲ ਹੀ ਵਿੱਚ ਲਗਾਏ ਗਏ ਦੋਸ਼ ਭ੍ਰਿਸ਼ਟਾਚਾਰ, ਧੋਖਾਧੜੀ ਅਤੇ ਮਨੀ ਲਾਂਡਰਿੰਗ ਦਾ ਪਰਦਾਫਾਸ਼ ਕਰਦੇ ਹਨ, ਜੋ ਕਿ ਭਾਰਤ ਦੇ ਵਿਸ਼ਵਵਿਆਪੀ ਅਕਸ ਨੂੰ ਖਰਾਬ ਕਰਦੇ ਹਨ। ਕਾਰਪੋਰੇਟ ਜਵਾਬਦੇਹੀ ਯਕੀਨੀ ਬਣਾਉਣ ਵਿੱਚ ਭਾਜਪਾ ਸਰਕਾਰ ਦੀ ਅਸਫਲਤਾ ਨਿਵੇਸ਼ਕਾਂ ਦੇ ਵਿਸ਼ਵਾਸ ਨੂੰ ਘਟਾਉਂਦੀ ਹੈ ਅਤੇ ਆਰਥਿਕ ਸਥਿਰਤਾ ਨੂੰ ਖਤਰੇ ਵਿੱਚ ਪਾਉਂਦੀ ਹੈ। ਇਸਦੇ ਬਾਵਜੂਦ, ਮੋਦੀ ਸਰਕਾਰ ਸੰਸਦੀ ਵਿਚਾਰ-ਵਟਾਂਦਰੇ ਵਿੱਚ ਰੁਕਾਵਟ ਪਾਉਂਦੀ ਹੈ, ਜਨਤਾ ਦੇ ਭਰੋਸੇ ਨੂੰ ਧੋਖਾ ਦਿੰਦੀ ਹੈ, ਦੇਸ਼ ਦੇ ਲੋਕ ਜਵਾਬਦੇਹੀ ਦੇ ਹੱਕਦਾਰ ਹਨ, ਨਾ ਕਿ ਇਸ ਚੁੱਪ ਦੇ!" ਪ੍ਰਦੇਸ਼ ਕਾਂਗਰਸ ਪ੍ਰਧਾਨ ਨੇ ਕਿਹਾ।

ਵੜਿੰਗ ਨੇ ਕਥਿਤ ਘੁਟਾਲੇ ਦੀ ਹੱਦ 'ਤੇ ਰੌਸ਼ਨੀ ਪਾਉਂਦੇ ਹੋਏ ਕਿਹਾ, "ਜਦੋਂ ਕੋਈ ਵੀ ਸਰਕਾਰ ਸੂਰਜੀ ਊਰਜਾ ਦੀਆਂ ਉੱਚੀਆਂ ਕੀਮਤਾਂ ਨੂੰ ਚੁੱਕਣ ਲਈ ਤਿਆਰ ਨਹੀਂ ਸੀ, ਤਾਂ ਗੌਤਮ ਅਡਾਨੀ ਨੇ ਆਂਧਰਾ ਪ੍ਰਦੇਸ਼ ਦੇ ਅਧਿਕਾਰੀਆਂ ਤੱਕ ਪਹੁੰਚ ਕੀਤੀ ਅਤੇ ਪ੍ਰਤੀ ਮੈਗਾਵਾਟ ਰੁਪਏ 25 ਲੱਖ ਦੀ ਰਿਸ਼ਵਤ ਦੀ ਪੇਸ਼ਕਸ਼ ਕੀਤੀ। ਨਤੀਜੇ ਵਜੋਂ, ਆਂਧਰਾ ਪ੍ਰਦੇਸ਼ ਸਰਕਾਰ SECI ਤੋਂ 7,000 ਮੈਗਾਵਾਟ ਦੀ ਖਰੀਦ ਕਰਨ ਲਈ ਸਹਿਮਤ ਹੋ ਗਈ, ਜਿਸਦੀ ਰਕਮ ਰਿਸ਼ਵਤ ਦੇ ਤੌਰ 'ਤੇ 1,750 ਕਰੋੜ ਰੁਪਏ ਸੀ। ਇਨ੍ਹਾਂ ਸਕੀਮਾਂ ਨੇ ਗੌਤਮ ਅਡਾਨੀ ਨੂੰ 16,895 ਕਰੋੜ ਰੁਪਏ ਦਾ ਮੁਨਾਫ਼ਾ ਕਮਾਉਣ ਦੇ ਯੋਗ ਬਣਾਇਆ, ਜਿਸ ਨਾਲ ਆਮ ਨਾਗਰਿਕਾਂ ਨੂੰ ਬਿਜਲੀ ਦੀਆਂ ਉੱਚੀਆਂ ਕੀਮਤਾਂ ਦਾ ਬੋਝ ਝੱਲਣਾ ਪਿਆ।" ਮਨੀਪੁਰ ਦੇ ਸੰਕਟ 'ਤੇ, ਵੜਿੰਗ ਨੇ ਭਾਜਪਾ ਸਰਕਾਰ 'ਤੇ ਵਰ੍ਹਦਿਆਂ ਕਿਹਾ, "ਜਦੋਂ ਮਨੀਪੁਰ ਸੜ ਰਿਹਾ ਹੈ, ਪ੍ਰਧਾਨ ਮੰਤਰੀ ਮੋਦੀ ਅਤੇ ਉਨ੍ਹਾਂ ਦੀ ਪਾਰਟੀ ਹੈਰਾਨ ਕਰਨ ਵਾਲੀ ਉਦਾਸੀਨਤਾ ਦਾ ਪ੍ਰਦਰਸ਼ਨ ਜਾਰੀ ਰੱਖ ਰਹੀ ਹੈ। ਮਨੀਪੁਰ ਦੇ ਮੁੱਖ ਮੰਤਰੀ, ਜੋ ਸ਼ਾਂਤੀ ਬਹਾਲ ਕਰਨ ਵਿੱਚ ਪੂਰੀ ਤਰ੍ਹਾਂ ਅਸਫ਼ਲ ਰਹੇ ਹਨ, ਫਿਰ ਵੀ ਉਹ ਸੱਤਾ ਵਿੱਚ ਹਨ।

ਜਦੋਂ ਕਿ ਇਹ ਅਪਰਾਧਿਕ ਲਾਪਰਵਾਹੀ ਤੋਂ ਘੱਟ ਨਹੀਂ ਹੈ, ਮਨੀਪੁਰ ਦੇ ਬੇਸਹਾਰਾਂ ਲੋਕ ਇਨਸਾਫ਼ ਦੇ ਹੱਕਦਾਰ ਹਨ, ਨਾ ਕਿ ਅੰਬਾਨੀ ਦੇ ਵਿਆਹਾਂ 'ਤੇ ਨੱਚਣ ਵਾਲੀ ਸਰਕਾਰ ਦੇ!" ਉੜੀਸਾ, ਤਾਮਿਲਨਾਡੂ, ਛੱਤੀਸਗੜ੍ਹ ਅਤੇ ਜੰਮੂ ਅਤੇ ਕਸ਼ਮੀਰ ਵਿੱਚ ਵੀ ਇਸੇ ਤਰ੍ਹਾਂ ਦੇ ਹੀ ਸੌਦੇ ਹੋਏ, ਜਿਨ੍ਹਾਂ ਵਿੱਚ ਕੁੱਲ 2,238 ਕਰੋੜ ਰੁਪਏ ਰਿਸ਼ਵਤ ਦਿੱਤੇ ਗਏ। ਇਨ੍ਹਾਂ ਸਕੀਮਾਂ ਨੇ ਗੌਤਮ ਅਡਾਨੀ ਨੂੰ 16,895 ਕਰੋੜ ਰੁਪਏ ਦਾ ਮੁਨਾਫ਼ਾ ਕਮਾਉਣ ਦੇ ਯੋਗ ਬਣਾਇਆ, ਜਿਸ ਨਾਲ ਆਮ ਨਾਗਰਿਕਾਂ ਨੂੰ ਬਿਜਲੀ ਦੀਆਂ ਉੱਚੀਆਂ ਕੀਮਤਾਂ ਦਾ ਬੋਝ ਝੱਲਣਾ ਪਿਆ।" ਮਨੀਪੁਰ ਦੇ ਸੰਕਟ 'ਤੇ, ਵੜਿੰਗ ਨੇ ਭਾਜਪਾ ਸਰਕਾਰ 'ਤੇ ਵਰ੍ਹਦਿਆਂ ਕਿਹਾ, "ਜਦੋਂ ਮਨੀਪੁਰ ਸੜ ਰਿਹਾ ਹੈ, ਪ੍ਰਧਾਨ ਮੰਤਰੀ ਮੋਦੀ ਅਤੇ ਉਨ੍ਹਾਂ ਦੀ ਪਾਰਟੀ ਹੈਰਾਨ ਕਰਨ ਵਾਲੀ ਉਦਾਸੀਨਤਾ ਦਾ ਪ੍ਰਦਰਸ਼ਨ ਜਾਰੀ ਰੱਖ ਰਹੀ ਹੈ। ਮਨੀਪੁਰ ਦੇ ਮੁੱਖ ਮੰਤਰੀ, ਜੋ ਸ਼ਾਂਤੀ ਬਹਾਲ ਕਰਨ ਵਿੱਚ ਪੂਰੀ ਤਰ੍ਹਾਂ ਅਸਫ਼ਲ ਰਹੇ ਹਨ, ਫਿਰ ਵੀ ਉਹ ਸੱਤਾ ਵਿੱਚ ਹਨ। ਜਦੋਂ ਕਿ ਇਹ ਅਪਰਾਧਿਕ ਲਾਪਰਵਾਹੀ ਤੋਂ ਘੱਟ ਨਹੀਂ ਹੈ, ਮਨੀਪੁਰ ਦੇ ਬੇਸਹਾਰਾਂ ਲੋਕ ਇਨਸਾਫ਼ ਦੇ ਹੱਕਦਾਰ ਹਨ, ਨਾ ਕਿ ਅੰਬਾਨੀ ਦੇ ਵਿਆਹਾਂ 'ਤੇ ਨੱਚਣ ਵਾਲੀ ਸਰਕਾਰ ਦੇ!"

# DSP ਦੇ ਘਰ ਨੂੰ ਲੱਗੀ ਭਿਆਨਕ ਅੱਗ

## ਪਤੀ, ਪਤਨੀ, ਪੁੱਤਰ, ਧੀ ਅਤੇ ਪੋਤੀ ਸਮੇਤ 6 ਦੀ ਮੌਤ





ਜੰਮੂ-ਕਸ਼ਮੀਰ: ਜੰਮੂ-ਕਸ਼ਮੀਰ ਦੇ ਕਠੂਆ ਵਿੱਚ ਇੱਕ ਸੇਵਾਮੁਕਤ DSP ਦੇ ਘਰ ਵਿੱਚ ਅੱਗ ਲੱਗਣ ਕਾਰਨ ਛੇ ਲੋਕਾਂ ਦੀ ਮੌਤ ਹੋ ਗਈ ਅਤੇ ਚਾਰ ਹੋਰ ਜ਼ਖ਼ਮੀ ਹੋ ਗਏ। ਅਧਿਕਾਰੀਆਂ ਨੇ ਦਸਿਆ ਕਿ ਚਾਰ ਲੋਕਾਂ ਨੂੰ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ।

ਕਠੂਆ ਦੇ ਸ਼ਿਵ ਨਗਰ ਇਲਾਕੇ 'ਚ ਇਕ ਘਰ 'ਚ ਜਦੋਂ ਅੱਗ ਲੱਗੀ ਤਾਂ ਉਥੇ ਰਹਿਣ ਵਾਲੇ ਲੋਕ ਸੁੱਤੇ ਪਏ ਸਨ। ਅੱਗ ਲਗਣ ਕਾਰਨ ਘਰ ਦੇ ਅੰਦਰ ਧੂੰਆਂ ਭਰ ਗਿਆ। ਅਧਿਕਾਰੀਆਂ ਨੇ ਦਸਿਆ ਕਿ ਮੰਗਲਵਾਰ ਅਤੇ ਬੁੱਧਵਾਰ ਦੀ ਦਰਮਿਆਨੀ ਰਾਤ ਨੂੰ ਕਰੀਬ 2.30 ਵਜੇ ਜਦੋਂ ਸਥਾਨਕ ਲੋਕਾਂ ਨੇ ਅੱਗ ਲੱਗੀ ਦੇਖੀ ਤਾਂ ਉਹ ਤੁਰਤ ਉਥੇ ਪਹੁੰਚ ਗਏ। ਉਨ੍ਹਾਂ ਦਸਿਆ ਕਿ ਉਸ ਘਰ ਵਿਚ ਰਹਿੰਦੇ ਲੋਕਾਂ ਨੂੰ ਕਠੂਆ ਦੇ ਸਰਕਾਰੀ ਮੈਡੀਕਲ ਕਾਲਜ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਦੋ ਨਾਬਾਲਗਾਂ ਸਮੇਤ ਛੇ ਨੂੰ ਮ੍ਰਿਤਕ ਐਲਾਨ ਦਿਤਾ।

ਹਸਪਤਾਲ ਦੇ ਇਕ ਸੀਨੀਅਰ ਡਾਕਟਰ ਨੇ ਦਸਿਆ, "ਦਸ ਲੋਕਾਂ ਨੂੰ ਹਸਪਤਾਲ ਲਿਆਂਦਾ ਗਿਆ, ਜਿਨ੍ਹਾਂ 'ਚੋਂ ਛੇ ਨੂੰ ਮ੍ਰਿਤਕ ਐਲਾਨ ਦਿਤਾ ਗਿਆ ਅਤੇ ਚਾਰ ਹੋਰਾਂ ਦਾ ਇਲਾਜ ਕੀਤਾ ਜਾ ਰਿਹਾ ਹੈ। ਡਾਕਟਰ ਨੇ ਦਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਉਨ੍ਹਾਂ ਦੀ ਮੌਤ ਦਮ ਘੁੱਟਣ ਕਾਰਨ ਹੋਈ ਹੈ। ਉਨ੍ਹਾਂ ਨੇ ਦਸਿਆ ਕਿ ਕਿਸੇ ਦੇ ਵੀ ਸਰੀਰ 'ਤੇ ਜਲਣ ਦੇ ਨਿਸ਼ਾਨ ਨਹੀਂ ਸਨ।

# ਦੱਖਣੀ ਪ੍ਰਸ਼ਾਂਤ ਮਹਾਸਾਗਰ 'ਚ ਭੂਚਾਲ ਨੇ ਮਚਾਈ ਤਬਾਹੀ



ਦੱਖਣੀ ਪ੍ਰਸ਼ਾਂਤ ਮਹਾਸਾਗਰ 'ਚ ਵੈਨੂਆਟੂ ਦੇ ਤੱਟ 'ਤੇ 7.3 ਤੀਬਰਤਾ ਦਾ ਭੂਚਾਲ ਆਇਆ। ਅਮਰੀਕੀ ਭੂ-ਵਿਗਿਆਨ ਸਰਵੇਖਣ ਅਨੁਸਾਰ ਭੂਚਾਲ ਦਾ ਕੇਂਦਰ ਵੈਨੂਆਟੂ ਦੇ ਸਭ ਤੋਂ ਵੱਡੇ ਸ਼ਹਿਰ ਪੋਰਟ ਵਿਲਾ ਤੋਂ 30 ਕਿਲੋਮੀਟਰ ਪੱਛਮ ਵਿਚ 57 ਕਿਲੋਮੀਟਰ ਦੀ ਡੂੰਘਾਈ ਵਿਚ ਸਥਿਤ ਸੀ। ਇਸ ਤੋਂ ਤੁਰੰਤ ਬਾਅਦ ਉਸੇ ਖੇਤਰ ਵਿੱਚ 5.5 ਤੀਬਰਤਾ ਦਾ ਝਟਕਾ ਵੀ ਦਰਜ ਕੀਤਾ ਗਿਆ। ਭੂਚਾਲ ਕਾਰਨ ਵਾਨੂਆਟੂ ਵਿੱਚ ਸੰਚਾਰ ਸੇਵਾਵਾਂ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਈਆਂ ਹਨ। ਸਰਕਾਰੀ ਵੈੱਬਸਾਈਟਾਂ ਵੀ ਪ੍ਰਭਾਵਿਤ ਹੋਈਆਂ ਹਨ। ਪੁਲਿਸ ਦੇ ਨਾਲ-ਨਾਲ ਹੋਰ ਸਰਕਾਰੀ ਏਜੰਸੀਆਂ ਦੇ ਫ਼ੋਨ ਨੰਬਰ ਵੀ ਕੰਮ ਨਹੀਂ ਕਰ ਰਹੇ ਹਨ।

ਭੂਚਾਲ ਦੀਆਂ ਕਈ ਵੀਡੀਓਜ਼ ਸੋਸ਼ਲ ਮੀਡੀਆ 'ਤੇ ਸ਼ੇਅਰ ਕੀਤੀਆਂ ਜਾ ਰਹੀਆਂ ਹਨ। ਕਈ ਇਮਾਰਤਾਂ ਦੀਆਂ ਹੇਠਲੀਆਂ ਮੰਜ਼ਿਲਾ ਅੰਸ਼ਕ ਤੌਰ 'ਤੇ ਢਹਿ ਗਈਆਂ ਅਤੇ ਖਿੜਕੀਆਂ ਟੁੱਟ ਗਈਆਂ। ਇੱਕ ਵੀਡੀਓ ਵਿੱਚ ਇੱਕ ਗੈਰੇਜ ਵਿੱਚ ਕਾਰਾਂ ਨੂੰ ਹਿੱਲਦੇ ਦੇਖਿਆ ਜਾ ਸਕਦਾ ਹੈ। ਕੁਝ ਹੋਰ ਫੋਟੋਆਂ ਕਈ ਡਿਪਲੋਮੈਟਿਕ ਮਿਸ਼ਨਾਂ ਅਤੇ ਹੋਰ ਇਮਾਰਤਾਂ ਨੂੰ ਹੋਏ ਨੁਕਸਾਨ ਨੂੰ ਦਰਸਾਉਂਦੀਆਂ ਹਨ। ਕਈ ਇਮਾਰਤਾਂ ਦੀਆਂ ਖਿੜਕੀਆਂ ਟੁੱਟੀਆਂ ਅਤੇ ਕੁਝ ਹਿੱਸੇ ਟੁੱਟਦੇ ਦੇਖੇ ਜਾ ਸਕਦੇ ਹਨ। ਇਸ ਕਾਰਨ ਭੂਚਾਲ ਕਾਰਨ ਹੋਏ ਨੁਕਸਾਨ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ। ਉਮੀਦ ਕੀਤੀ ਜਾ ਰਹੀ ਹੈ ਕਿ ਇਹ ਭੂਚਾਲ ਵੈਨੂਆਟੂ ਲਈ ਵੱਡੀ ਕੁਦਰਤੀ ਆਫ਼ਤ ਸਾਬਿਤ ਹੋਵੇਗਾ।

USGS ਨੇ ਪਾਪੂਆ ਨਿਊ ਗਿਨੀ, ਫਿਜੀ ਅਤੇ ਸੋਲੋਮਨ ਟਾਪੂ ਸਮੇਤ ਕਈ ਨੇੜਲੇ ਪ੍ਰਸ਼ਾਂਤ ਟਾਪੂ ਦੇਸ਼ਾਂ ਲਈ 0.3 ਮੀਟਰ (1 ਫੁੱਟ) ਤੋਂ ਘੱਟ ਸੁਨਾਮੀ ਲਹਿਰਾਂ ਲਈ ਚੇਤਾਵਨੀਆਂ ਵੀ ਜਾਰੀ ਕੀਤੀਆਂ ਹਨ। ਬਾਅਦ ਵਿੱਚ ਉਨ੍ਹਾਂ ਨੇ ਇਹ ਚੇਤਾਵਨੀ ਵਾਪਿਸ ਲੈ ਲਈ ਹੈ। ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਦੇ ਅਧਿਕਾਰੀਆਂ ਨੇ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਸੁਨਾਮੀ ਦਾ ਕੋਈ ਖਤਰਾ ਨਹੀਂ ਹੈ। ਵੈਨੂਆਟੂ ਇੱਕ ਅਜਿਹੀ ਜਗ੍ਹਾ ਹੈ ਜਿੱਥੇ ਲਗਭਗ 80 ਟਾਪੂਆਂ ਦਾ ਸਮੂਹ ਹੈ ਅਤੇ ਲਗਭਗ 3,30,000 ਲੋਕ ਰਹਿੰਦੇ ਹਨ। ਇਹ ਆਪਣੀ ਘੱਟ ਭੂਗੋਲਿਕ ਪ੍ਰਕਿਰਤੀ ਕਾਰਨ ਕਾਫ਼ੀ ਸੰਵੇਦਨਸ਼ੀਲ ਹੈ।

# ਕੈਨੇਡਾ 'ਚ ਪੰਜਾਬਣ ਦੀ ਦਰੱਖਤ ਹੇਠਾਂ ਦੱਬ ਜਾਨ ਕਾਰਨ ਹੋਈ ਮੌਤ



ਜਲੰਧਰ: ਜਲੰਧਰ ਦੀ ਰਹਿਣ ਵਾਲੀ 22 ਸਾਲਾ ਕੁੜੀ ਦੀ ਕੈਨੇਡਾ 'ਚ ਮੌਤ ਹੋ ਗਈ ਹੈ। ਦਰੱਖਤ ਹੇਠਾਂ ਦੱਬ ਕੇ 22 ਸਾਲਾ ਰਿਤਿਕਾ ਰਾਜਪੂਤ ਦੀ ਜਾਨ ਚਲੀ ਗਈ। ਪਰਿਵਾਰ ਨੇ ਰਾਜ ਅਤੇ ਕੇਂਦਰ ਨੂੰ ਉਨ੍ਹਾਂ ਦੀ ਧੀ ਦੀ ਲਾਸ਼ ਨੂੰ ਜਲਦ ਭਾਰਤ ਲਿਆਉਣ ਦੀ ਅਪੀਲ ਕੀਤੀ ਹੈ। ਕੈਨੇਡਾ ਵਿੱਚ ਕੁਝ ਬੱਚੇ ਅਤੇ ਲੋਕ ਪੈਸੇ ਇਕੱਠੇ ਕਰ ਰਹੇ ਹਨ ਤਾਂ ਜੋ ਉਹ ਰਿਤਿਕਾ ਨੂੰ ਭਾਰਤ ਭੇਜ ਸਕਣ।

ਰਿਤਿਕਾ ਦੀ ਮਾਂ ਕਿਰਨ ਰਾਜਪੂਤ ਨੇ ਦੱਸਿਆ ਕਿ ਅਸੀਂ 2007 ਵਿੱਚ ਜਲੰਧਰ ਆਏ ਸੀ। ਉਦੋਂ ਤੋਂ ਇੱਥੇ ਕਿਰਾਏ 'ਤੇ ਰਹਿ ਰਹੇ ਹਨ। ਰਿਤਿਕਾ ਦੀ ਮਾਂ ਅਤੇ ਪਿਤਾ ਜਲੰਧਰ ਵਿੱਚ ਇੱਕ ਬੁਟੀਕ ਚਲਾਉਂਦੇ ਹਨ। ਉਸ ਦੀ ਛੋਟੀ ਬੇਟੀ ਕੰਮ ਕਰਦੀ ਹੈ ਅਤੇ ਉਸ ਦਾ ਪੁੱਤਰ ਇਸ ਸਮੇਂ ਪੜ੍ਹਾਈ ਕਰ ਰਿਹਾ ਹੈ।

ਪਰਿਵਾਰ ਦੀਆਂ ਮੁਸ਼ਕਿਲਾਂ ਨੂੰ ਦੇਖਦਿਆਂ ਉਸ ਨੇ ਆਪਣੀ ਬੇਟੀ ਰੀਤਿਕਾ ਨੂੰ ਕੈਨੇਡਾ ਭੇਜ ਦਿੱਤਾ ਸੀ ਤਾਂ ਜੋ ਉਹ ਪੈਸੇ ਕਮਾ ਕੇ ਆਪਣੇ ਪਰਿਵਾਰ ਦੀਆਂ ਮੁਸ਼ਕਿਲਾਂ ਹੱਲ ਕਰ ਸਕੇ। ਦੱਸ ਦਈਏ ਕਿ ਰਿਤਿਕਾ ਕੈਨੇਡਾ 'ਚ ਆਨਲਾਈਨ ਹੋਸਪਿਟੈਲਿਟੀ ਮੈਨੇਜਮੈਂਟ ਕੋਰਸ ਕਰ ਰਹੀ ਸੀ ਪਰ 7 ਦਸੰਬਰ ਨੂੰ ਦੇਰ ਰਾਤ ਜੇਮਸ ਲੇਕ ਨੇੜੇ ਇਕ ਦਰੱਖਤ ਡਿੱਗ ਗਿਆ। ਦਰੱਖਤ ਡਿੱਗਣ ਕਾਰਨ ਉਹ ਜ਼ਖਮੀ ਹੋ ਗਈ ਅਤੇ ਉਸ ਦੀ ਮੌਤ ਹੋ ਗਈ।

# ਕੈਨੇਡਾ 'ਚ ਪਿੰਡ ਠਸਕਾ ਮੀਰਾਂਜੀ ਦੀ ਸਿਮਰਨ ਦਾ ਕਤਲ



ਪਿਹੋਵਾ : ਕੈਨੇਡਾ ਵਿੱਚ ਅਣਪਛਾਤੇ ਹਮਲਾਵਰਾਂ ਨੇ ਪਿੰਡ ਠਸਕਾ ਮੀਰਾਂਜੀ ਦੀ ਲੜਕੀ ਸਿਮਰਨ ਦਾ ਚਾਕੂ ਮਾਰ ਕੇ ਕਤਲ ਕਰ ਦਿੱਤਾਝ ਇਸ ਦੌਰਾਨ ਨੇੜਲੇ ਕਮਰੇ 'ਚ ਰਹਿੰਦੇ ਉਸ ਦੇ ਦੋ ਸਾਥੀਆਂ ਨੂੰ ਵੀ ਨਿਸ਼ਾਨਾ ਬਣਾਇਆ ਗਿਆ, ਜੋ ਜ਼ਖ਼ਮੀ ਹਨ। ਪਰਿਵਾਰ ਨੇ ਸਿਮਰਨ ਦੀ ਲਾਸ਼ ਭਾਰਤ ਲਿਆਉਣ ਲਈ ਸਰਕਾਰ ਤੋਂ ਮਦਦ ਦੀ ਮੰਗ ਕੀਤੀ ਹੈ। ਸਿਮਰਨ ਕੈਨੇਡਾ ਦੇ ਸਰੀ 'ਚ ਰਹਿੰਦੀ ਸੀ। ਤੜਕੇ 3 ਵਜੇ ਦੇ ਕਰੀਬ ਹਮਲਾਵਰਾਂ ਨੇ ਉਸ ਦੇ ਘਰ ਅੰਦਰ ਦਾਖਲ ਹੋ ਕੇ ਸਿਮਰਨ ਅਤੇ ਦੋ ਹੋਰਾਂ 'ਤੇ ਚਾਕੂਆਂ ਨਾਲ ਹਮਲਾ ਕਰ ਦਿੱਤਾ। ਇਸ ਦੌਰਾਨ ਸਿਮਰਨ ਦੀ ਮੌਤ ਹੋ ਗਈ ਜਦਕਿ ਬਾਕੀ ਦੋ ਜ਼ਖ਼ਮੀ ਹੋ ਗਏ। ਸਿਮਰਨ ਦੇ ਪਿਤਾ ਬਗੀਚਾ ਸਿੰਘ ਨੇ ਦੱਸਿਆ ਕਿ ਉਹ ਪ੍ਰਾਈਵੇਟ ਸਕੂਲ ਦੀ ਬੱਸ ਚਲਾਉਂਦੇ ਹਨ। ਸਿਮਰਨ ਮਈ 2023 ਵਿਚ 12ਵੀਂ ਪਾਸ ਕਰਨ ਤੋਂ ਬਾਅਦ ਅਗਲੀ ਪੜ੍ਹਾਈ ਲਈ ਕੈਨੇਡਾ, ਜਦਕਿ ਉਸ ਦਾ ਛੋਟਾ ਭਰਾ 10ਵੀਂ ਤੋਂ ਬਾਅਦ ਅਮਰੀਕਾ ਗਿਆ ਸੀ। ਉਨ੍ਹਾਂ ਦੱਸਿਆ ਕਿ ਹੁਣ ਸਿਮਰਨ ਦੀ ਦੋ ਸਾਲ ਦੀ ਪੜ੍ਹਾਈ ਪੂਰੀ ਹੋਣ ਵਾਲੀ ਸੀ। ਮਾਤਾ ਪਰਮਜੀਤ ਕੌਰ ਨੇ ਕਿਹਾ ਕਿ ਉਨ੍ਹਾਂ ਕਦੇ ਸੋਚਿਆ ਵੀ ਨਹੀਂ ਸੀ ਕਿ ਉਨ੍ਹਾਂ ਦੀ ਧੀ ਦਾ ਇਸ ਤਰ੍ਹਾਂ ਕਤਲ ਹੋ ਜਾਵੇਗਾ।

# ਜਾਰਜੀਆ ਦੇ ਰੈਸਟੋਰੈਂਟ 'ਚ ਮਰਨ ਵਾਲਿਆਂ 'ਚ ਪੰਜਾਬ ਤੋਂ ਗਈਆਂ ਨਣਾਨ-ਭਰਜਾਈ ਵੀ ਸ਼ਾਮਲ



ਬੀਤੇ ਦਿਨ ਜਾਰਜੀਆ ਦੇ ਗੁੰਡੋਰੀ ਇਲਾਕੇ 'ਚ ਇਕ ਭਾਰਤੀ ਰੈਸਟੋਰੈਂਟ 'ਚੋਂ 12 ਲਾਸ਼ਾਂ ਮਿਲਣ ਦੀ ਖ਼ਬਰ ਨਾਲ ਦਹਿਸ਼ਤ ਫੈਲ ਗਈ ਸੀ। ਮਾਮਲੇ ਦੀ ਜਾਂਚ ਕਰ ਰਹੇ ਅਧਿਕਾਰੀਆਂ ਨੇ ਦੱਸਿਆ ਕਿ ਲਾਸ਼ਾਂ 'ਤੇ ਹਿੰਸਾ ਦੇ ਕੋਈ ਨਿਸ਼ਾਨ ਨਹੀਂ ਮਿਲੇ ਹਨ। ਜਾਰਜੀਆ ਸਰਕਾਰ ਅਨੁਸਾਰ ਪੀੜਤ ਰੈਸਟੋਰੈਂਟ ਦੇ ਕਰਮਚਾਰੀ ਸਨ ਅਤੇ ਮਰਨ ਵਾਲਿਆਂ 'ਚ 11 ਵਿਦੇਸ਼ੀ, ਜਦਕਿ ਇਕ ਜਾਰਜੀਆ ਦਾ ਨਾਗਰਿਕ ਹੈ। ਸੂਤਰਾਂ ਮੁਤਾਬਕ ਮ੍ਰਿਤਕਾਂ 'ਚ ਔਰਤਾਂ ਵੀ ਸ਼ਾਮਲ ਹਨ। ਇਨ੍ਹਾਂ ਔਰਤਾਂ 'ਚੋਂ ਇਕ ਦੀ ਪਛਾਣ ਅਮਰਿੰਦਰ ਕੌਰ (32) ਪੁੱਤਰੀ ਸਾਹਿਬ ਸਿੰਘ ਪਿੰਡ ਮਹਿਮਾ ਰਾਜਪੁਰਾ ਅਤੇ ਦੂਸਰੀ ਮ੍ਰਿਤਕਾ ਦੀ ਭਰਜਾਈ ਮਨਿੰਦਰ ਕੌਰ (32) ਪਤਨੀ ਜਤਿੰਦਰ ਸਿੰਘ ਪੁੱਤਰ ਸਾਹਿਬ ਸਿੰਘ ਚੰਡੀ ਕਲਾਂ, ਸਮਾਣਾ ਦੇ ਤੌਰ 'ਤੇ ਹੋਈ, ਜੋ ਰੈਸਟੋਰੈਂਟ 'ਚ ਕੰਮ ਕਰਦੀਆਂ ਸਨ। ਰਿਪੋਰਟ ਮੁਤਾਬਕ ਪੁਲਸ ਮਾਮਲੇ ਦੀ ਪੂਰੀ ਜਾਂਚ ਕਰ ਰਹੀ ਹੈ। ਪੀੜਤ ਪਰਿਵਾਰਾਂ ਨੇ ਲਾਸ਼ਾਂ ਨੂੰ ਭਾਰਤ ਲਿਆਉਣ ਦੀ ਅਪੀਲ ਕੀਤੀ ਹੈ।

ਅਜਵਾ ਖਜੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ
AJWA DATE
FRESH SEED POWDER
UNROASTED | 100% NATURAL | PREMIUM QUALITY




100% NATURAL PRODUCT
PRODUCT OF CANADA
NUTRA SELECT
ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414

HEART BRAIN LIVER KIDNEYS

ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇੱਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।
ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿੱਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿੱਚ ਹੁੰਦਾ ਹੈ, ਐਂਟੀ ਇਨਫਲਮੇਟੋਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੂਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇੰਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿੱਚ ਵੀ ਮਦਦਗਾਰ ਹੈ।
ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਜ਼ ਲਈ ਵਧੀਆ ਕੁਆਇਲਟੀ ਦਾ ਅਜਵਾ ਪਾਊਡਰ ਕੈਨੇਡਾ ਵਿੱਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿੱਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿੱਚ ਮਿਲਦੇ ਹਨ।
ਇਨ੍ਹਾਂ ਸਟੋਰ ਤੋਂ ਲੈ ਸਕਦੇ ਹੋ
Bestway Food Market, 20 Red Maple Dr, Brampton
Indian Food Land, 45 Dusk Drive, Brampton
ਸਾਡੀ ਕੰਪਨੀ ਨਿਊਟਰਾ ਸਲੈਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿੱਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟਰਾਸਲੈਕਟ ਦਾ ਅਜਵਾ ਪਾਊਡਰ ਜ਼ਰੂਰ ਅਜ਼ਮਾਓ।

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ
Special Rates for Super Visa Insurance
- Disability Income Insurance
- No Income Proof for up to $2000/month benefit (injury or sickness)
- $10,000-$20,000 of Accidental death included NEW!!
- Up tp $18,000 of rehabilitation benefit included
- $100/day cash of hospitalization for upto one full year
- You can also qualify for up to $2000/month on top from any other providers
- Get all or partial of your paid premium refunded on death and at maturity even if you make a claim

- Life Insurance
- Disability Insurance
- Visitor Insurance
- Save Tax R.R.S.P.
- Mortgage Insurance
- Income Tax Planning
- Drug & Dental Plan
- R.E.S.P.



Guaranteed Issued Critical Illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind

RAJPAL BRAR
Your Insurance Specialist
Call for Consultation
416-917-1456
Consolidate your insurance under one policy to save the high cost rather wasting too much money on just policy fees
Trusted Name in the community from the last 12 years for our professional, honest, dedicated & committed service
PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6

Action Auto Collision
ਵੱਡੀ ਅਤੇ ਖੁੱਲ੍ਹੀ ਜਗ੍ਹਾ



Salvage Inspection Station
Government Approved Licensed Body Shop
We Welcome ALL INSURANCE CLAIMS



Jessie Srai
Specializes In Collision Custom Paint
I-CAR GOLD CLASS
Tel: (416) 746-6699
Fax: (416) 746-6667
2662 Drew Road, Mississauga
ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
We deal with all Insurance Claim

ਕੀ ਤੁਹਾਡਾ ਪਿਛਲੇ ਸਮੇਂ ਵਿੱਚ ਕੈਨੇਡਾ ਦਾ ਵੀਜ਼ਾ ਰੱਦ ਹੋਇਆ ਹੈ ਜਾਂ
ਕੇਸ ਨੂੰ ਫਾਇਲ ਕਰਨ ਤੋਂ ਬਾਅਦ
ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਕਾਨੂੰਨੀ ਅਧਿਕਾਰ ਜਾਨਣ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ
CWC IMMIGRATION SOLUTIONS
2565 STEELES AVE. EAST, UNIT-19, BRAMPTON, ON L6T4L6
905 670 4444

GET PRE-APPROVED & SHOP WITH CONFIDENCE
- Save Money ...with one application you get access to many lenders, from major banks to private lenders, so we can find you the mortgage with the best rate and terms that fit your needs.
- Get Pre-Approved ...find out how much you qualify for and get pre-approved so you can choose your dream home with peace of mind.
- Expert Advice ...with many years of experience in the financial industry, you'll get the Right counsel.
- No Cost ...all my services are at no cost to you. OAC. Some restrictions apply.

- PURCHASES
- REFINANCES
- RENEWALS
- DEBT CONSOLIDATION
- SELF-EMPLOYED
- NEW TO CANADA
- HOME RENOVATIONS
- PRIVATE MORTGAGE
- INVESTMENTS

NOW HIRING
Start your career as a Mortgage Professional.
20 Maritime Blvd, Unit #11, Brampton, ON L6S0C2
MORTGAGE ALLIANCE
THE RIGHT BROKER™
THE RIGHT MORTGAGE®



CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat

ਪੰਜਾਬ ਸਟਾਰ

**To Contact Us:**

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjor
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the claims are those of the advertisers. Please consult your lawyer before buying through the advertisements published in Punjab Star.

# ਰੱਬ ਕਿਉਂ ਨਹੀਂ ਦਿਸਦਾ...?

ਰੱਬ ਸ਼ਕਤੀ ਸਰੂਪ ਹੈ, ਸਾਰੀਆਂ ਸ਼ਕਤੀਆਂ ਉਸ ਪਾਸ ਹਨ, ਬਰਾਹਿਮੰਡ ਅੰਦਰ ਜੋ ਵਰਤ ਰਿਹਾ ਹੈ, ਉਸ ਦੀਆਂ ਸ਼ਕਤੀਆਂ ਕਾਰਣ ਹੀ ਹੈ। ਆਦਿ ਸਮੇਂ ਸੁੰਨ-ਖਲਾਅ ਅੰਦਰ ਕੋਈ ਵੀ ਕਣ ਨਹੀਂ ਸੀ, ਪਰਮਾਤਮਾ ਸ਼ਕਤੀ ਸਰੂਪ ਉਥੇ"ਸੁੰਨ ਸਮਾਧ" ਲਗਾਕੇ ਬੈਠਾ ਸੀ। "ਬਿੰਨਾਂ ਕਣਾ ਦਾ ਗਰਭ ਕਿਵੇਂ ਧੜਕਣ ਲੱਗਾ ਅਤੇ ਜੱਰਰੇ ਪੈਦਾ ਹੋਣੇ ਛੁਰੂ ਹੋ ਵਿਸ਼ਵ {ਨਵਿਏਰਸਏ} ਉਤਪਤੀ ਦਾ ਆਗਾਜ ਹੋਇਆ ਸੀ। ਮਾਤਾ ਦੇ ਗਰਭ ਅੰਦਰ ਪੱਲ ਰਹਿ ਬੱਚੇ ਦੀ ਧੱੜਕਣ ਕੌਣ ਛੁਰੂ ਕਰਦਾ ਹੈ? ਜਦੋਂ ਬੱਚੇ ਦੇ ਅੰਗ ਨਹੀਂ ਬਣੇ ਹੁੰਦੇ, ਕੌਣ ਮਾਤਾ ਦੀ ਧੁੰਨੀ ਤੋਂ ਨਾੜੀ ਲਾਕੇ ਬੱਚੇ ਦੀ ਨਾਭੀ ਨਾਲ ਜੋੜ? ਮਾਂ ਦੀ ਖਾਧੀ ਖੁਰਾਕ ਬੱਚੇ ਨੂੰ ਪਹੁੰਚਦੀ ਕਰਦਾ ਹੈ? ਜੇ ਇਹ ਸੱਭ ਹੈ ਤਾਂ "ਕਰਤਾ ਵੀ ਹੈ।" ਕਈ ਅਣਭੋਲ ਹੀ ਕਹੀ ਜਾਂਦੇ ਹਨ ਕਿ ਰੱਬ ਹੈ ਵੀ ਕਿ ਨਹੀ, "ਸਾਡੀਆਂ ਅੱਖਾਂ ਮਾਦਾ ਦੀਆਂ ਬਣੀਆਂ ਹਨ। ਵਿਸ਼ਵ ਅੰਦਰ ਮਾਦਾ {Material} ਦੇ ਬਣੇ ਤਾਰੇ, ਸੂਰਜ ਚੰਨ ਕਈ ਕਰੋੜਾਂ ਮੀਲ ਦੂਰ ਤੋਂ, ਅੱਖਾਂ ਦੇਖ ਸ਼ਕਦੀਆਂ ਹਨ,"ਅਦਿਖ ਸ਼ਕਤੀ ਸਰੂਪ ਨੂੰ ਕਿਵੇਂ ਵੇਖ ਲੈਣਗੀਆਂ"?

ਰੱਬੀ ਰਚਨਾਂ ਅੰਦਰ ਅਨੇਕਾਂ ਤਤ, ਤੱਥ, ਸ਼ਕਤੀਆਂ ਆਦਿ ਅਸੀਂ ਦੇਖ ਨਹੀਂ ਸਕਦੇ ਹਾਂ। ਸਾਨੂੰ ਤਾਂ ਸਾਡੇ"ਗਿਆਨ ਇੰਦਰੇ, ਅੱਖਾਂ, ਨੱਕ ਕੰਨ, ਜੀਭ" ਆਦਿ ਵੀ ਨਜਰੀ ਨਹੀਂ ਆਉਂਦੇ ਹਨ। ਇਹਨਾਂ ਦੇ ਸਹਾਇਕ ਤਰਤੀਬ ਵਾਰ ਕਿਰਨ, ਗੰਧ, ਸੁਗੰਧ, ਆਵਾਜ ਅਤੇ ਜੀਭ ਛੇ ਪਰਕਾਰ ਦੇ ਸੁਆਧ ਕੀ ਸਾਨੂੰ ਨਜਰੀ ਆਉਂਦੇ ਹਨ? ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਸਾਡੇ ਵਾਸਤੇ ਬਹੁਤ ਹੀ ਮਹੱਤਵ ਪੂਰਣ ਹਨ, ਇਹ ਸੱਭ ਕਿਸੇ ਨੇ ਦੇਖੇ ਹਨ, "ਅਹਿਸਾਸੇ ਜ਼ਰੂਰ ਜਾਂਦੇ ਹਨ। " ਅਸੀਂ ਕੀ ਵੇਖਦੇ, ਕਿਵੇਂ ਵੇਖਦੇ, "ਮਾਇਆ ਜਾਲ"ਕਰਕੇ ਸਹੀ ਨਹੀਂ ਨਜ਼ਰੀ ਅਉਂਦਾ ਹੈ।"ਕਿਰਨ ਅਸੀਂ ਨਹੀਂ ਦੇਖ ਸੱਕਦੇ,"ਕਿਰਨਾਂ ਦਾ ਸਮੂਹ ਰੌਸ਼ਨੀ ਦਿਸਦੀ ਹੈ।" ਪੌਦਿਆਂ ਸਤਬਜੀਆਂ ਸਾਗ ਆਦਿ ਦਾ ਜੋ ਰੰਗ ਅਸੀਂ ਦੇਖ ਰਹੇ ਹਾਂ, ਉਹ, ਅਸਤਿ ਹੈ। ਸੂਰਜ ਦੀ ਰੌਸ਼ਨੀ ਸੱਤ ਰੰਗਾਂ ਦੀ ਹੈ, ਪੌਦਿਆਂ ਦੇ ਛੇ ਅੰਗ, ਤਣਾਂ ਟਾਹਣੀਆਂ ਪੱਤੇ ਫੁਲ ਫੱਲ ਅਤੇ ਬੀਜ, ਹਰ ਪੌਦਾ ਭਿੰਨ ਭਿੰਨ ਛੇ ਰੰਗ ਜਜਬ ਕਰ ਬਾਕੀ ਇਕ ਰੰਗ ਪਰਿਵਰਤ ਕਰ {ਛੱਡ} ਦਿੰਦਾ ਹੈ। ਹੋਣਾ ਤਾਂ ਇਹ ਚਾਹੀਦਾ ਸੀ ਕਿ ਜੋ ਰੰਗ ਪੌਦੇ ਨੇ ਲਏ ਹਨ, ਉਹ ਸਾਨੂੰ ਦਿਸਨੇ ਚਾਹੀਦੇ ਹਨ ਪਰ ਨਹੀਂ, ਪੌਦੇ ਤੋਂ ਵਾਪਸ ਜਾ ਰਿਹਾ ਰੰਗ ਨਜਰੀ ਆਉਂਦਾ ਹੈ। ਇਹ ਮਾਇਆ ਜਾਲ ਪਰਾਕਿਰਤੀ ਦੇ ਹਰ ਅੰਗ ਅੰਦਰ ਵਰਤ ਰਿਹਾ ਹੈ। ਰੱਬ ਜਰੇ, ਜਰੇ ਅੰਦਰ ਵਿਚਰ ਰਿਹਾ ਹੈ,ਵਿਸ਼ਵ ਪਿਤਾਮਾਂ ਗੁਰੂ ਜੀ ਨੇ ਤਾਂ ਸਾਫ, ਸਾਫ ਕਹਿ ਦਿੱਤਾ ਹੈ। ਜਿੰਨੀ ਵੀ ਰਚਨਾਂ ਰੱਚੀ ਗਈ ਹੈ ਸੱਭ ਅੰਦਰ ਵਾਹਿਗੁਰੂ ਦੀ ਜੋਤਿ ਦਾ ਪ੍ਰਕਾਸ਼ ਹੈ। ਜੇਤਾ ਕੀਤਾ ਤੇਤਾ ਨਾਉ॥
ਵਿਣੁ ਨਾਵੈ ਨਾਹੀ ਕੋ ਥਾਉ॥ ॥ਜਪੁ ਜੀ॥

ਪੱਥਰ ਦੇ ਛੋਟੇ ਜਿਹੇ ਟੁਕੜੇ ਨੂੰ ਜਦੋਂ ਸ਼ੱਕਤੀਛਾਲੀ ਖੁਰਦਬੀਨ-ਮਾਈਕਰੋਸਕੋਪ ਨਾਲ ਦੇਖਿਆ ਜਾਂਦਾ ਹੈ "ਉਸ ਅੰਦਰ ਵੀ ਧੱੜਕਣ ਪਾਈ ਗਈ ਹੈ।" ਰੱਬ ਦੀ ਹੱਸਤੀ ਤੋਂ ਬਾਗੀ ਹੋਣਦੇ ਦੋ ਕਾਰਣ ਹੋ ਸੱਕਦੇ ਹਨ, ਸਮਾਜ ਦੀ ਵੱਰਣ, ਜਾਤ, ਪਾਤ ਦੀ ਵੰਡ। ਦੂਸਰੀ ਅਨਪੱੜਤਾ ਤੇ ਗਰੀਬੀ, ਇਹਨਾਂ ਦੋਵਾਂ ਨੇ ਸਮਾਜ ਨੂੰ ਟੂਣੇ, ਧਾਗੇ, ਤਵੀਤਾਂ ਅਤੇ ਹੋਰ ਨਾ ਜ਼ਰੂਰੀ ਕਰਮ ਕਾਂਡਾਂ ਵੱਲ ਧੱਕੇਲ ਦਿੱਤਾ।

ਇਸ ਤਰ੍ਹਾਂ ਬਹੁਤੀ ਜਨਤਾ ਕਹਿਣ ਲੱਗ ਪਈ "ਸਾਨੂੰ ਜੋ ਦਿਸਦਾ ਨਹੀਂ ਉਸ ਨੂੰ ਅਸੀਂ ਕਿਉਂ ਮੰਨੀਏ,ਉਸ ਅੱਗੇ ਕਿਉਂ ਨੱਕ ਰੱਗੜੀਐ। ਸਾਇੰਸਦਾਨ ਰੱਬ ਨੂੰ ਬੜੀ ਟੇਡੀ ਨਿਗਾਹ ਨਾਲ ਕਬੂਲਦੇ ਹਨ, Among the great thing that is not within us. The existence of nothing is the greatest (Something Called



Nothing. Page 17) ਜੋ ਮਹੱਤਵ ਪੂਰਨ ਵਚਿਤਰਤਾਵਾਂ ਸਾਡੇ ਵੱਸੋਂ ਬਾਹਰੀਆਂ ਹਨ,"ਜਿਸਦਾ ਅਹਿਸਾਸ ਨਾ ਹੋਣਾ ਮਹਾਣਤਮ ਹੈ।"ਇਲੈਕਟਰੋਨ, proton, Poton, ਨਿਉਟਰੋਨ ਅਤੇ ਨਿਉਟਰੀਨੋ ਪੰਜ ਤੱਤ ਜੋ ਕਰਤਾ ਪੁਰਖ ਨੇ ਆਪ ਕੰਪਨ ਕੱਰ ਪੈਦਾ ਕੀਤੇ ਹਨ। ਇਹ ਅਹਿਸਾਸੇ ਜਾਂਦੇ ਹਨ, ਦਿਸਦੇ ਨਹੀਂ।
ਅਨਹਤ ਸੁੰਨਿ ਰਤੇ ਸੇ ਕੈਸੇ
ਜਿਸ ਤੇ ਉਪਜੇ ਤਿਸ ਹੀ ਜੈਸੇ ॥ਸਿਧ ਗੋਸਿਟ ਅੰਕ 94 ॥

ਸੁਆਲ ਪੈਦਾ ਹੁੰਦਾ ਹੈ ਕਿ ਵਾਹਿਗੁਰੂ ਜੀ ਨੇ ਜੋ ਆਪ ਪੈਦਾ ਕੀਤੇ ਹਨ,ਸਾਨੂੰ ਉਹ ਨਹੀਂ ਦਿਖਾਈ ਦਿੰਦੇ।ਅਸੀਂ ਕਿਸ ਤਰਝਾਂ "ਕਹਿ ਸਕਦੇ ਹਾਂ ਕਿ "ਕਰਤਾ ਪੁਰਖ ਸਾਨੂੰ ਦਰਸ਼ਨ ਕਿਉਂ ਨਹੀਂ ਦਿੰਦਾ ਹੈ।"ਇਹਨਾਂ ਤੱਤਾਂ ਬਾਰੇ ਸਾਇੰਸ ਹੋਰ ਕੀ ਬਿਆਨ ਕਰਦੀ ਹੈ ਜਾਂਣਦੇ ਹਾਂ।

All these particles are not like dumb statues erected in a park. They "talk" to each other, they talk to us also. Had they not talked to us we would have never known of their existence. The fundamental particles talk to each other through medium of force. [ Science Reporter September 2001 page 21]

ਇਹ ਸਾਰੇ ਕਣ ਪਾਰਕ ਵਿਚ ਖੜੇ ਕੀਤੇ ਬੁਤਾਂ ਵਾਂਗ ਨਹੀਂ ਹਨ । ਉਹ "ਆਪਸ ਵਿੱਚ ਗੱਲਾਂ ਕਰਦੇ" ਹਨ, ਉਹ ਸਾਡੇ ਨਾਲ ਵੀ ਗੱਲ ਬਾਤ ਕਰਦੇ, ਜੇਕਰ ਉਹ ਸਾਡੇ ਨਾਲ ਨਾ ਰਾਬਤਾ ਕਾਇਮ ਕਰਦੇ,ਅਸੀਂ ਕਦੀ ਵੀ ਉਹਨਾਂ ਦੇ ਜੀਵਨ ਬਾਰੇ ਨਹੀਂ ਸੀ ਜਾਂਣ ਪਾਉਣਾ। ਮੂਲ ਜੱਰਰੇ ਆਪਸ ਵਿਚ ਬੋਲ, ਚਾਲ "ਸ਼ਕਤੀ ਮਾਧਿਅਮ" ਨਾਲ ਕਰਦੇ ਹਨ। ਸਾਡੇ ਸਰੀਰ ਦੇ ਸੰਚਾਲਣ ਵਾਸਤੇ ਕਿੰਨੇ ਹੀ ਮਹੱਤਵ ਪੂਰਣ ਤੱਤ, ਤੱਥ ਪਰਮਾਤਮਾਂ ਨੇ ਸਾਨੂੰ ਬਖਸ਼ਿਸ ਕੀਤੇ ਹਨ। ਜੋ ਹਮੇਸ਼ਾਂ ਸਾਡੇ ਅੰਗ ਸੰਗ ਰਹਿੰਦੇ ਹਨ,ਉਹ ਵੀ ਸਾਨੂੰ ਨਜਰੀ ਨਹੀਂ ਆਉਂਦੇ।

ਹਾਈਡਰੋਜਨ ਜੀਵ ਉਤਪਤੀ, ਆਕਸੀਜਨ ਜੀਵ ਬਚਾਅ, ਨਾਈਟਰੋਜਨ ਪਾਲਣਾ ਕਰਦੀ ਹੈ, ਫਾਸਫੋਰਸ, ਸਾਡੇ ਸਰੀਰ ਨੂੰ ਲਚਕੀਲਾ ਬਣਾ ਤੁਰਣ ਫਿਰਨ ਮੋਹ ਪਿਆਰ ਅਤੇ ਕਾਰਬਨ ਤੱਤ ਜੀਵਾਂ ਦੇ ਰੂਪਾਂਤਰ ਦਾ ਸਹਾਇਕ ਹੈ। ਸਾਡੇ ਅੰਦਰੂੰਨੀ ਅੰਗ ਆਪਾਂ ਮੰਨ ਲੈਂਦੇ ਹਾਂ ਕਿ ਉਹ ਸਰੀਰ ਅੰਦਰ ਛੂਪੇ ਹੋਏ ਹਨ,ਇਸ ਕਾਰਣ ਸਾਨੂੰ ਨਜਰੀ ਨਹੀਂ ਆਉਂਦੇ।ਪਰ ਜਿਹੜੀਆਂ ਸ਼ਕਤੀਆਂ ਉਹਨਾਂ ਤੋਂ ਪੈਦਾ ਹੁੰਦੀਆਂ ਹਨ, ਉਹ ਬਹੁਤ ਹੀ ਮਹੱਤਵ ਪੂਰਣ ਹਨ, ਉਹ ਵੀਂ ਕਿਹੜੀਆਂ ਸਾਨੂੰ ਦਿਸਦੀਆਂ ਹਨ। ਗੁਰਦੇ-ਕਾਮ, ਫੇਫੜੇ -ਕਰੋਧ, ਜਿਗਰ -ਲੋਭ, ਦਿਲ-ਮੋਹ, ਦਿਮਾਗ-ਹੰਕਾਰ ਪੈਦਾ ਕਰਦੇ ਹਨ। ਵੇਖਿਆ ਜਾਵੇ, ਸਾਡੇ ਗਿਆਂਨ ਇੰਦਰਿਆਂ ਤੋਂ ਲੈਕੇ ਹੰਕਾਰ ਤੱਕ ਸਾਰਾ ਕੁਝ "ਇਕ ਮਾਲਾ ਵਿਚ ਪਰੋਇਆ" ਹੋਇਆ ਹੈ। ਕੀ ਮੱਤ, ਮਨ, ਬੁਧ, ਚਿਤ ਫੁਰਣੇ ਆਦਿ ਕਿਸੇ ਵੇਖੇ ਹਨ,ਇਹ ਸਾਡੇ ਵਾਸਤੇ ਕਿੰਨੇ ਜਰੂਰੀ ਹਨ,ਜਾਣਿਆਂ ਹੀ ਪਤਾ ਚਲਦਾ ਹੈ। ਰੱਬ ਇਕ ਅਟੱਲ ਸਚਾਈ ਹੈ, ਲੀਹ ਤੋਂ ਉਤਰੇ ਲੋਕਾਂ ਨੂੰ ਕਿਵੇਂ ਉਸਦੇ ਦਰਸ਼ਨ ਹੋ ਸਕਦੇ ਹਨ। "ਦੋਸਤ, ਦੋ + ਸਤ" ਹੋਣ ਕਰਕੇ ਵਿਚਾਰ ਮਿਲਦੇ ਹਨ, ਜਦੋਂ ਤੱਕ ਦੋਵੇਂ ਸਤ ਹਨ,ਉਹ ਇਕ ਰਹਿੰਣਗੇ ਪਰ ਜਿਵੇਂ ਹੀ ਇਕ ਅੰਦਰ ਮੈਲ -ਅਸੱਤ ਆਗਿਆ "ਉਹ ਦੋ ਹੋ ਵਿਛੜ ਜਾਣਗੇ। "ਕਿਉਕਿ ਸਤਿ ਅਤੇ ਅਸੱਤ ਕਦੀ ਇਕ ਨਹੀਂ ਹੋ ਸੱਕਦੇ। "ਸੱਚੇ ਹੋਕੇ ਹੀ ਸਚੇ ਰੱਬ ਨਾਲ ਮਿਲਾਪ ਕਰ ਸਕਾਂਗੇ।, ਹਨ੍ਹੇਰਾ ਅਤੇ ਚਾਨਣ ਕਦੀ ਵੀ ਇਕ ਸਾਥ ਨਹੀਂ ਰਹਿੰਦੇ, ਹਨ੍ਹੇਰੇ ਨੇ ਰੱਬ ਕੋਲ ਸ਼ਿਕਾਇਤ ਕੀਤੀ,ਕਿ ਸੂਰਜ ਨੂੰ ਪੁਛੋ, ਉਹ ਹਮੇਛਾਂ ਮੇਰਾ ਪਿੱਛਾ ਕਿਉਂ ਕਰਦਾ ਰਹਿੰਦਾ ਹੈ? ਰੱਬ ਨੇ ਸੂਰਜ ਨੂੰ ਤਲਬ ਕਰ ਪੁਛਿਆ ਕਿ ਤੇਰੀ ਹਨੇਰੇ ਨਾਲ ਕੀ ਦੁਸ਼ਮਨੀ ਹੈਂ? ਸੂਰਜ ਦਾ ਜਵਾਬ "ਮੈਂ ਤਾਂ ਹਨੇਰਾ ਕਦੀ ਵੇਖਿਆ ਹੀ ਨਹੀਂ" ਪਿਛਾ ਕਿਵੇਂ ਕਰ ਸਕਦਾ ਹਾਂ?

ਸਚੁ ਮਿਲੈ ਸਚੁ ਉਪਜੈ ਸਚ ਮਹਿ ਸਾਚਿ ਸਮਾਇ॥ਅੰਕ18 ॥

ਅਸੀਂ ਕਰਤਾ ਪੁਰਖ ਨੂੰ ਜਾਣ ਨਹੀਂ ਪਾਏ,ਸਿਰਫ ਮਾਦਾ ਹੀ ਦੇਖਣ ਦੇ ਆਦੀ ਹਾਂ, ਉਹ ਵੀ ਉਪਰੋਂ,ਉਪਰੋਂ। ਸਾਇੰਸ ਪਹਿਲੇ ਕਣਾ ਬਾਰੇ ਬੜੀ ਹਾਲ ਪਾਹਰਿਆ ਕਰਦੀ ਹੈ। ਉਸ ਨੂੰ ਜਾਣ ਸ਼ਾਇਦ ਸਮਝ ਆ ਜਾਵੇ ਕਿ ਸਾਨੂੰ ਰੱਬ ਕਿਉਂ ਨਹੀਂ ਦਰਸ਼ਨ ਦਿੰਦਾ ਹੈ।, "ਸਾਇੰਸਦਾਨ ਮਾਦਾ ਦੀ ਖੋਜ ਕਰਦੇ ਹਨ,ਉਹ ਸਤਿ ਸਰੂਪ ਨੂੰ ਕਿਵੇਂ ਪਾ ਲੈਂਣਗੇ? ਧਰਮੀਂ ਪੁਰਸ਼ ਸਤਿ ਨੂੰ ਪਾਉਣ ਦੀ ਤੀਬਰ ਇਛਾ ਨਾਲ ਪਿਤਾ ਪਰਮਾਤਮਾਂ ਦੇ ਰਾਹ ਚੱਲਦਾ ਹੈ।

particles created from nothing and thus acquiring mass and energy, there by violate the unrelenting laws of conservation of mass and energy. What is this an exception.? Alas the conservation laws know no exceptions. Then what is it? [ Something Called Nothing page74]

ਸੁੰਨ ਤੋਂ ਪੈਦਾ ਹੋਏ ਜੱਰਰੇ ਪੁੰਜ ਅਤੇ ਸ਼ਕਤੀ ਪ੍ਰਾਪਤ ਕਰ ਲੈਂਦੇ ਹਨ। ਇਸ ਤਰ੍ਹਾਂ ਉਹ ਪੁੰਜ ਅਤੇ ਸ਼ਕਤੀ ਦੇ ਸੱਖਤ ਨਿਯਮਾਂ ਦੀ ਉਲੰਘਣਾ ਕਰਦੇ ਹਨ। ਇਹ ਰਿਆਇਤ ਕੀ ਹੈ ? ਅਫਸੋਸ ਕਿ ਪੱਕੇ ਨਿਯਮ ਕੋਈ ਵੀ ਢਿਲ ਨਹੀਂ ਮੰਨਦੇ। ਫਿਰ ਇਹ ਕੀ ਹੈ ?

ਇਸ ਪਰਕਾਰ ਅਸੀਂ ਕਹਿ ਸੱਕਦੇ ਹਾਂ ਕਿ ਸਮੂਹ ਰਚਨਾਂ, ਜੀਵ ਜੰਤਾਂ ਆਦਿ ਅੰਦਰ ਇਕ ਸ਼ਕਤੀ ਦਾ ਹੀ ਪਰਵਾਅ ਚੱਲ ਰਿਹਾ ਹੈ। "ਜੋ ਕੁਝ ਬਰਾਹਿਮੰਡ ਅੰਦਰ ਹੈ, ਉਹੀ ਕੁਝ ਸਰੀਰਾਂ ਦੀ ਬਣਤਰ ਦਾ ਭਾਗੀਦਾਰ ਹੈ।
ਆਸਣੁ ਲੋਇ ਲੋਇ ਭੰਡਾਰੁ ॥
ਜੋ ਕਿਛੁ ਪਾਇਆ ਸੁ ਏਕਾ ਵਾਰ ॥ ਜਪੁਜੀ ਪੌੜੀ 31॥

ਕਰਤਾ ਨੇ ਹੱਰੇਕ ਜੀਵ ਸ਼੍ਰੇਣੀ ਦੀਆਂ ਜ਼ਰੂਰਤਾਂ ਅਨੁਸਾਰ ਲੋੜਾਂ ਇਕੋਵਾਰ ਪੂਰੀਆਂ ਕਰ ਦਿੱਤੀਆਂ ਹਨ। ਕਿਸੇ ਜੀਵ ਨੂੰ ਵੀ"ਵਾਰ ਵਾਰ ਮੰਗਣ ਦੀ ਲੋੜ ਨਾ ਰਹੇ।
ਹੁਕਮੀ ਹੁਕਮੁ ਚਲਾਏ ਰਾਹੁ ॥
ਨਾਨਕ ਵਿਗਸੈ ਵੇਪਰਵਾਹੁ ॥ ਜਪੁ ਜੀ ਪੌੜੀ 3 ॥

ਡਾ ਇਬਨ ਅਲੈਗਜੰਡਰ ਦਿਮਾਗ ਦੇ ਮਾਹਿਰ, ਦੁਰਘਟਣਾਂ ਵੱਸ ਹੋ ਕੋਮਾਂ ਵਿੱਚ ਚਲੇ ਗਏ ਸਨ। ਕਈ ਮਹੀਨਿਆਂ ਮਗਰੋਂ ਹੋਸ਼ ਆਉਣ ਤੇ ਆਪਣਾਂ ਤਜੱਰਬਾ ਸਾਂਝਾ ਕਰਦੇ ਹਨ:-I was blind but now I took on a new meaning as I understood just how blind to the full nature of spiritual universe we are on earth. Who had believed that the matter was core reality, and that all else –thought, consciousness, Idea, emotion, spirit were simply of it. (Proof of Heaven page 157)॥
ਮੈਂ ਅੰਧੇਰੇ ਵਿਚ ਸਾਂ, ਹੁਣ ਮੈਂਨੂੰ ਨਵੇਂ ਅੱਰਥ ਸਮਝ ਆਏ,ਅਸੀਂ ਧਰਤੀ ਪਰ ਕਿਵੇਂ ਅਣਜਾਨ ਹਾਂ ਵਿਸ਼ਵ ਦੀ ਧਾਰਮਿਕਤਾ ਨੂੰ ਗਿਆਤ ਕਰਣ ਵਿਚ। ਅਸੀਂ ਸਮਝਦੇ ਹਾਂ ਕਿ ਮਾਦਾ ਹੀ ਸੱਭ ਸਚਾਈ ਹੈ,"ਚੇਤਨਤਾ, ਖਿਆਲ, ਭਾਵਨਾਵਾਂ, ਅਤੇ ਆਤਮਾਂ" ਆਦਿ ਸਰੀਰ ਦੇ ਹੀ ਹਿੱਸੇ ਹਨ।
ਗੁਰਾ ਇਕ ਦੇਹਿ ਬੁਝਾਈ
ਸਬਨਾ ਜੀਆ ਕਾ ਇਕੁ ਦਾਤਾ
ਸੋ ਮੈ ਵਿਸਰਿ ਨ ਜਾਈ ॥ ਜਪੁਜੀ ਪੌੜੀ 5॥

ਵਿਸ਼ਵ ਪਿਤਾਮਾਂ ਜੀ ਨੇ ਸਾਨੂੰ ਇਕ ਸਚਾਈ ਸਮਝਾਈ ਕਿ ਸਮੂਹ ਜੀਵਾਂ ਦਾ ਪਾਲਣਹਾਰਾ "ਇਕ ਹੀ ਦਾਤਾ ਹੈ। " ਉਸ ਨੂੰ ਆਪਣੇ ਜੀਵਨ ਅੰਦਰ ਕਦੀ ਵੀ ਭੁਲਾਉਣਾ ਨਹੀਂ ਹੈ।
ਓਹੁ ਵੇਖੈ ਓਨਾ ਨਦਰਿ ਨ ਆਵੈ
ਬਹੁਤਾ ਏਹੁ ਵਿਡਾਣੁ ॥ ਜਪੁ ਜੀ ਪੌੜੀ 30 ॥

ਰੱਬ ਕੋਲ ਕਿਹੜਾ ਯੰਤਰ ਹੈ, ਇਹ ਜਾਨਣ ਵਾਸਤੇ ਥੋੜਾ ਇੰਤਜਾਰ ਕਰਨਾ ਪਵੇਗਾ। ਸਾਡੀ ਪੁਸਤਕ "ਆਵਾਗਵਨ" ਛੱਪਨ ਤੱਕ ਦਾ"ਵਿਡਾਣੁ" ਦਾ ਪੂਰਾ ਵੇਰਵਾ ਸਮਝਾਇਆ ਗਿਆ ।
ਕਰਮੀ ਕਰਮੀ ਹੋਇ ਵੀਚਾਰੁ ॥
ਸਚਾ ਆਪਿ ਸਚਾ ਦਰਬਾਰੁ ॥ ਜਪੁ ਜੀ ਪੌੜੀ 34 ॥

ਗੁਰਬਚਨ ਸਿੰਘ,
647-977-6657

ਬੁੱਧ ਚਿੰਤਨ

# ਮੈਂ ਧਰਤੀ ਪੰਜਾਬ ਦੀ

## ਜਿਸ ਉੱਤੇ ਕਾਰਪੋਰੇਟ ਘਰਾਣਿਆਂ ਦੀ ਅੱਖ



ਬੁੱਧ ਸਿੰਘ ਨੀਲੋਂ
94643 70823

ਪੰਜਾਬ ਹੁਣ ਤੱਕ ਕਿੰਨੀ ਕੁ ਬਾਰ ਉਜੜ ਕੇ ਵਸਿਆ ਹੈ ? ਇਸ ਦਾ ਇਤਿਹਾਸ ਬਹੁਤ ਪੁਰਾਣਾ ਤੇ ਸੂਚੀ ਲੰਮੀ ਹੈ। ਜਦੋਂ ਇਤਿਹਾਸ ਦੇ ਵਰਕੇ ਫਰੋਲਦੇ ਹਾਂ ਤਾਂ ਮਾਣ ਵੀ ਹੁੰਦਾ ਹੈ ਤੇ ਚਿੰਤਾ ਵੀ ਹੁੰਦੀ ਹੈ। ਪੰਜਾਬ ਨੇ ਹੁਣ ਤੱਕ ਜੋ ਵੀ ਇਤਿਹਾਸ ਬਣਾਇਆ ਹੈ ਉਸਨੂੰ ਲਿਖਤਾਂ ਦੇ ਰੂਪ ਵਿੱਚ ਸੰਭਾਲਿਆ ਨਹੀਂ । ਜਿਹੜਾ ਇਤਿਹਾਸ ਸਾਨੂੰ ਮਿਲਦਾ ਹੈ,ਉਸਦੇ ਵਿੱਚ ਬਹੁਤ ਸਾਰੇ ਖੱਪੇ ਹਨ। ਖੈਰ ਇਤਿਹਾਸ ਨੂੰ ਸਹੀ ਕਰਨਾ ਇਤਿਹਾਸਕਾਰਾਂ ਦਾ ਕੰਮ ਹੈ । ਸੰਤਾਲੀ, 1966 ਤੇ 1984 ਦਾ ਕਤਲੇਆਮ ਵੀ ਹੋਇਆ। ਜਿਹੜਾ ਉਜਾੜਾ ਹੁਣ ਹੋ ਰਿਹਾ ਇਹ ਨਜ਼ਰ ਨਹੀਂ ਆਉਂਦਾ। ਹੁਣ ਪੰਜਾਬ, ਪੰਜਾਬੀਆਂ ਤੋਂ ਖਾਲੀ ਕਰਵਾਇਆ ਜਾ ਰਿਹਾ ਹੈ। ਪੰਜਾਬੀ ਆਪਣੇ ਆਪ ਪੰਜਾਬ ਨੂੰ ਛੱਡ ਕੇ ਜਾ ਰਹੇ ਹਨ। ਇਸ ਦੇ ਨਾਲ ਨੌਜਵਾਨ ਤੇ ਸਰਮਾਇਆ ਜਾ ਰਿਹਾ ਹੈ। ਅਗਲੇ ਸਮਿਆਂ ਵਿੱਚ ਪੰਜਾਬ ਬਜ਼ੁਰਗਾਂ ਦਾ ਬਣ ਜਾਣਾ ਹੈ। ਪ੍ਰੋਫੈਸਰ ਪੂਰਨ ਸਿੰਘ ਆਖਦਾ ਹੈ:- " ਪੰਜਾਬ ਵਸਦਾ ਗੁਰਾਂ ਦੇ ਨਾਮ 'ਤੇ !" ਗੁਰਾਂ ਦੇ ਨਾਮ ਉਤੇ ਵਸਦੇ ਪੰਜਾਬ ਦੇ ਹੁਣ ਵੀ ਝੱਖੜ ਝੁੱਲ ਰਿਹਾ ਹੈ। ਹੁਣ ਪੰਜਾਬ ਡੁੱਬ ਰਿਹਾ। ਉਸ ਦਿਨ ਤੇ ਇਕ " ਬੀਬੀ ਦਿੱਲੀ ਵਿੱਚ ਡੁੱਬੀ ਸੀ, ਸਾਰੇ ਸਿੱਖ ਰਗੜ ਦਿੱਤੇ ਸੀ । ਕਈ ਦਹਾਕਿਆਂ ਤੋਂ ਪੰਜਾਬ ਦੀ ਨਸਲਕੁਸ਼ੀ ਕੀਤੀ ਜਾ ਰਹੀ ਐ। ਪੰਜਾਬ ਨੇ ਕਦੇ ਵੀ ਦੇਸ਼ ਨੂੰ ਪਿੱਠ ਨੀ ਸੀ ਦਿਖਾਈ ਪਰ ਲੋਕ ਉਜੜ ਉਜੜ ਕੇ ਵਸਦੇ ਰਹੇ । ਪੰਜਾਬ ਦੇ ਮਨੁੱਖ ਪਤਾ ਨਹੀਂ ਕਿਸ ਮਿੱਟੀ ਦਾ ਬਣੇ ਹਨ ? ਜਿਹੜਾ ਡਿੱਗਦਾ ਹੈ, ਸੰਭਲਦਾ ਹੈ, ਉਠਦਾ ਹੈ, ਤੁਰਦਾ ਹੈ, ਉਡਦਾ ਹੈ ਤੇ ਫਿਰ ਮਸਤ ਹੋ ਕਿ ਫਿਰ ਜਿਉਣ ਲੱਗ ਜਾਂਦਾ। ਹਰ ਵਾਰ ਪਿਛਲੀਆਂ ਦੁੱਖ ਤਕਲੀਫ਼ਾਂ ਨੂੰ ਭੁੱਲ ਜਾਂਦਾ, ਫੇਰ ਬੇਗਾਨਿਆਂ 'ਤੇ ਡੁੱਲ ਜਾਂਦਾ ਹੈ। ਪੰਜਾਬ ਜਿਧਰ ਨੂੰ ਵੀ ਤੁਰਦਾ ਹੈ ਤਾਂ ਹੜ੍ਹ ਬਣ ਜਾਂਦਾ ਹੈ। ਫੇਰ ਪਿੱਛੇ ਪਰਤ ਕੇ ਨਾ ਦੇਖਦਾ. ਹੈ ਸਗੋ ਆਪਣੇ ਹੀ ਹੱਡ ਸੇਕਦਾ ਹੈ ਪਰ ਕਦੇ ਗਿਲਾ ਨਾ ਕਰਦਾ..ਚੱਲ ਛੱਡ ਯਾਰ. ਕਹਿ ਕੇ.ਪਾ ਮਿੱਟੀ ਆਪਣੇ ਆਪ ਤੇ ਮਿੱਟੀ ਪਾਉਣੀ ਔਖੀ ਹੈ। ਆਪਣਾ ਆਪਾ ਖਤਮ ਕਰਨਾ ਸੌਖਾ ਨਹੀਂ ਹੁੰਦਾ ਪਰ ਧੰਨ ਪੰਜਾਬੀ, ਇਹ ਗੁਣ ਸਾਰਿਆਂ ਦੇ ਵਿੱਚ ਨਹੀਂ, ਜਿਨ੍ਹਾਂ ਦੇ ਵਿੱਚ ਉਹ ਜਾਣਦੇ ਹਨ, ਬਾਕੀ ਤਾਂ ਸਭ ਖਾਕ ਛਾਣਦੇ ਹਨ। ਭਲਾ ਖਾਕ ਛਾਨਣ ਵਾਲੇ ਕੌਣ ਹਨ?ਪਤਾ ਤੇ ਤੁਹਾਨੂੰ ਵੀ ਪਰ ਤੁਸੀਂ ਮੂੰਹੋਂ ਨੀ ਪਰ ਮਨ ਵਿੱਚ ਜਰੂਰ ਉਹਨਾਂ ਨੂੰ ਧੜੀ ਤੇ ਪਨਸੇਰੀ ਦੀਆਂ ਗਾਲਾਂ ਕੱਢਦੇ ਹੋ,ਮਾਰ ਸਾਲੇ ਦੇ ਗੋਲੀ, ਉਹ ਕੋਈ ਬੰਦਾ.ਆ? ਮੇਰਾ ਸਾਲਾ ਸਭ ਕੁੱਝ ਲੁੱਟਪੁਟ ਕੇ ਵੀ ਨੀ ਰੱਜਿਆ..ਰੱਬ ਪਤਾ ਨੀ ਇਸ ਨੂੰ ਕਿਉਂ ਨੀ ਚੱਕਦਾ..? ਜਿਨ੍ਹਾਂ ਦੀ ਸਮਾਜ ਨੂੰ ਲੋੜ ਉਹ ਭੰਗ ਦੇ ਭਾਣੇ ਜਾਂਦੇ ਹਨ..ਇਹਨੇ ਪਤਾ ਨੀ ਕਿਹੜੇ ਕਾਂ ਖਾਧੇ ਆ, ਸਾਲਿਆਂ ਨੂੰ ਮੌਤ ਵੀ ਨਹੀਂ ਆਉਂਦੀ....। ਪੰਜਾਬੀ ਕਿੰਨੀ ਵਾਰ ਉਜੜੇ ਤੇ ਵਸੇ ਹਨ ? ਕੋਈ ਗਿਣਤੀ ਤੇ ਹਿਸਾਬ ਨਹੀ, ਹੁਣ ਹਾਲਤ ਬੱਦੂਆਂ ਟੱਪਰੀਵਾਸ ਵਾਲੀ ਹੈ..ਜਿਹੜੇ ਸਦਾ ਸਫਰ 'ਤੇ ਹਨ..ਹੁਣ ਪੰਜਾਬੀ ਬਦੇਸ਼ਾਂ ਨੂੰ ਜਾ ਰਹੇ ਹਨ। ਪੰਜਾਬ ਦਾ ਸਦਾ ਹੀ ਡਾਂਗ 'ਤੇ ਡੇਰਾ ਰਿਹਾ ਪਰ ਪੰਜਾਬ ਨੇ ਕਦੇ ਸਿਰਹਾਣੇ ਬਾਂਹ ਰੱਖ ਕੇ ਆਰਾਮ ਨੀ ਕੀਤਾ, ਸਦਾ ਜੰਗ ਦੇ ਮੈਦਾਨ ਵਿੱਚ ਰਿਹਾ.ਕਦੇ ਬਾਹਰੀ ਹਮਲਾਵਰਾਂ ਦੇ ਨਾਲ ਤੇ ਕਦੇ ਆਪਣਿਆਂ ਦੇ ਨਾਲ ਡਾਂਗੋ ਡਾਂਗੀ ਹੁੰਦਾ ਰਿਹਾ, ਜਿਸ ਪਾਸੇ ਤੁਰਿਆ ਹੜ੍ਹ ਲਿਆ ਦਿੱਤਾ ਫਸਲਾਂ ਬੀਜੀਆਂ ਦੇਸ਼ ਦੀ ਭੁੱਖ ਚੱਕ ਦਿੱਤੀ ..ਤਲਵਾਰਾਂ ਚੁੱਕੀਆਂ ਨੇਰੀ ਲਿਆ ਦਿੱਤੀ। ਕਾਬਲ ਕੰਧਾਰ ਤੇ ਫਰਾਂਸ ਤੱਕ..ਦੁਸ਼ਮਣਾਂ ਦੇ ਆਹੂ ਲਾਹੇ.ਫੇਰ ਪੰਜਾਬ ਨਸ਼ੇੜੀ ਬਣਾਇਆ ਤੇ ਸਾਰਾ ਪੰਜਾਬ ਨਸ਼ੇੜੀ ਬਣ ਗਿਆ ਮੜ੍ਹੀਆਂ ਵਿੱਚ ਮੇਲੇ ਲੱਗਣ ਲੱਗੇ ਘਰਾਂ ਦੇ ਘਰ ਖਾਲੀ ਹੋ ਗਏ, ਘਰਾਂ ਵਿੱਚ ਲਾਲ ਤੇ ਗੁਲਾਬੀ ਚੁੰਨੀਆਂ ਦੀ ਥਾਂ ਚਿੱਟੀਆਂ ਨੇ ਵਾਸਾ ਕਰ ਲਿਆ..ਚੁੱਲਿਆਂ ਵਿੱਚ ਘਾਹ ਉਗ ਆਏ ਪਰ ਲੋਕ ਫਿਰ ਵੀ ਜਿਉਂਦੇ ਹਨ। ਪੰਜਾਬ ਨੂੰ ਕਿਸ ਨੇ ਤੇ ਕਿਉਂ ਉਜਾੜਿਆ ? ਅਜੇ ਤੱਕ ਪੰਜਾਬੀਆਂ ਨੇ ਨਾ ਸੋਚਿਆ ਤੇ ਵਿਚਾਰਿਆ । ਇਸਦੇ ਦੁਸ਼ਮਣ ਬੇਗਾਨੇ ਨਹੀਂ ਆਪਣੇ ਹੀ ਹਨ। ਜਿਹਨਾਂ ਨੇ ਕਦੇ ਦਿਮਾਗ ਤੋਂ ਕੰਮ ਨਹੀਂ ਸਗੋਂ ਕਠਪੁਤਲੀਆਂ ਵਾਂਗ ਨੱਚਦੇ ਰਹੇ। ਮਨਘੜਤ ਸਾਖੀਆਂ ਨੇ ਪੰਜਾਬ ਨੂੰ ਹਮੇਸ਼ਾ ਵਰਤਿਆ, ਵਰਤਿਆ ਵੀ ਉਹਨਾਂ ਨੇ ਜਿਨ੍ਹਾਂ ਪੰਜਾਬ ਨੂੰ ਬਾਰ ਬਾਰ ਉਜਾੜਿਆ ਪਰ ਫਿਰ ਵੀ ਨਾ ਸੋਚਿਆ ਤੇ ਵਿਚਾਰਿਆ ? ਹੁਣ ਬਦੇਸ਼ਾਂ ਦੇ ਵੱਲ ਉਡਾਰੀ ਮਾਰ ਰਿਹਾ ਹੈ, ਇੰਝ ਲਗਦਾ ਛੇਤੀ ਹੀ ਪੰਜਾਬ ਖਾਲੀ ਹੋ ਜਾਵੇਗਾ, ਇਥੇ ਹੋਰਨਾਂ ਦਾ ਰਾਜ ਹੋਵੇਗਾ। ਪੰਜਾਬ ਵੀਜ਼ਾ ਲੈ ਕੇ ਆਪਣੇ ਉਜੜੇ ਘਰਾਂ ਨੂੰ ਦੇਖਣ ਆਇਆ ਕਰੇਗਾ ਜਿਵੇਂ ਸਾਡੇ ਪੁਰਖੇ ਪਾਕਿਸਤਾਨ ਜਾਂਦੇ ਹਨ। ਬਸ ਅਗਲੀਆਂ ਪੀੜ੍ਹੀਆਂ ਦਾ ਹਾਲ ਵੀ ਸਾਡੇ ਬਾਬਿਆਂ ਵਰਗਾ ਹੀ ਹੋਣਾ ਹੈ.ਪਰ ਹੁਣ ਕਾਹਦਾ ਰੋਣਾ ਹੈ.."ਅਖੇ ਤਾਏ ਦੀ ਧੀ ਚੱਲੀ ਮੈਂ ਕਿਉਂ ਰਹਾਂ ਕੱਲੀ. !" ਪੰਜਾਬ ਖਾਲੀ ਹੋ ਰਿਹਾ ਹੈ, ਪੰਜਾਬੀਆਂ ਦੇ ਕੰਨੀਂ ਓ। ਪੰਜਾਬ ਦੇ ਬਹੁਤ ਘਰ ਹਨ, ਜਿਥੇ ਧੀਆਂ, ਮਾਵਾਂ ਤੇ ਨੂੰਹਾਂ ਕੱਲੀਆਂ ਜੋ ਜਿਉਂਦੇ ਜੀ ਰੰਡੇਪਾ ਕੱਟਦੀਆਂ ਨੇ ਉਹ ਮਰ ਗਿਆਂ ਦੇ ਜਾਂ ਬਦੇਸ਼ ਗਿਆਂ ਦੇ ਨਾਲ਼ ਮਰੀਆਂ ਨਹੀਂ, ਉਹ ਜਿਉਂਦੀਆਂ ਹਨ। ਜਿਨ੍ਹਾਂ ਨੇ ਘਰ ਦਰ ਸਾਂਭਣੇ ਸਨ ਜਾਂ ਪਰਦੇਸੀ ਹੋ ਗਏ ਜਾਂ ਜਹਾਨੋਂ ਤੁਰ ਗਏ, ਕੀ ਹੋਣੀ ਹੈ ਪੰਜਾਬਣਾਂ ਦੀ ? ਪੰਜਾਬੀਓ ਕਦੋਂ ਤੱਕ ਉਜੜ ਕੇ ਵਸਦੇ ਰਹੋਗੇ। ਕੁੱਝ ਅਕਲ ਨੂੰ ਹੱਥ ਮਾਰੋ, ਨਾ ਬੇਗਾਨੀਆਂ ਮੱਝਾਂ ਚਾਰੋ ਤੇ ਦੁਸ਼ਮਣ ਨੂੰ ਪਛਾਣੋ..ਜੋ ਬਾਹਰਲੇ ਘੱਟ ਤੇ ਘਰ ਦੇ ਵੱਧ ਹਨ। ਕੌਣ ਹਨ ਦੇਖੋ ਤੇ ਪਛਾਣੋ ਤੇ ਜਾਣੋ ਕਿ ਉਨ੍ਹਾਂ ਦਾ ਕੀ ਕਰਨਾ ਹੈ ? " ਅਖੇ ! ਡੁੱਬੀ ਤਾਂ ਜੇ ਸਾਹ ਨਾ ਆਇਆ !" ਪੰਜਾਬੀਓ ! ਹੁਣ ਕੌਣ ਆਇਆ ਤੁਹਾਡੀ ਮੱਦਦ ਲਈ ? ਆਪਣੇ ਹੀ ਆਏ ਹਨ, ਨਾ ਕੋਈ ਸਿਆਸਤਦਾਨ ਆਇਆ ਤੇ ਨਾ ਪੁਜਾਰੀ ਤੇ ਨਾ ਅਧਿਕਾਰੀ ਬਾਹਰਲਿਆਂ ਨੇ ਤਾਂ ਕੀ ਆਉਣਾ ਸੀ ? ਪੰਜਾਬੀਓ..! ਸੋਟਾ ਪੀੜ੍ਹੀ ਹੇਠਾਂ ਤੇ ਉਹਨਾਂ ਤੇ ਫੇਰਨ ਦੀ ਲੋੜ ਹੈ, ਜਿਨ੍ਹਾਂ ਦੇ ਮਗਰ ਹਰ ਵੇਲੇ ਤੁਰੇ ਫਿਰਦੇ..ਸਾਡੀ ਪਾਰਟੀ ਆ..! ਦੇਖ ਲਵੋ ਸਵਾਦ ਪਾਰਟੀਆਂ ਦੇ ਆਗੂਆਂ ਦਾ, ਕਿਸੇ ਨੇ ਬੇਰਾਂ ਵੱਟੇ ਨਹੀਂ ਪੁੱਛਿਆ ਜੇ ਕਿਸੇ ਪੁੱਛਿਆ ਤਾਂ ਦੱਸ ਦਿਓ ? ਹਰ ਵਾਰ ਉਜੜ ਕੇ ਵਸਣ ਦੀ ਆਦਤ ਨੂੰ ਬਦਲੋ, ਆਪਣੀ ਅੰਦਰਲੀ ਸ਼ਕਤੀ ਨੂੰ ਜਗਾਓ, ਯਾਦ ਕਰੋ 1699 ਦੀ ਵਿਸਾਖੀ ਤੇ ਚਮਕੌਰ ਗੜ੍ਹੀ ਦੀ ਜੰਗ। ਚਿੱਟੀ ਸਿਉਂਕ ਪੁਜਾਰੀ ਤੇ ਡੇਰੇਦਾਰਾਂ ਨੇ ਤੁਹਾਨੂੰ ਮਨਘੜਤ ਸਾਖੀਆਂ ਸੁਣਾ ਕੇ, ਮਰਨ ਦਾ ਡਰ ਪਾ ਦਿੱਤਾ ਹੈ...ਅਖੇ ਮਰਨਾ ਸੱਚ ਜਿਉਣਾ ਝੂਠ ਹੈ..ਪਰ ਗੱਲਾਂ ਦੋਵੇਂ ਸੱਚ ਹਨ..ਜਿਉਂਦੇ ਹੋਣ ਦਾ ਸਬੂਤ ਦਿਓ। ਹੁਣ ਕਿਸੇ ਭਗਤ ਸਿੰਘ ਨੇ ਨੀ ਆਉਣਾ ,ਨਾ ਹੀ ਹੁਣ ਫਾਂਸੀ ਦੇ ਰੱਸੇ ਚੁੰਮ ਕੇ ਸ਼ਹੀਦ ਹੋਣ ਦੀ ਲੋੜ ਹੈ। ਪੰਜਾਬੀਓ ਜ਼ਿੰਦਗੀ ਜਿਉਣ ਲਈ ਕੁਰਬਾਨ ਹੋਣ ਲਈ ਨਹੀਂ। ਪੰਜਾਬ ਨੇ ਕਦੇ ਆਪਣੀ ਮਰ ਗਈ ਜ਼ਮੀਰ ਨੂੰ ਜਗਾਇਆ ਹੀ ਨਹੀਂ, ਬਹੁਤ ਗਿਣਤੀ ਤਾਂ ਆਪਾਂ ਕੀ ਲੈਣਾ ਦੀ ਸੋਚ ਦੀ ਐ, ਜਿਹੜੇ ਆਪਣਾ ਉੱਲੂ ਸਿੱਧਾ ਕਰਨ ਲਈ ਖੁਦ ਉਲੂ ਬਣੇ ਹੋਏ ਹਨ। ਉਹਨਾਂ ਦੇ ਅੰਦਰਲਾ ਮਨੁੱਖ ਮਰ ਗਿਆ ਐ। ਉਸ ਮਰ ਗਏ ਇਨਸਾਨ ਨੂੰ ਜਗਾਉਣ ਦੇ ਲਈ ਹਲੂਣੇ ਦੇਣ ਦੀ ਜਰੂਰਤ ਐ।ਆਪਣੇ ਆਪ ਦੀ ਪਹਿਚਾਣ ਕਰਨ ਦੀ ਤੇ ਅੰਦਰਲੀ ਸ਼ਕਤੀ ਨੂੰ ਜਗਾਉਣ ਦੀ ਲੋੜ ਹੈ। ਕਦੋਂ ਤੱਕ ਉਜੜ ਕੇ ਵਸਦੇ ਰਹੋਗੇ ? ਹੁਣ ਵੀ ਜੇ ਨਾ ਤੁਹਾਨੂੰ ਆਪਣੇ ਤੇ ਬੇਗਾਨੇ ਦੀ ਸਮਝ ਲੱਗੀ ਤਾਂ ਤੁਹਾਨੂੰ ਕੋਈ ਨਹੀਂ ਵਸਾ ਸਕਦੇ ? ਬਹੁਤ ਦੇਰ ਪਹਿਲਾਂ ਜਸਵੰਤ ਸਿੰਘ ਕੰਵਲ ਹਲੂਣਦਾ ਤੁਰ ਗਿਆ, ਅਸੀਂ ਨਹੀਂ ਜਾਗੇ। ਗੁਰਪ੍ਰੀਤ ਸਿੰਘ ਤੂਰ ਦੀ ਲਿਖੀ ਪੁਸਤਕ " ਸੰਭਲੋ ਪੰਜਾਬ " ਚੇਤੇ ਆਉਂਦੀ ਹੈ ਜਿਸ ਵਿੱਚ ਉਹਨਾਂ ਪੰਜਾਬ ਦੇ ਲੋਕਾਂ ਦੇ ਦਰਦ ਨੂੰ ਕਲਮਵੱਧ ਕੀਤਾ ਸੀ। ਕਿਤਾਬਾਂ ਦੇ ਨਾਲ਼ ਜੁੜੋ,ਪੜ੍ਹੋ,ਸੰਗਠਿਤ ਹੋਵੋ ਤੇ ਆਪਣੇ ਹਿੱਸੇ ਦੇ ਅਸਮਾਨ ਤੇ ਕਬਜ਼ਾ ਕਰੋ ! ਨਾ ਮਰੋ, ਨਾ ਮਾਰੋ.ਸਗੋਂ ਆਪਣਾ ਆਪ ਬਚਾਓ..ਮਨੁੱਖਤਾ ਦੇ ਗੁਣ ਗਾਓ..ਬਹੁਤ ਹੋ ਗਈ ਹੁਣ ਤੇ ਕੁੱਤੇ ਖਾਣੀ..ਕਿ ਅਜੇ ਵੀ ਕੋਈ ਰੜਕ ਹੈ ? ਅਸੀਂ ਨਾ ਆਪਣੇ-ਆਪ ਨੂੰ ਬਚਾ ਸਕੇ, ਨਾ ਧਰਮ ਬਚਾਇਆ ਹੈ। ਅਸੀਂ ਆਪਣੀ ਮਾਂ ਬੋਲੀ ਪਹਿਰਾਵਾ, ਖਾਣ ਪੀਣ, ਜੀਣ ਥੀਣ ਤੇ ਪੌਣ ਪਾਣੀ ਸਭ ਗਵਾ ਲਿਆ। ਪੰਜਾਬ ਹੁਣ ਬਾਂਝਪਨ ਦਾ ਸ਼ਿਕਾਰ ਹੋ ਗਿਆ ਹੈ। ਨਸਲ ਤੇ ਫਸਲ ਬਦਲ ਰਹੀ ਹੈ। ਕਿਤੇ ਕਿਤੇ ਪੰਜਾਬ ਸੁਲਗਦਾ ਐ, ਆਪਣੀ ਹੋਂਦ ਵਾਸਤੇ ਲੜ ਰਿਹਾ ਐ ਪਰ ਬੁੱਕਲ ਦੇ ਯਾਰ ਗਦਾਰ ਬਣ ਕੇ ਛਲ ਕਰਦੇ ਹਨ। ਪੰਜਾਬ ਜਦ ਮਰਿਆ ਜਾਂ ਮਾਰਿਆ ਆਪਣਿਆਂ ਨੇ ਮਾਰਿਆ ਐ, ਹੁਣ ਫੇਰ ਪੰਜਾਬੀਆਂ ਦਾ ਸ਼ਿਕਾਰ ਖੇਡਿਆ ਜਾਣਾ ਐ। ਪੰਜਾਬ ਨੇ ਆਪੇ ਹੀ ਮਾਹੌਲ ਤਿਆਰ ਕਰ ਲਿਆ ਐ। ਹੁਣ ਆਪਣੇ-ਆਪ ਨੂੰ ਪਛਾਨਣ ਤੇ ਗਦਾਰਾਂ ਦੀ ਪਹਿਚਾਣ ਕਰਨ ਦੀ ਲੋੜ ਐ। ਆਪਣੇ ਵਿਰਸੇ ਦੇ ਯੋਧਿਆਂ ਦੇ ਇਤਿਹਾਸ ਨੂੰ ਪੜ੍ਹਨ ਤੇ ਬਚਾ ਕੇ ਰੱਖਣ ਲਈ ਦਿਮਾਗ ਨੂੰ ਵਰਤਣ ਦੀ ਲੋੜ ਐ। ਆਪਣੀ ਬੜਕ ਨੂੰ ਜੋ ਜੱਥੇਦਾਰ ਹਰੀ ਸਿੰਘ ਨਲੂਆ ਅਫਗਾਨਿਸਤਾਨ ਦੇ ਮੈਦਾਨ ਵਿੱਚ ਮਾਰਦਾ ਸੀ, ਤੁਸੀਂ ਬਾਬਾ ਬੰਦਾ ਸਿੰਘ ਬਹਾਦਰ ਬਣੋ । ਜਿਸਨੇ ਕਿਰਤੀਆਂ ਨੂੰ ਮਾਲਕ ਬਣਾਇਆ ਸੀ। ਤੁਸੀਂ ਮਾਲਕ ਤੋਂ ਨੌਕਰ ਬਣ ਰਹੇ ਹੋ। ਕੁੱਝ ਸ਼ਰਮ ਕਰੋ ਪੰਜਾਬੀਓ। ਜਾਗੋ ਪੰਜਾਬੀਓ, ਸੰਭਾਲ ਲਓ ਪੰਜਾਬ ਨੂੰ, ਨਹੀਂ ਤਾਂ ਪੰਜਾਬ ਨੂੰ ਉਜਾੜਣ ਵਾਲਿਆਂ ਦੇ ਭਾਈਵਾਲ ਤੁਸੀਂ ਗਿਣੇ ਜਾਣਾ ਹੈ। ਸਮਾਂ, ਇਤਿਹਾਸਕਾਰਾਂ ਤੇ ਭਵਿੱਖ ਦੀਆਂ ਨਸਲਾਂ ਨੇ ਤੁਹਾਨੂੰ ਮੁਆਫ਼ ਨਹੀਂ ਕਰਨਾ ! ਮੈਦਾਨ ਛੱਡ ਕੇ ਦੌੜਨਾ ਆਪਣੇ-ਆਪ ਤੇ ਪੰਜਾਬ ਨਾਲ ਗਦਾਰ ਐ, ਪੰਜਾਬੀਓ ਹੁਣ ਗਦਾਰ ਬਣਨਾ ਐ ਜਾਂ ਸੂਰਮੇ ? ਹੁਣ ਪੰਜਾਬ ਦੀ ਹੋਂਦ ਬਚਾਉਣ ਦੀ ਲੋੜ ਹੈ, ਜਾਗੋ ਪੰਜਾਬੀਓ ਜਾਗੋ।



ਤਸਵੀਰ, ਜਗਦੇਵ ਤਪਾ ਸਟੂਡੀਓ






# ਸ਼ੀਸ਼ੇ ਦੇ ਕੈਬਿਨ 'ਚ ਰਹਿਣਗੇ ਡੱਲੇਵਾਲ!




ਚੰਡੀਗੜ੍ਹ: ਭੁੱਖ ਹੜਤਾਲ 'ਤੇ ਬੈਠੇ ਕਿਸਾਨ ਲੀਡਰ ਜਗਜੀਤ ਸਿੰਘ ਡੱਲੇਵਾਲ ਦੇ ਮਰਨ ਵਰਤ ਦਾ ਅੱਜ 23ਵਾ ਦਿਨ ਹੈ, ਅੱਜ ਦੀਆਂ ਤਸਵੀਰਾਂ ਵੀ ਗਵਾਹ ਬਣੀਆਂ ਨੇ ਕਿ ਇਹ ਲੀਡਰ ਆਪਣੀਆਂ ਮੰਗਾਂ ਮਨਵਾ ਕੇ ਹੀ ਭੁੱਖ ਹੜਤਾਲ ਖ਼ਤਮ ਕਰਨਗੇ। ਅੱਜ ਵੀ ਖਨੌਰੀ ਮੋਰਚੇ 'ਤੇ ਕਈ ਲੀਡਰਾਂ ਦਾ ਵੱਡੀਆਂ ਸਖਸ਼ੀਅਤਾਂ ਦਾ ਆਉਣਾ ਜਾਣਾ ਲੱਗਿਆ ਰਿਹਾ, ਹਰ ਕੋਈ ਡੱਲੇਵਾਲ ਦੀ ਸਿਹਤ ਨੂੰ ਲੈ ਕੇ ਚਿੰਤਤ ਹੈ। ਅਕਾਲੀ ਦਲ ਦੇ ਸਾਬਕਾ ਮਤਰੀ ਪਰਮਿੰਦਰ ਸਿੰਘ ਢੀਂਡਸਾ ਵੀ ਅੱਜ ਮੋਰਚੇ 'ਤੇ ਪਹੁੰਚਦੇ ਹਨ। ਆਪ ਦੇ ਰਾਜ ਸਭਾ ਮੈਂਬਰ ਬਲਬੀਰ ਸਿੰਘ ਸੀਚੇਵਾਲ ਨੇ ਵੀ ਜਗਜੀਤ ਡੱਲੇਵਾਲ ਨਾਲ ਮੁਲਾਕਾਤ ਕੀਤੀ।

ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਕੇਂਦਰ ਨੇ ਦਾਅਵਾ ਕੀਤਾ ਸੀ ਕਿ ਅਸੀਂ ਕਿਸਾਨਾਂ ਦੀ ਆਮਦਨ ਦੁਗਣੀ ਕਰਾਂਗੇ ਪਰ ਹਾਲੇ ਤੱਕ ਨਹੀਂ ਹੋਈ, ਕਿਸਾਨਾ 'ਤੇ ਕਰਜ਼ਾ ਇਸੇ ਲਈ ਚੜ੍ਹਦਾ ਜਾ ਰਿਹਾ ਹੈ ਕਿ ਉਹਨਾ ਦੀ ਫਸਲ ਦਾ ਭਾਅ ਨਹੀਂ ਮਿਲ ਰਿਹਾ, ਸੀਚੇਵਾਲ ਨੇ ਕਿਹਾ ਕਿ ਕੇਂਦਰ ਸਰਕਾਰ ਜੇਕਰ ਕਾਰਪੋਰੇਟ ਦਾ ਕਰਜ਼ਾ ਮੁਆਫ਼ ਕਰ ਸਕਦੀ ਹੈ ਤਾਂ ਫਿਰ ਕਿਸਾਨਾ ਦਾ ਕਿਉ ਨਹੀਂ।

ਜਗਜੀਤ ਸਿੰਘ ਡੱਲੇਵਾਲ ਨੂੰ ਮਿਲਣ ਆਉਣ ਵਾਲੇ ਲੋਕਾਂ ਦੀ ਕਾਫ਼ੀ ਭੀੜ ਲੱਗੀ ਰਹਿੰਦੀ ਹੈ, ਅਜਿਹੇ 'ਚ ਉਹ ਹਰ ਇੱਕ ਦੇ ਸਪੰਰਕ 'ਚ ਆਉਂਦੇ ਨੇ ਇਸ ਨੂੰ ਦੇਖਦਿਆ ਇੱਕ ਸ਼ੀਸ਼ੇ ਦਾ ਕੈਬਨ ਤਿਆਰ ਕੀਤਾ ਗਿਆ ਜਿਸ ਵਿੱਚ ਡੱਲੇਵਾਲ ਨੂੰ ਡਾਕਟਰਾਂ ਦੀ ਨਿਗਰਾਨੀ 'ਚ ਰੱਖਿਆ ਜਾਵੇਗਾ।

# ਬੀਬੀ ਜਗੀਰ ਕੌਰ ਨੇ ਮਹਿਲਾ ਕਮਿਸ਼ਨ ਕੋਲੋਂ ਧਾਮੀ ਖਿਲਾਫ਼ ਕਾਰਵਾਈ ਦੀ ਕੀਤੀ ਮੰਗ



ਅੰਮ੍ਰਿਤਸਰ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੱਲੋਂ ਵਰਤੀ ਗਈ ਭੱਦੀ ਸ਼ਬਦਾਵਲੀ ਨੂੰ ਲੈ ਕੇ ਬੀਬੀ ਜਗੀਰ ਕੌਰ ਨੇ ਪੰਜਾਬ ਰਾਜ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਨੂੰ ਮਿਲ ਕੇ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਹੈ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਗੁਰਦਵਾਰਾ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੱਲੋਂ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਬਾਰੇ ਅੱਪਸ਼ਬਦ ਬੋਲਣ ਮਾਮਲੇ ਵਿੱਚ ਮਹਿਲਾ ਕਮਿਸ਼ਨ ਪੰਜਾਬ ਵੱਲੋਂ ਸੂਮੋਟੋ ਨੋਟਿਸ ਲਿਆ ਗਿਆ ਸੀ।

ਮਹਿਲਾ ਕਮਿਸ਼ਨ ਦੀ ਚੇਅਰਮੈਨ ਰਾਜ ਲਾਲੀ ਗਿੱਲ ਵੱਲੋਂ ਹਰਜਿੰਦਰ ਸਿੰਘ ਧਾਮੀ ਨੂੰ ਤਲਬ ਕੀਤਾ ਸੀ। ਅੱਜ ਬੀਬੀ ਜਾਗੀਰ ਕੌਰ ਨੂੰ ਆਪਣਾ ਪੱਖ ਪੇਸ਼ ਕਰਨ ਲਈ ਬੁਲਾਇਆ ਗਿਆ ਸੀ। ਅੱਜ ਬੀਬੀ ਜਾਗੀਰ ਕੌਰ ਆਪਣਾ ਪੱਖ ਰੱਖਣ ਲਈ ਮਹਿਲਾ ਕਮਿਸ਼ਨ ਦਫਤਰ ਪਹੁੰਚ ਗਏ ਹਨ। ਹਰਜਿੰਦਰ ਸਿੰਘ ਧਾਮੀ ਵੱਲੋਂ ਇਸਤੇਮਾਲ ਕੀਤੀ ਗਈ ਭੱਦੀ ਸ਼ਬਦਾਵਲੀ ਨੂੰ ਲੈ ਕੇ ਬੀਬੀ ਜਗੀਰ ਕੌਰ ਨੇ ਪੰਜਾਬ ਰਾਜ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਨੂੰ ਮਿਲ ਕੇ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਹੈ।

# ਮਨਦੀਪ ਖੁਰਮੀ ਹਿੰਮਤਪੁਰਾ ਨੂੰ ਮਿਲਿਆ "ਸਰਵੋਤਮ ਪੱਤਰਕਾਰ" ਐਵਾਰਡ

## * 11ਵੇਂ ਯੂਕੇ ਭੰਗੜਾ ਐਵਾਰਡਜ਼ ਮੌਕੇ ਹਾਸਲ ਕੀਤਾ ਸਨਮਾਨ

## * ਮਰਹੂਮ ਪਿਤਾ ਗੁਰਬਚਨ ਸਿੰਘ ਖੁਰਮੀ ਨੂੰ ਸਮਰਪਿਤ ਕੀਤਾ ਐਵਾਰਡ




ਲੰਡਨ/ ਗਲਾਸਗੋ (ਨਿਊਜ਼ ਡੈਸਕ) ਪਿਛਲੇ ਲਗਭਗ ਢਾਈ ਦਹਾਕਿਆਂ ਤੋਂ ਨਿਰੰਤਰ ਸਰਗਰਮੀ ਨਾਲ ਪੱਤਰਕਾਰੀ ਖੇਤਰ ਵਿੱਚ ਮੜਕ ਨਾਲ ਤੁਰਦੇ ਆ ਰਹੇ ਪੱਤਰਕਾਰ ਮਨਦੀਪ ਖੁਰਮੀ ਹਿੰਮਤਪੁਰਾ ਨੂੰ ਸਰਵੋਤਮ ਪੱਤਰਕਾਰ ਦੇ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ। ਉਹਨਾਂ ਇਹ ਸਨਮਾਨ ਯੂਕੇ ਦੇ ਸ਼ਹਿਰ ਵੈਸਟ ਬਰੋਮਵਿਚ ਵਿਖੇ ਹੋਏ ਗਿਆਰਵੇਂ ਯੂਕੇ ਭੰਗੜਾ ਐਵਾਰਡਜ਼ ਸਮਾਰੋਹ ਦੌਰਾਨ ਹਾਸਲ ਕੀਤਾ। ਯੂਕੇ ਭੰਗੜਾ ਐਵਾਰਡਜ਼ ਦੇ ਮੁੱਖ ਪ੍ਰਬੰਧਕ ਸ੍ਰੀ ਬੌਬੀ ਬੋਲਾ ਨੇ ਬੋਲਦਿਆਂ ਕਿਹਾ ਕਿ ਪੱਤਰਕਾਰੀ ਖੇਤਰ ਵਿੱਚ ਮਨਦੀਪ ਖੁਰਮੀ ਹਿੰਮਤਪੁਰਾ ਦੀਆਂ ਸੇਵਾਵਾਂ ਦਾ ਹੀ ਨਤੀਜਾ ਹੈ ਕਿ ਉਹਨਾਂ ਨੂੰ ਇਹ ਐਵਾਰਡ ਹਾਸਲ ਹੋਇਆ। ਇੱਥੇ ਜ਼ਿਕਰਯੋਗ ਹੈ ਕਿ ਪੰਜਾਬ ਦੇ ਜ਼ਿਲ੍ਹਾ ਮੋਗਾ ਨਾਲ ਸੰਬੰਧਿਤ ਪਿੰਡ ਹਿੰਮਤਪੁਰਾ ਦੇ ਜੰਮਪਲ ਮਨਦੀਪ ਖੁਰਮੀ ਨੇ ਆਪਣਾ ਪੱਤਰਕਾਰੀ ਦਾ ਸਫਰ ਸੰਨ 2000 ਵਿੱਚ ਸ਼ੁਰੂ ਕੀਤਾ ਸੀ। ਪੰਜਾਬ ਰਹਿੰਦਿਆਂ ਪੱਤਰਕਾਰੀ ਦੇ ਸਕੂਲ ਵਜੋਂ ਜਾਣੇ ਜਾਂਦੇ ਰੋਜ਼ਾਨਾ ਅਖ਼ਬਾਰ ਨਵਾਂ ਜ਼ਮਾਨਾ ਤੋਂ ਸ਼ੁਰੂ ਹੋ ਕੇ ਉਹਨਾਂ ਅਜੀਤ, ਨਿਊਜ਼ ਟਾਈਮ ਟੀਵੀ ਚੈਨਲ ਲਈ ਸੇਵਾਵਾਂ ਦਿੱਤੀਆਂ। 2008 ਵਿੱਚ ਯੂਕੇ ਦੀ ਧਰਤੀ ਨੂੰ ਆਪਣੀ ਕਰਮਭੂਮੀ ਵਜੋਂ ਚੁਣਨ ਉਪਰੰਤ ਉਹਨਾਂ ਇੱਥੇ ਆ ਕੇ ਜਗਬਾਣੀ ਲਈ ਬਤੌਰ ਪੱਤਰਕਾਰ ਸੇਵਾਵਾਂ ਸ਼ੁਰੂ ਕੀਤੀਆਂ ਜੋ ਅਜੇ ਵੀ ਨਿਰੰਤਰ ਜਾਰੀ ਹਨ। ਇਸ ਦੇ ਨਾਲ ਨਾਲ ਉਹਨਾਂ ਹਫਤਾਵਾਰੀ ਕਾਲਮਨਵੀਸ ਵਜੋਂ ਵੀ ਵਿਸ਼ਵ ਦੇ ਵੱਖ-ਵੱਖ ਅਖਬਾਰਾਂ ਲਈ ਕਾਲਮ ਲਿਖੇ। ਮਨਦੀਪ ਖੁਰਮੀ ਹਿੰਮਤਪੁਰਾ ਦਾ ਕਹਿਣਾ ਕਿ ਉਹਨਾਂ ਨੂੰ ਮਾਣ ਹੈ ਕਿ ਵਿਸ਼ਵ ਦਾ ਕੋਈ ਅਖਬਾਰ ਹੀ ਅਜਿਹਾ ਹੋਵੇਗਾ ਜਿਸ ਵਿੱਚ ਉਹਨਾਂ ਨੇ ਇੱਕ ਵਾਰ ਹਾਜ਼ਰੀ ਨਾ ਲਗਵਾਈ ਹੋਵੇ। 2010 ਵਿੱਚ ਉਹਨਾਂ ਆਪਣੇ ਪਿੰਡ ਹਿੰਮਤਪੁਰਾ ਦੇ ਨਾਂ 'ਤੇ ਇੱਕ ਸਾਹਿਤਿਕ ਵੈੱਬਸਾਈਟ ਸ਼ੁਰੂ ਕੀਤੀ ਜਿਸ ਦਾ ਨਾਂ ਸੀ ਹਿੰਮਤਪੁਰਾ ਡੌਟ ਕੌਮ। ਇਹ ਵੈਬਸਾਈਟ ਸਮੁੱਚੇ ਵਿਸ਼ਵ ਵਿੱਚੋਂ ਪਹਿਲੀ ਸੀ ਜਿਸ ਵਿੱਚ ਪੂਰੇ ਵਿਸ਼ਵ ਦੇ ਅਖਬਾਰਾਂ ਦੇ ਲਿੰਕ ਲਗਾਏ ਹੋਏ ਸਨ ਜਦੋਂ ਵੀ ਕਿਸੇ ਨੇ ਦੁਨੀਆ ਦੇ ਕਿਸੇ ਵੀ ਮੁਲਕ ਦਾ ਕੋਈ ਅਖਬਾਰ ਪੜ੍ਹਨਾ ਹੁੰਦਾ ਤਾਂ ਹਿੰਮਤਪੁਰਾ ਡੌਟ ਕੌਮ 'ਤੇ ਗੇੜਾ ਮਾਰਨਾ ਹੀ ਪੈਂਦਾ ਸੀ। ਮਨਦੀਪ ਖੁਰਮੀ ਹਿੰਮਤਪੁਰਾ ਨੇ ਵੱਖ-ਵੱਖ ਵਿਸ਼ਿਆਂ 'ਤੇ ਪੂਰੀ ਨਿੱਠ ਕੇ ਕਲਮ ਅਜ਼ਮਾਈ ਕੀਤੀ। 2019 ਵਿੱਚ ਉਹ ਸਕਾਟਲੈਂਡ ਦੇ ਸ਼ਹਿਰ ਗਲਾਸਗੋ ਆਣ ਵਸੇ ਤੇ ਪੰਜ ਦਰਿਆ ਨਾਂ ਦਾ ਰੋਜ਼ਾਨਾ ਈਪੇਪਰ ਸ਼ੁਰੂ ਕੀਤਾ। ਪੰਜ ਦਰਿਆ ਅਖ਼ਬਾਰ ਵੀ ਬਰਤਾਨੀਆ ਦਾ ਹੁਣ ਤੱਕ ਦਾ ਪਹਿਲਾ ਰੋਜ਼ਾਨਾ ਪੰਜਾਬੀ ਈ-ਅਖ਼ਬਾਰ ਹੋ ਨਿੱਬੜਿਆ ਹੈ। ਇਸ ਦੇ ਨਾਲ ਨਾਲ ਮਨਦੀਪ ਖੁਰਮੀ ਹਿੰਮਤਪੁਰਾ ਸਕਾਟਲੈਂਡ ਦੀਆਂ ਗਤੀਵਿਧੀਆਂ ਨੂੰ ਜਗਬਾਣੀ, ਪੀਟੀਸੀ ਪੰਜਾਬੀ ਯੂਕੇ ਤੇ ਪੰਜ ਦਰਿਆ ਦੇ ਮੰਚ ਰਾਹੀਂ ਸਮੁੱਚੇ ਵਿਸ਼ਵ ਦੇ ਰੂਬਰੂ ਕਰਵਾਉਣ ਦਾ ਕਾਰਜ ਕਰਨ ਵਿੱਚ ਰੁੱਝੇ ਹੋਏ ਹਨ। ਯੂਕੇ ਭੰਗੜਾ ਐਵਾਰਡਜ਼ ਸਮਾਰੋਹ ਦੌਰਾਨ ਮਿਲੇ ਇਸ ਸਨਮਾਨ ਨੂੰ ਮਨਦੀਪ ਖੁਰਮੀ ਆਪਣੀ ਪੱਤਰਕਾਰੀ ਦੇ 25 ਸਾਲਾਂ ਨੂੰ ਮਿਲਿਆ ਮਾਣ ਮੰਨਦੇ ਹਨ। ਉਹਨਾਂ ਇਹ ਸਨਮਾਨ ਆਪਣੇ ਮਰਹੂਮ ਪਿਤਾ ਗੁਰਬਚਨ ਸਿੰਘ ਖੁਰਮੀ (ਕੰਡਕਟਰ) ਜੀ ਨੂੰ ਸਮਰਪਿਤ ਕਰਦਿਆਂ ਕਿਹਾ ਕਿ ਜੇਕਰ ਉਹਨਾਂ ਵੱਲੋਂ ਪਿੱਠ ਨਾ ਥਾਪੜੀ ਹੁੰਦੀ ਤਾਂ ਸ਼ਾਇਦ ਹਾਲਾਤ ਹੋਰ ਹੁੰਦੇ।

# ਮਾਨਸਾ ਦਾ ਨੌਜਵਾਨ ਇੰਡੀਅਨ ਏਅਰ ਫੋਰਸ 'ਚ ਬਣਿਆ ਫ਼ਲਾਇੰਗ ਅਫ਼ਸਰ





ਜ਼ਿਲ੍ਹਾ ਮਾਨਸਾ ਦਾ ਨੌਜਵਾਨ ਮਹਿਕਦੀਪ ਸਿੰਘ ਸਫ਼ਲਤਾ ਦੀ ਨਵੀਂ ਮਿਸਾਲ ਬਣਿਆ ਹੈ। ਮਾਨਸਾ ਦੇ ਪਿੰਡ ਨੰਗਲ ਕਲਾਂ ਦਾ ਇਹ ਨੌਜਵਾਨ ਭਾਰਤੀ ਹਵਾਈ ਫ਼ੌਜ 'ਚ ਫ਼ਲਾਇੰਗ ਅਫ਼ਸਰ ਬਣਿਆ ਹੈ। ਇਸ ਅਹੁਦੇ ਤੱਕ ਪਹੁੰਚਣ ਲਈ ਕੀਤੀ ਮਿਹਨਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਹਿਕਦੀਪ ਸਿੰਘ ਨੇ ਦੱਸਿਆ ਕਿ ਉਸ ਨੇ ਫ਼ਲਾਇੰਗ ਅਫ਼ਸਰ ਬਣਨ ਲਈ ਚਾਰ ਸਾਲਾਂ ਤਕ ਸਿਖਲਾਈ ਪ੍ਰਾਪਤ ਕੀਤੀ। ਉਸ ਨੇ ਕਿਹਾ, ''ਮੈਂ ਵਿਆਹ, ਪਾਰਟੀ ਜਾਂ ਹੋਰ ਕਈ ਅਜਿਹੇ ਪਲਾਂ ਬਹੁਤ ਪ੍ਰੋਗਰਾਮਾਂ ਦਾ ਤਿਆਗ ਕਰ ਕੇ ਸਿਰਫ਼ ਆਪਣੀ ਮਿਹਨਤ ਵਲ ਧਿਆਨ ਦਿਤਾ ਜਿਸ ਕਾਰਨ ਮੈਂ ਅੱਜ ਭਾਰਤੀ ਹਵਾਈ ਫ਼ੌਜ 'ਚ ਫ਼ਲਾਇੰਗ ਅਫ਼ਸਰ ਬਣ ਸਕਿਆ। ਮੈਨੂੰ ਫ਼ਲਾਇੰਗ ਅਫ਼ਸਰ ਬਣ ਕੇ ਬਹੁਤ ਖ਼ੁਸ਼ੀ ਮਹਿਸੂਸ ਹੋ ਰਹੀ ਹੈ।''

ਫ਼ਲਾਇੰਗ ਅਫ਼ਸਰ ਬਣ ਕੇ ਜਦੋਂ ਮਹਿਕਦੀਪ ਅਪਣੇ ਪਿੰਡ ਪਹੁੰਚਿਆ ਤਾਂ ਉਸ ਦਾ ਸਾਰੇ ਪਿੰਡ ਵਾਸੀਆਂ ਨੇ ਨਿੱਘਾ ਸਵਾਗਤ ਕੀਤਾ। ਸਵਾਗਤ ਦੌਰਾਨ ਉਸ ਦੇ ਮਾਤਾ-ਪਿਤਾ ਬਹੁਤ ਭਾਵੁਕ ਹੋ ਰਹੇ ਸੀ ਕਿ ਸਾਡਾ ਬੱਚਾ ਇਸ ਮੁਕਾਮ 'ਤੇ ਪਹੁੰਚਿਆ ਹੈ। ਸਵਾਗਤ ਲਈ ਉਸ ਨੇ ਸਾਡੇ ਪਿੰਡ ਵਾਸੀਆਂ ਦਾ ਧਨਵਾਦ ਕੀਤਾ।ਮਹਿਕਦੀਪ ਸਿੰਘ ਦੇ ਪਿਤਾ ਜੀ ਨੇ ਦਸਿਆ ਕਿ ਮਹਿਕਦੀਪ ਸਿੰਘ ਦੀ ਪ੍ਰਾਪਤੀ ਦੇਸ਼ ਤੇ ਪਰਵਾਰ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਕਿਹਾ, ''ਜਦੋਂ ਕੋਈ ਬੱਚਾ ਕਿਸੇ ਮੁਕਾਮ ਤੱਕ ਪਹੁੰਚਦਾ ਹੈ ਤਾਂ ਮਾਪਿਆਂ ਲਈ ਮਾਣ ਵਾਲੀ ਗੱਲ ਹੋ ਜਾਂਦੀ ਹੈ। ਮਹਿਕਦੀਪ ਸਿੰਘ ਸਾਡਾ ਤਾਂ ਬੇਟਾ ਹੈ ਹੀ ਪਰ ਹੁਣ ਇਹ ਦੇਸ਼ ਦਾ ਵੀ ਬੇਟਾ ਹੈ। ਮਹਿਕਦੀਪ ਸਿੰਘ ਦਾ ਬਹੁਤ ਚੰਗਾ ਸੁਭਾਅ ਹੈ ਉਹ ਸਾਰਿਆਂ ਨਾਲ ਮਿਲਜੁਲ ਕੇ ਰਹਿੰਦਾ ਹੈ।''

ਮਹਿਕਦੀਪ ਸਿੰਘ ਦੇ ਮਾਤਾ ਜੀ ਨੇ ਵੀ ਦਸਿਆ ਕਿ ਉਨ੍ਹਾਂ ਨੂੰ ਬਹੁਤ ਖ਼ੁਸ਼ੀ ਹੋ ਰਹੀ ਕਿ ਸਾਡਾ ਬੱਚਾ ਫ਼ਲਾਇੰਗ ਅਫ਼ਸਰ ਬਣਿਆ ਹੈ। ਖ਼ੁਸ਼ੀ 'ਚ ਭਾਵੁਕ ਹੁੰਦੇ ਹੋਏ ਉਨ੍ਹਾਂ ਕਿਹਾ, ''ਅਸੀਂ ਪਰਮਾਤਮਾ ਦਾ ਸ਼ੁਕਰ ਕਰਦੇ ਹਾਂ ਕਿ ਵਾਹਿਗੁਰੂ ਜੀ ਨੇ ਸਾਡੇ ਪਰਵਾਰ 'ਤੇ ਮਿਹਰ ਕੀਤੀ ਤਾਂ ਹੀ ਸਾਡਾ ਬੱਚਾ ਇਹ ਮੁਕਾਮ ਹਾਸਲ ਕਰ ਸਕਿਆ।'' ਉਨ੍ਹਾਂ ਦਸਿਆ ਕਿ ਮਹਿਕਦੀਪ ਸ਼ੁਰੂ ਤੋਂ ਹੀ ਪੜ੍ਹਨ ਤੇ ਖੇਡਣ ਵਿਚ ਰੁਚੀ ਰੱਖਦਾ ਸੀ ਤੇ ਸਾਰੇ ਪਰਵਾਰ ਨਾਲ ਮਿਲ ਜੁਲ ਕੇ ਰਹਿੰਦਾ ਹੈ। ਉਨ੍ਹਾਂ ਕਿ ਸਾਡੇ ਬੱਚੇ ਵਰਗਾ ਆਗਿਆਕਾਰੀ ਬੱਚਾ ਪਰਮਾਤਮਾ ਸਾਰਿਆਂ ਨੂੰ ਦੇਵੇ। ਉਨ੍ਹਾਂ ਕਿਹਾ ਜਿਹੜੇ ਸਾਡੇ ਸੁਪਨੇ ਰਹਿ ਗਏ ਉਹ ਸਾਡਾ ਬੱਚਾ ਪੂਰੇ ਕਰੇ।

ਮਹਿਕਦੀਪ ਨੇ ਅੱਗੇ ਗੱਲਬਾਤ ਕਰਦੇ ਹੋਏ ਦਸਿਆ ਕਿ ਕਈ ਨੌਜਵਾਨ ਆਪਣਾ ਮੁਕਾਮ ਹਾਸਲ ਕਰਨ ਲਈ ਇਕ ਜਾਂ ਦੋ ਵਾਰ ਕੋਸ਼ਿਸ਼ ਕਰਦੇ ਹਨ ਪਰ ਜੇ ਉਹ ਆਪਣਾ ਮੁਕਾਮ ਹਾਸਲ ਨਹੀਂ ਕਰ ਪਾਉਂਦੇ ਤਾਂ ਉਹ ਕਿਸੇ ਹੋਰ ਖੇਤਰ 'ਚ ਚਲੇ ਜਾਂਦੇ ਹਨ। ਉਸ ਨੇ ਦਸਿਆ, ''ਸਾਨੂੰ ਆਪਣਾ ਮੁਕਾਮ ਹਾਸਲ ਕਰਨ ਲਈ ਬਾਰ ਬਾਰ ਕੋਸ਼ਿਸ਼ ਕਰਨੀ ਚਾਹੀਦੀ ਹੈ ਹੌਂਸਲਾ ਨਹੀਂ ਛੱਡਣਾ ਚਾਹੀਦਾ, ਜਦੋਂ ਤੱਕ ਅਸੀਂ ਆਪਣਾ ਮੁਕਾਮ ਹਾਸਲ ਨਾ ਕਰ ਲਈਏ। ਉਸ ਨੇ ਦਸਿਆ ਕਿ ਪਹਿਲੀ ਵਾਰ ਮੈਂ ਵੀ ਪਹਿਲੀ ਵਾਰ ਐਸਐਸਬੀ ਦਿਤੀ ਸੀ ਪਰ ਮੈਂ ਉਸ ਵਿਚ ਰਹਿ ਗਿਆ ਸੀ।'' ਉਸ ਨੇ ਦਸਿਆ ਕਿ ਜਿਹੜੇ ਡਿੱਗ-ਡਿੱਗ ਕੇ ਅੱਗੇ ਵਧਦੇ ਹਨ ਉਹ ਹੀ ਆਪਣਾ ਮੁਕਾਮ ਹਾਸਲ ਕਰਦੇ ਹਨ। ਉਸ ਨੇ ਕਿਹਾ ਕਿ ਸਾਨੂੰ ਕਦੇ ਵੀ ਹਾਰ ਨਹੀਂ ਮਨਣੀ ਚਾਹੀਦੀ ਹਮੇਸ਼ਾ ਅੱਗੇ ਵਧਣ ਲਈ ਟਰਾਈ ਕਰਦੇ ਰਹਿਣਾ ਚਾਹੀਦਾ ਹੈ। ਉਸ ਨੇ ਕਿਹਾ ਜਦੋਂ ਤੱਕ ਅਸੀਂ ਆਪਣਾ ਮੁਕਾਮ ਹਾਸਲ ਨਹੀਂ ਕਰ ਲੈਂਦੇ ਉਦੋਂ ਤੱਕ ਸਾਨੂੰ ਕੋਸ਼ਿਸ਼ ਕਰਦੇ ਰਹਿਣਾ ਚਾਹੀਦਾ ਹੈ। ਮਹਿਕਦੀਪ ਤੋਂ ਦੇਸ਼ ਦੇ ਨੌਜਵਾਨਾਂ ਨੂੰ ਪ੍ਰੇਰਨਾ ਲੈਣੀ ਚਾਹੀਦੀ ਹੈ ਕਿ ਕੋਈ ਮੁਕਾਮ ਹਾਸਲ ਕਰਨ ਲਈ ਸਾਨੂੰ ਬਹੁਤ ਮਿਹਨਤ ਕਰਨੀ ਪੈਂਦੀ ਹੈ, ਨਾ ਕਿ ਇਕ ਦੋ ਮੌਕੇ ਖੁਝ ਜਾਣ 'ਤੇ ਹੱਥ ਉਤੇ ਹੱਥ ਰੱਖ ਕੇ ਦਿਲ ਹੋਲਾ ਕਰਕੇ ਅਸੀਂ ਆਪਣੇ ਮੁਕਾਮ ਨੂੰ ਛੱਡ ਕੇ ਬੈਠ ਜਾਈਏ। ਸਾਡੇ ਲਈ ਮਹਿਕਦੀਪ ਸਿੰਘ ਇਕ ਪ੍ਰੇਰਣਾ ਹੈ ਕਿ ਸਾਨੂੰ ਅੱਗੇ ਵਧਣ ਲਈ ਵਾਰ-ਵਾਰ ਮੌਕੇ ਲੱਭਣੇ ਪੈਂਦੇ ਹਨ।

# ਜਲੰਧਰ 'ਚ MLA ਦੇ ਭਤੀਜੇ ਦਾ ਕਤਲ

## ਮਾਮੂਲੀ ਤਕਰਾਰ ਮਗਰੋਂ ਕੁੱਝ ਨੌਜਵਾਨਾਂ ਨੇ ਦਿੱਤਾ ਵਾਰਦਾਤ ਨੂੰ ਅੰਜ਼ਾਮ

ਪੰਜਾਬ ਸਟਾਰ ਬਿਊਰੋ




ਪੰਜਾਬ ਦੇ ਜਲੰਧਰ 'ਚ ਵੱਡੀ ਵਾਰਦਾਤ ਵਾਪਰੀ। ਇੱਥੇ ਆਦਮਪੁਰ ਤੋਂ ਕਾਂਗਰਸੀ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਦੇ ਭਤੀਜੇ ਦੀ ਦਿਨ ਦਿਹਾੜੇ ਕੁੱਟ-ਕੁੱਟ ਕੇ ਹੱਤਿਆ ਕਰ ਦਿੱਤੀ ਗਈ ਹੈ। ਨੌਜਵਾਨ ਦੇ ਨਾਲ ਮੌਜੂਦ ਉਸ ਦੇ 2 ਹੋਰ ਸਾਥੀ ਵੀ ਬੁਰੀ ਤਰ੍ਹਾਂ ਜ਼ਖਮੀ ਦੱਸੇ ਜਾ ਰਹੇ ਹਨ। ਸੂਚਨਾ ਮਿਲਦਿਆਂ ਹੀ ਪੁਲਿਸ ਦੀ ਟੀਮ ਮੌਕੇ ਤੇ ਪਹੁੰਚੀ ਅਤੇ ਜਾਂਚ ਤੋਂ ਬਾਅਦ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਮਾਮੂਲੀ ਤਕਰਾਰ ਮਗਰੋਂ ਕੁੱਝ ਨੌਜਵਾਨਾਂ ਵੱਲੋਂ ਇਸ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ ਹੈ। ਨੌਜਵਾਨਾਂ ਨੇ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਦੇ ਭਤੀਜੇ ਅਤੇ ਉਸ ਦੇ 2 ਸਾਥੀਆਂ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ, ਜਿਸ 'ਚ ਵਿਧਾਇਕ ਦੇ ਭਤੀਜੇ ਦੀ ਮੌਤ ਹੋ ਗਈ ਅਤੇ ਉਸ ਦੇ 2 ਸਾਥੀ ਫੱਟੜ ਹੋ ਗਏ। ਮ੍ਰਿਤਕ ਦੀ ਪਛਾਣ ਆਦਮਪੁਰ ਦੇ ਪਿੰਡ ਬਿਆਸ ਦੇ ਰਹਿਣ ਵਾਲੇ ਸੰਨੀ ਵਜੋਂ ਹੋਈ ਹੈ।

ਘਟਨਾ ਦਾ ਪਤਾ ਲੱਗਦਿਆਂ ਹੀ ਪੁਲਿਸ ਨੇ ਮਾਮਲੇ ਦਾ ਨੋਟਿਸ ਲੈਂਦਿਆਂ 3 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਸ ਦੇ ਨਾਲ ਹੀ ਮ੍ਰਿਤਕ ਨੌਜਵਾਨ ਦੀ ਲਾਸ਼ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਪੁਲਿਸ ਨੇ ਵਿਧਾਇਕ ਦੇ ਭਤੀਜੇ ਦੇ ਨਾਲ ਮੌਜੂਦ ਦੋ ਹੋਰ ਨੌਜਵਾਨਾਂ ਤੋਂ ਪੁੱਛਗਿੱਛ ਕੀਤੀ। ਪੁਲਿਸ ਤੇ ਟੀਮ ਵੱਲੋਂ ਮਾਮਲੇ ਸਬੰਧੀ ਜਾਂਚ ਪੜਤਾਲ ਕੀਤੀ ਜਾ ਰਹੀ ਹੈ।

GTA
Plumbing & Electrical Supplies
GTA Plumbling & Electrical Supplies



ONE STOP SHOP FOR ALL PLUMBING & ELECTRICAL SUPPLIES
* Potlight for sale $8 (min. order 60 pcs.)
* Shower door $285, * Shower base $180
* 14/2 wire on sale $110, * Toilets on sale $100
* Faucets on sale starting from $30
* 24" Vanity with Quartz Top $200
* 30" Vanity with Quartz Top $220
* 36" Vanity with Quartz Top $250
* Range Hud for Sale $250
* Electrical wire, plugs, switches * Pot lights, LED bulbs
* Toilet Sets, Washroom Vanities * Kitchen & Washroom Faucets
* Range Hoods and many more
Moen, American Standard Pfister, Faucets, ABS, Copper and all type of fitting
905-792-0036
18 Strathearn Ave South A, Unit#25-27
Brampton (Steeles & Dixie)

ASK Mortgage Ltd.
Business Loan
Credit Line
Truck/Taxi Loan
New Immigrant Package
416-366-1234



Jaswinder Khosa
416-894-9400
1332 Khalsa Drive Unit 12

ਦੇਸੀ ਦਵਾਈਆਂ ਦਾ ਚਮਤਕਾਰ
ਹਰਬਲ ਵਿਆਗਰਾ:-ਮਰਦਾਨਾ ਤਾਕਤ ਦਾ ਦੇਸੀ ਨੁਸਖਾ ਇਸ ਨੂੰ ਖਾਣ ਨਾਲ ਕੋਈ ਨੁਕਸਾਨ ਨਹੀਂ ਹੈ




ਨਸ਼ਾ ਛੁਡਾਓ
ਸ਼ਰਾਬ, ਅਫ਼ੀਮ, ਪੋਸਤ, ਭੁੱਕੀ ਆਦਿ ਹਰ ਤਰ੍ਹਾਂ ਦੇ ਨਸ਼ਾ ਬਗੈਰ ਤਕਲੀਫ ਤੋਂ ਛੁਡਵਾਇਆ ਜਾਂਦਾ ਹੈ
ਔਰਤਾਂ ਤੇ ਮਰਦਾਂ ਦੇ ਗੁਪਤ ਰੋਗਾਂ ਦਾ ਇਲਾਜ
ਮਾਹਵਾਰੀ ਅੱਗੇ/ਪਿੱਛੇ ਆਉਣੀ, ਪਾਣੀ ਪੈਣਾ, ਲੁਕੋਰੀਆ, ਗਰਭਪਾਤ ਵਾਰ-ਵਾਰ ਹੋਣਾ ਆਦਿ ਦਾ ਇਲਾਜ
ਧਾਤ, ਸੁਪਨਦੋਸ਼, ਨਾਮਰਦੀ ਆਦਿ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।
ਜੋੜਾਂ ਦਾ ਦਰਦ, ਸਿਰ ਦਰਦ, ਲੱਕ ਦਰਦ, ਪਿੱਠ ਦਰਦ,ਗੋਡਿਆਂ ਆਦਿ ਹਰ ਤਰ੍ਹਾਂ ਦੀਆਂ ਦਰਦਾਂ ਦਾ ਸਫ਼ਲ ਇਲਾਜ



ਚਮੜੀ ਦੇ ਰੋਗਾਂ ਦਾ ਸਫ਼ਲ ਇਲਾਜ
ਚੰਬਲ, ਦਦਰੀ, ਸ਼ਫਾਕੀ, ਐਲਰਜੀ, ਵਾਲ ਝੜਨੇ, ਐਗਜ਼ੀਮਾ ਅਤੇ ਹੋਰ ਰੋਗਾਂ ਦਾ ਸਫ਼ਲ ਇਲਾਜ ਕੀਤਾ ਜਾਂਦਾ ਹੈ
PH: 416-425-0138
514-632-0138
ਕੰਮ ਕਾਰ ਵਿੱਚ ਰੁਕਾਵਟ, ਘਰ ਕਲੇਸ਼, ਮਾਨਸਿਕ ਪਰੇਸ਼ਾਨੀ, ਇਮੀਗਰੇਸ਼ਨ ਦਾ ਮਸਲਾ ਹੱਲ ਨਹੀਂ ਹੋ ਰਿਹਾ? ਤਾਂ ਵੀ ਮਿਲੋ
ਸ਼ੂਗਰ ਦੀ ਦਵਾਈ ਵੀ ਦਿੱਤੀ ਜਾਂਦੀ ਹੈ
ਨੋਟ: ਸਾਰੇ ਇਲਾਜ ਦੇਸੀ ਜੜ੍ਹੀਆਂ ਬੂਟੀਆਂ ਨਾਲ ਕੀਤੇ ਜਾਂਦੇ ਹਨ
Solve Your Life Problems with Easy Opay & Lucky Stone, Book and Appointment Today!

## ਚਿਹਰੇ 'ਤੇ ਕੁਦਰਤੀ ਚਮਕ ਲਿਆਉਂਦਾ ਹੈ

# ਅਮਰੂਦ ਦਾ ਜੂਸ



ਸਰਦੀਆਂ ਦਾ ਮੌਸਮ ਸਿਹਤਮੰਦ ਫਲਾਂ ਅਤੇ ਸਬਜ਼ੀਆਂ ਦਾ ਭੰਡਾਰ ਲਿਆਉਂਦਾ ਹੈ। ਲੋਕ ਇਸ ਨੂੰ ਆਪਣੀ ਡਾਈਟ ਵਿੱਚ ਸ਼ਾਮਿਲ ਕਰਦੇ ਹਨ। ਇਸ ਨਾਲ ਸਿਹਤ ਨੂੰ ਕਈ ਫਾਇਦੇ ਹੁੰਦੇ ਹਨ। ਲੋਕ ਇਨ੍ਹਾਂ ਫਲਾਂ ਦੀ ਵਰਤੋਂ ਕਈ ਤਰ੍ਹਾਂ ਨਾਲ ਕਰਦੇ ਹਨ। ਕੁਝ ਆਪਣੀ ਖੁਰਾਕ ਵਿੱਚ ਸਲਾਦ ਦੇ ਰੂਪ ਵਿੱਚ ਫਲ ਸ਼ਾਮਲ ਕਰਦੇ ਹਨ ਜਦੋਂ ਕਿ ਕੁਝ ਸਮੂਦੀ ਜਾਂ ਜੂਸ ਪੀਣਾ ਪਸੰਦ ਕਰਦੇ ਹਨ। ਅੱਜ ਅਸੀਂ ਤੁਹਾਨੂੰ ਅਮਰੂਦ ਦੇ ਜੂਸ ਬਾਰੇ ਦੱਸਣ ਜਾ ਰਹੇ ਹਾਂ। ਸਰਦੀਆਂ ਵਿੱਚ ਜੇਕਰ ਤੁਸੀਂ ਰੋਜ਼ਾਨਾ ਅਮਰੂਦ ਦਾ ਜੂਸ ਪੀਂਦੇ ਹੋ ਤਾਂ ਤੁਹਾਨੂੰ ਕਈ ਫਾਇਦੇ ਮਿਲ ਸਕਦੇ ਹਨ। ਸਰਦੀਆਂ ਦੇ ਦਿਨਾਂ ਵਿੱਚ ਬਾਜ਼ਾਰਾਂ ਵਿੱਚ ਚੰਗੇ ਅਮਰੂਦ ਦੇਖੇ ਜਾ ਸਕਦੇ ਹਨ। ਆਓ ਜਾਣਦੇ ਹਾਂ ਅਮਰੂਦ ਦੇ ਫਾਇਦਿਆਂ ਬਾਰੇ–

### ਇਮਿਊਨਿਟੀ ਨੂੰ ਮਜ਼ਬੂਤ

ਸਰਦੀਆਂ ਵਿੱਚ ਮੌਸਮੀ ਬਿਮਾਰੀਆਂ ਦਾ ਖ਼ਤਰਾ ਵੱਧ ਜਾਂਦਾ ਹੈ। ਅਜਿਹੀ ਸਥਿਤੀ ਵਿੱਚ ਅਮਰੂਦ ਤੁਹਾਡੀ ਇਮਿਊਨਿਟੀ ਨੂੰ ਮਜ਼ਬੂਤ ਕਰਨ ਵਿੱਚ ਮਦਦਗਾਰ ਸਾਬਤ ਹੋ ਸਕਦਾ ਹੈ। ਅਮਰੂਦ ਵਿੱਚ ਵਿਟਾਮਿਨ ਸੀ ਭਰਪੂਰ ਮਾਤਰਾ ਵਿੱਚ ਪਾਇਆ ਜਾਂਦਾ ਹੈ। ਇਹ ਇਮਿਊਨ ਸਿਸਟਮ ਨੂੰ ਮਜ਼ਬੂਤ ਕਰਨ 'ਚ ਮਦਦਗਾਰ ਹੈ। ਸਰਦੀਆਂ ਵਿੱਚ ਅਮਰੂਦ ਦਾ ਜੂਸ ਪੀਣ ਨਾਲ ਸਰੀਰ ਨੂੰ ਕਿਸੇ ਵੀ ਤਰ੍ਹਾਂ ਦੇ ਇਨਫੈਕਸ਼ਨ ਨਾਲ ਲੜਨ ਵਿੱਚ ਮਦਦ ਮਿਲਦੀ ਹੈ।

### ਕਬਜ਼ ਤੋਂ ਰਾਹਤ

ਜੇਕਰ ਤੁਸੀਂ ਕਬਜ਼ ਦੀ ਸਮੱਸਿਆ ਨਾਲ ਜੂਝ ਰਹੇ ਹੋ ਤਾਂ ਸਰਦੀਆਂ 'ਚ ਅਮਰੂਦ ਦਾ ਜੂਸ ਜ਼ਰੂਰ ਪੀਣਾ ਚਾਹੀਦਾ ਹੈ। ਅਮਰੂਦ ਵਿੱਚ ਫਾਈਬਰ ਦੀ ਚੰਗੀ ਮਾਤਰਾ ਪਾਈ ਜਾਂਦੀ ਹੈ। ਇਸ ਕਾਰਨ ਇਹ ਪਾਚਨ ਕਿਰਿਆ ਨੂੰ ਠੀਕ ਰੱਖਣ 'ਚ ਮਦਦ ਕਰਦਾ ਹੈ। ਇਸ ਫਲ ਦਾ ਰਸ ਪੀਣ ਨਾਲ ਪੇਟ ਦਰਦ, ਸੋਜ ਅਤੇ ਗੈਸ ਵਰਗੀਆਂ ਸਮੱਸਿਆਵਾਂ ਤੋਂ ਵੀ ਰਾਹਤ ਮਿਲਦੀ ਹੈ।

### ਚਮੜੀ ਨੂੰ ਨਰਮ ਬਣਾਵੇ

ਸਰਦੀਆਂ ਵਿੱਚ ਚਮੜੀ ਖੁਸ਼ਕ ਅਤੇ ਬੇਜ਼ਾਨ ਹੋ ਜਾਂਦੀ ਹੈ। ਅਜਿਹੀ ਸਥਿਤੀ ਵਿੱਚ ਅਮਰੂਦ ਦਾ ਰਸ ਸਾਡੀ ਚਮੜੀ ਨੂੰ ਜ਼ਰੂਰੀ ਪੌਸ਼ਣ ਪ੍ਰਦਾਨ ਕਰਦਾ ਹੈ। ਇਹ ਚਮੜੀ ਦੀ ਨਮੀ ਨੂੰ ਬਣਾਈ ਰੱਖਣ ਅਤੇ ਇਸ ਨੂੰ ਚਮਕਦਾਰ ਬਣਾਉਣ ਵਿੱਚ ਮਦਦਗਾਰ ਹੈ। ਜੇਕਰ ਤੁਸੀਂ ਰੋਜ਼ਾਨਾ ਅਮਰੂਦ ਦਾ ਜੂਸ ਪੀਂਦੇ ਹੋ ਤਾਂ ਇਸ ਨਾਲ ਚਿਹਰੇ 'ਤੇ ਕੁਦਰਤੀ ਨਿਖਾਰ ਆਉਂਦਾ ਹੈ।

### ਭਾਰ ਘਟਾਉਣ ਵਿੱਚ ਮਦਦਗਾਰ

ਆਮ ਤੌਰ 'ਤੇ ਸਰਦੀਆਂ ਵਿੱਚ ਭਾਰ ਵਧਣ ਦੀ ਸਮੱਸਿਆ ਹੁੰਦੀ ਹੈ। ਅਜਿਹੇ 'ਚ ਅਮਰੂਦ ਦਾ ਜੂਸ ਭਾਰ ਘਟਾਉਣ 'ਚ ਮਦਦਗਾਰ ਹੋ ਸਕਦਾ ਹੈ। ਇਸ ਵਿੱਚ ਘੱਟ ਕੈਲੋਰੀ ਸਮੱਗਰੀ ਹੁੰਦੀ ਹੈ ਅਤੇ ਤੁਹਾਨੂੰ ਲੰਬੇ ਸਮੇਂ ਤੱਕ ਪੂਰਾ ਮਹਿਸੂਸ ਹੁੰਦਾ ਹੈ। ਨਾਲ ਹੀ, ਇਹ ਮੈਟਾਬੋਲਿਜ਼ਮ ਨੂੰ ਤੇਜ਼ ਕਰਦਾ ਹੈ, ਜੋ ਭਾਰ ਘਟਾਉਣ ਵਿੱਚ ਮਦਦ ਕਰਦਾ ਹੈ।

### ਕਿਵੇਂ ਬਣਾਉਣਾ ਹੈ ਅਮਰੂਦ ਦਾ ਜੂਸ

ਅਮਰੂਦ ਦਾ ਰਸ ਬਣਾਉਣ ਲਈ ਤਾਜ਼ੇ ਅਤੇ ਪੱਕੇ ਅਮਰੂਦ ਲਓ। ਉਹਨਾਂ ਨੂੰ ਛੋਟੇ ਟੁਕੜਿਆਂ ਵਿੱਚ ਕੱਟੋ। ਮਿਕਸਰ ਵਿੱਚ ਸੁਆਦ ਲਈ ਥੋੜ੍ਹਾ ਪਾਣੀ ਅਤੇ ਸ਼ਹਿਦ ਪਾਓ। ਇਸ ਨੂੰ ਫਿਲਟਰ ਕਰੋ। ਤੁਸੀਂ ਇਸ ਵਿਚ ਪੁਦੀਨਾ ਜਾਂ ਕਾਲਾ ਨਮਕ ਵੀ ਮਿਲਾ ਸਕਦੇ ਹੋ।



## ਮਨੁੱਖੀ ਅਧਿਕਾਰ ਜਾਗਰੁਕਤਾ ਦਿਵਸ–2024

# "ਹੁਣੇ ਤੋਂ ਸਾਡੇ ਅਧਿਕਾਰ ਹੀ ਸਾਡਾ ਭਵਿੱਖ ਹਨ"

"ਵਿਸ਼ਵ ਮਨੁੱਖੀ ਅਧਿਕਾਰ ਦਿਵਸ–2024. ਮਨੁੱਖੀ ਅਧਿਕਾਰ ਦੀ ਯੂਨੀਵਰਸਲ ਘੋਸ਼ਣਾ ਇੱਕ ਇਤਿਹਾਸਕ ਦਸਤਾਵੇਜ਼ ਉਹਨਾਂ ਅਧਿਕਾਰਾਂ ਬਾਰੇ ਗੱਲ ਕਰਦਾ ਹੈ, ਜੋ ਕਿਸੇ ਨਸਲ, ਰੰਗ, ਧਰਮ, ਲਿੰਗ, ਭਾਸ਼ਾ, ਰਾਜਨੀਤਿਕ ਜਾਂ ਹੋਰ ਵਿਚਾਰਾਂ, ਰਾਸ਼ਟਰੀ ਜਾਂ ਸਮਾਜਿਕ ਮੂਲ, ਜਾਇਦਾਦ, ਜਨਮ ਜਾਂ ਹੋਰ ਹਾਲਾਤ ਦੀ ਪਰਵਾਹ ਕੀਤੇ ਬਿਨਾਂ, ਹਰ ਕੋਈ ਮਨੁੱਖ ਵੱਜੋਂ ਹੱਕਦਾਰ ਹੈ"–ਅਨਿਲ ਧੀਰ, ਕਾਲਮਨਿਸਟ. ਹੈਲਥ ਐਜੂਕੇਟਰ ਅਵਾਰਡ ਵਿਜੇਤਾ, ਸੋਸ਼ਲ ਐਕਟੀਵਿਸਟ




**ਹੈਲਥ ਮੀਡੀਆ ਕੈਨੇਡਾ:** ਮੁਨੱਖੀ ਅਧਿਕਾਰ ਦਿਵਸ 2024 ਦਾ ਥੀਮ ਹੈ– ਹੁਣੇ ਤੋਂ ਸਾਡੇ ਅਧਿਕਾਰ ਹੀ ਸਾਡਾ ਭਵਿੱਖ ਹਨ। ਮਨੁੱਖੀ ਅਧਿਕਾਰ ਦਿਵਸ ਹਰ ਸਾਲ ਦੁਨੀਆ ਭਰ 'ਚ 10 ਦਸੰਬਰ ਵਾਲੇ ਦਿਨ ਲੋਕਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਬਾਰੇ ਜਾਗਰੂਕ ਕੀਤਾ ਜਾਂਦਾ ਹੈ। ਇਹ ਵਿਸ਼ਵ ਦੇ ਸੱਭ ਤੋਂ ਮਹੱਤਵਪੂਰਨ ਗਲੋਬਲ ਵਾਅਦਿਆਂ ਵਿੱਚੋਂ ਇੱਕ ਦੀ ਵਰੇਗੰਢ ਮਨਾਉਂਦਾ ਹੈ। ਇਹ ਘੋਸ਼ਣਾ ਪੱਤਰ 10 ਦਸੰਬਰ 1948 ਵਾਲੇ ਦਿਨ ਪੈਰਿਸ 'ਚ ਸੰਯੁਕਤ ਰਾਸ਼ਟਰ ਮਹਾਸਭਾ ਦੁਆਰਾ ਘੋਸ਼ਿਤ ਕੀਤਾ ਗਿਆ ਸੀ ਅਤੇ ਪਹਿਲੀ ਵਾਰ, ਬੁਨਿਆਦੀ ਮਨੁੱਖੀ ਅਧਿਕਾਰਾਂ ਨੂੰ ਸਰਵ ਵਿਆਪਕ ਤੌਰ 'ਤੇ ਸੁਰੱਖਿਅਤ ਕਰਨ ਲਈ ਨਿਰਧਾਰਤ ਕੀਤਾ ਗਿਆ ਸੀ। ਸਾਰੇ ਲੋਕਾਂ ਅਤੇ ਸਾਰੀਆਂ ਕੌਮਾਂ ਲਈ ਪ੍ਰਾਪਤੀ ਦੇ ਸਾਂਝੇ ਮਿਆਰ ਵੱਜੋਂ, ਯੂਡੀਐਚਆਰ ਅੰਤਰਰਾਸ਼ਟਰੀ, ਰਾਸ਼ਟਰੀ ਅਤੇ ਸਥਾਨਕ ਕਾਨੂੰਨਾਂ ਅਤੇ ਨੀਤੀਆਂ ਲਈ ਇੱਕ ਗਲੋਬਲ ਬਲੂਪ੍ਰਿੰਟ ਹੈ ਅਤੇ ਟਿਕਾਊ ਵਿਕਾਸ ਲਈ 2030 ਏਜੰਡੇ ਦਾ ਆਧਾਰ ਹੈ। ਇਹ 577 'ਚ ਉਪਲੱਬਧ ਹੈ।

ਇਸ ਸਾਲ ਦਾ ਥੀਮ ਸਾਡੇ ਰੋਜ਼ਾਨਾਂ ਜੀਵਨ 'ਚ ਮਨੁੱਖੀ ਅਧਿਕਾਰਾਂ ਦੀ ਮਹੱਤਤਾ ਅਤੇ ਸਾਰਥਕਤਾ ਨੂੰ ਸਵੀਕਾਰ ਕਰਨ ਲਈ ਇੱਕ ਸੱਦਾ ਹੈ। ਸਾਡੇ ਕੋਲ ਨਫਰਤ ਭਰੇ ਭਾਸ਼ਣ ਦੇ ਵਿਰੁੱਧ ਬੋਲਣ, ਗਲਤ ਜਾਣਕਾਰੀ ਨੂੰ ਠੀਕ ਕਰਨ ਅਤੇ ਗਲਤ ਜਾਣਕਾਰੀ ਦਾ ਮੁਕਾਬਲਾ ਕਰਨ ਦੁਆਰਾ ਧਾਰਨਾਵਾਂ ਨੂੰ ਬਦਲਣ ਦਾ ਮੌਕਾ ਹੈ। ਇਹ ਮਨੁੱਖੀ ਅਧਿਕਾਰਾਂ ਲਈ ਵਿਸ਼ਵਵਿਆਪੀ ਅੰਦੋਲਨ ਨੂੰ ਮੁੜ ਜ਼ਿੰਦਾ ਕਰਨ ਲਈ ਕਾਰਵਾਈ ਨੂੰ ਜੁਟਾਉਣ ਦਾ ਸਮਾਂ ਹੈ।

ਮਨੁੱਖੀ ਅਧਿਕਾਰ ਵਿਅਕਤੀ ਅਤੇ ਭਾਈਚਾਰਿਆਂ ਨੂੰ ਇੱਕ ਬਿਹਤਰ ਭਵਿੱਖ ਬਣਾਉਣ ਲਈ ਤਾਕਤ ਦਿੰਦੇ ਹਨ। ਮਨੁੱਖੀ ਅਧਿਕਾਰਾਂ ਦੀ ਪੂਰੀ ਤਾਕਤ ਨੂੰ ਵਿਸ਼ਵ ਦੇ ਮਾਰਗ ਵੱਜੋਂ ਅਪਣਾਉਣ ਅਤੇ ਭਰੋਸਾ ਕਰਨ ਨਾਲ, ਅਸੀਂ ਵਧੇਰੇ ਸ਼ਾਂਤੀਪੂਰਨ, ਬਰਾਬਰ ਅਤੇ ਟਿਕਾਊ ਬਣ ਸਕਦੇ ਹਾਂ। ਮਨੁੱਖੀ ਅਧਿਕਾਰ ਸ਼ਾਂਤੀਪੂਰਨ, ਨਿਆਪੂਰਨ ਅਤੇ ਸਮਾਵੇਸ਼ੀ ਸਮਾਜਾਂ ਦੀ ਨੀਂਹ ਹਨ।

ਘੋਸ਼ਣਾ ਪੱਤਰ ਅਨੁਸਾਰ ਆਪਣੇ ਬੁਨਿਆਦੀ ਅਧਿਕਾਰ ਲਵੋ :

* ਹਰ ਵਿਅਕਤੀ ਆਜ਼ਾਦ ਅਤੇ ਸਨਮਾਨ, ਅਧਿਕਾਰਾਂ 'ਚ ਬਰਾਬਰ ਪੈਦਾ ਹੁੰਦਾ ਹੈ। ਵਿਅਕਤੀ ਤਰਕ ਅਤੇ ਜ਼ਮੀਰ ਨਾਲ ਸੰਪੰਨ ਹੈ ਅਤੇ ਉਹਨਾਂ ਨੂੰ ਇੱਕ ਦੂਜੇ ਪ੍ਰਤੀ ਭਾਈਚਾਰੇ ਦੀ ਭਾਵਨਾ ਨਾਲ ਕੰਮ ਕਰਨਾ ਚਾਹੀਦਾ ਹੈ।

* ਹਰ ਆਦਮੀ ਬਿਨਾਂ ਕਿਸੇ ਭੇਦਭਾਵ, ਜਿਵੇਂ ਕਿ ਨਸਲ, ਰੰਗ, ਲਿੰਗ, ਭਾਸ਼ਾ, ਧਰਮ, ਰਾਜਨੀਤਕ, ਸਮਾਜਿਕ ਮੂਲ, ਜਾਇਦਾਦਾ, ਜਨਮ, ਅਧਿਕਾਰਾਂ ਅਤੇ ਆਜ਼ਾਦੀ ਦਾ ਹੱਕਦਾਰ ਹੈ। ਇਸ ਤੋਂ ਇਲਾਵਾ ਕਿਸੇ ਵੀ ਵਿਅਕਤੀ ਨਾਲ ਰਾਜਨੀਤਕ ਅਧਿਕਾਰ ਖੇਤਰ ਜਾਂ ਅੰਤਰਰਾਸ਼ਟਰੀ ਹਾਲਾਤ ਦੇ ਆਧਾਰ 'ਤੇ ਕੋਈ ਭੇਦਭਾਵ ਨਹੀਂ ਕੀਤਾ ਜਾਵੇਗਾ।

* ਹਰ ਵਿਅਕਤੀ ਨੂੰ ਜੀਵਨ, ਆਜ਼ਾਦੀ ਅਤੇ ਸੁਰੱਖਿਆ ਦਾ ਅਧਿਕਾਰ ਹੈ।

* ਕਿਸੇ ਨੂੰ ਵੀ ਗੁਲਾਮੀ ਜਾਂ ਗੁਲਾਮੀ 'ਚ ਨਹੀਂ ਰੱਖਿਆ ਜਾਵੇਗਾ ਅਤੇ ਗੁਲਾਮ ਵਪਾਰ ਨੂੰ ਉਹਨਾਂ ਦੇ ਸਾਰੇ ਰੂਪਾਂ 'ਚ ਵਰਜਿਤ ਕੀਤਾ ਗਿਆ ਹੈ।

* ਬੇਰਹਮੀ, ਅਣਮੁੱਖੀ ਅਤੇ ਅਪਮਾਨਜਨਕ ਸਲੂਕ ਜਾਂ ਸਜ਼ਾ ਦਾ ਸ਼ਿਕਾਰ ਕੋਈ ਵੀ ਵਿਅਕਤੀ ਨਹੀਂ ਹੋਵੇਗਾ।

* ਕਾਨੂੰਨ ਦੇ ਸਾਹਮਣੇ ਹਰ ਕਿਸੇ ਨੂੰ ਇੱਕ ਇਨਸਾਨ ਵੱਜੋਂ ਹਰ ਥਾਂ ਮਾਨਤਾ ਪ੍ਰਾਪਤ ਦਾ ਅਧਿਕਾਰ ਦਿੱਤਾ ਜਾਵੇਗਾ।

* ਕਾਨੂੰਨ ਦੇ ਸਾਹਮਣੇ ਸਾਰੇ ਵਿਅਕਤੀ ਬਰਾਬਰ ਹਨ ਅਤੇ ਬਿਨਾਂ ਕਿਸੇ ਭੇਦਭਾਵ ਦੇ ਕਾਨੂੰਨ ਦੀ ਬਰਾਬਰ ਸੁਰੱਖਿਆ ਦੇ ਹਕਦਾਰ ਹਨ। ਹਰ ਆਦਮੀ ਇਸ ਘੋਸ਼ਣਾ ਪੱਤਰ ਉਲੰਘਣਾ ਕਰਨ ਵਾਲੇ ਕਿਸੇ ਵੀ ਵਿਤਕਰੇ ਅਤੇ ਅਜਿਹੇ ਵਿਤਕਰੇ ਲਈ ਕਿਸੇ ਵੀ ਭੜਕਾਹਟ ਦੇ ਵਿਰੁੱਧ ਬਰਾਬਰ ਸੁਰੱਖਿਆ ਦੇ ਹਕਦਾਰ ਹਨ।



**Anil Dheer**
Columnist. Alternative Therapist, Social Activist. Health Educator Award winner; Certified in: GNT Diseases 2023 (W.H.O) Air Pollution n Health 2023 (W.H.O) Monkey-pox Virus: Health Emergencies programme (W.H.O) PHR-UNICEF Covid Variants-Vaccine-specific resources & IPC (W.H.O)

* ਹਰ ਵਿਅਕਤੀ ਨੂੰ ਸੰਵਿਧਾਨ ਦੁਆਰਾ ਦਿੱਤੇ ਗਏ ਬੁਨਿਆਦੀ ਅਧਿਕਾਰਾਂ ਦੀ ਉਲੰਘਣਾ ਕਰਨ ਵਾਲੀਆਂ ਕਾਰਵਾਈਆਂ ਲਏ ਸਿਮੱਰਥ ਰਾਸ਼ਟਰੀ ਟ੍ਰਿਬਿਊਨਲ ਦੁਆਰਾ ਅਸਰਦਾਰ ਹੱਲ ਦਾ ਅਧਿਕਾਰ ਹੈ।

* ਕਿਸੇ ਨੂੰ ਵੀ ਮਨਮਾਨੀ, ਗ੍ਰਿਫਤਾਰੀ, ਨਜ਼ਰਬੰਦੀ ਜਾਂ ਦੇਸ਼ ਨਿਕਾਲਾ ਨਹੀਂ ਦਿੱਤਾ ਜਾਵੇਗਾ।

* ਹਰ ਕੋਈ ਆਪਣੇ ਅਧਿਕਾਰਾਂ ਅਤੇ ਫਰਜ਼ਾਂ ਦੇ ਨਿਰਧਾਰਨ 'ਚ ਅਤੇ ਉਸਦੇ ਵਿਰੁੱਧ ਕਿਸੇ ਵੀ ਅਪਰਾਧਿਕ ਦੋਸ਼ ਦੀ ਇੱਕ ਆਜ਼ਾਦ ਅਤੇ ਨਿਰਪੱਖ ਟ੍ਰਿਬਿਊਨਲ ਦੁਆਰਾ ਨਿਰਪੱਖ 'ਤੇ ਜਨਤਕ ਸੁਣਵਾਈ ਦਾ ਪੂਰੀ ਤਰਾਂ ਨਾਲ ਹੱਕਦਾਰ ਹੈ।

* ਦੰਡਯੋਗ ਅਪਰਾਧ ਲਈ ਦੋਸ਼ ਲਗਾਏ ਗਏ ਹਰੇਕ ਵਿਅਕਤੀ ਨੂੰ ਉਦੋਂ ਤੱਕ ਨਿਰਦੋਸ਼ ਮੰਨਣ ਦਾ ਅਧਿਕਾਰ ਹੈ ਜਦੋਂ ਤੱਕ ਕਿਸੇ ਜਨਤਕ ਮੁਕੱਦਮੇ 'ਚ ਕਾਨੂੰਨ ਅਨੁਸਾਰ ਦੋਸ਼ੀ ਸਾਬਤ ਨਹੀਂ ਹੋ ਜਾਂਦਾ ਜਿਸ 'ਚ ਉਸ ਕੋਲ ਆਪਣੇ ਬਚਾਅ ਲੋੜੀਂਦੀਆਂ ਸਾਰੀਆਂ ਗਾਰੰਟੀਆਂ ਹਨ। ਕਿਸੇ ਵੀ ਇਨਸਾਨ ਨੂੰ ਕਿਸੇ ਅਜਿਹੇ ਕੰਮ ਜਾਂ ਭੁੱਲ ਦੇ ਕਾਰਨ ਕਿਸੇ ਵੀ ਦੰਡਯੋਗ ਅਪਰਾਧ ਲਈ ਦੋਸ਼ੀ ਨਹੀਂ ਠਹਿਰਾਇਆ ਜਾਵੇਗਾ, ਜੋ ਕਿ ਰਾਸ਼ਟਰੀ ਜਾਂ ਅੰਤਰਰਾਸ਼ਟਰੀ ਕਾਨੂੰਨ ਦੇ ਅਧੀਨ, ਉਸ ਸਮੇਂ, ਜਦੋਂ ਇਹ ਕੀਤਾ ਗਿਆ ਸੀ। ਨਾ ਹੀ ਉਸ ਤੋਂ ਵੱਧ ਭਾਰੀ ਜ਼ੁਰਮਾਨਾ ਲਗਾਇਆ ਜਾਵੇਗਾ ਜੋ ਦੰਡਯੋਗ ਜੁਰਮ ਕੀਤੇ ਜਾਣ ਸਮੇਂ ਲਾਗੂ ਸੀ।

* ਕਿਸੇ ਨੂੰ ਵੀ ਉਸਦੀ ਨਿੱਜਤਾ, ਪਰਿਵਾਰ, ਘਰ ਜਾਂ ਪੱਤਰ–ਵਿਹਾਰ 'ਚ ਆਪਹੁਦਰੀ ਦਖਲਅੰਦਾਜ਼ੀ ਨਹੀਂ ਕੀਤੀ ਜਾਵੇਗੀ ਅਤੇ ਨਾ ਹੀ ਉਸਦੀ ਇੱਜਤ ਅਤੇ ਵਕਾਰ ਉੱਤੇ ਹਮਲਾ ਕੀਤਾ ਜਾਵੇਗਾ। ਹਰ ਵਿਅਕਤੀ ਨੂੰ ਅਜਿਹੇ ਦਖਲ ਜਾਂ ਹਮਲਿਆਂ ਵਿਰੁੱਧ ਕਾਨੂੰਨ ਦੀ ਸੁਰੱਖਿਆ ਦਾ ਅਧਿਕਾਰ ਹੈ।

* ਸਾਰਿਆਂ ਨੂੰ ਹਰ ਰਾਜ ਦੀਆਂ ਸਰਹੱਦਾਂ ਦੇ ਅੰਦਰ ਆਵਾਜਾਈ ਅਤੇ ਨਿਵਾਸ ਦੀ ਆਜ਼ਾਦੀ ਦਾ ਅਧਿਕਾਰ ਹੈ। ਹਰੇਕ ਨੂੰ ਆਪਣੇ ਦੇਸ਼ ਸਮੇਤ ਕਿਸੇ ਵੀ ਦੇਸ਼ ਨੂੰ ਛੱਡਣ ਅਤੇ ਆਪਣੇ ਦੇਸ਼ ਵਾਪਸ ਜਾਣ ਦਾ ਅਧਿਕਾਰ ਹੈ।

* ਹਰ ਵਿਅਕਤੀ ਨੂੰ ਅਤਿਆਚਾਰ ਤੋਂ ਬਚਣ ਲਈ ਦੂਜੇ ਦੇਸ਼ਾਂ 'ਚ ਸ਼ਰਣ ਲੈਣ ਅਤੇ ਆਨੰਦ ਲੈਣ ਦਾ ਅਧਿਕਾਰ ਹੈ। ਇਹ ਅਧਿਕਾਰ ਗੈਰ–ਸਿਆਸੀ ਅਪਰਾਧਾਂ ਜਾਂ ਸੰਯੁਕਤ ਰਾਸ਼ਟਰ ਦੇ ਉਦੇਸ਼ਾਂ ਅਤੇ ਸਿਧਾਂਤਾਂ ਦੇ ਉਲਟ ਕਾਰਵਾਈਆਂ ਤੋਂ ਅਸਲ 'ਚ ਮੁਕੱਦਮੇ ਚਲਾਉਣ ਦੇ ਮਾਮਲੇ 'ਚ ਨਹੀਂ ਲਿਆ ਜਾ ਸਕਦਾ ਹੈ।

* ਹਰੇਕ ਇਨਸਾਨ ਨੂੰ ਕੌਮੀਅਤ ਦਾ ਹੱਕ ਹੈ। ਕਿਸੇ ਨੂੰ ਵੀ ਮਨਮਾਨੇ ਢੰਗ ਨਾਲ ਉਸਦੀ ਕੌਮੀਅਤ ਤੋਂ ਵਾਂਝਾ ਨਹੀਂ ਕੀਤਾ ਜਾਵੇਗਾ। ਪੂਰੀ ਜ਼ਿੰਦਗੀ ਮਰਦਾਂ 'ਤੇ ਔਰਤਾਂ ਨੂੰ ਜਾਤ, ਕੌਮੀਅਤ ਜਾਂ ਧਰਮ ਦੇ ਕਾਰਨ ਬਿਨਾਂ ਕਿਸੇ ਸੀਮਾ ਦੇ, ਵਿਆਹ ਕਰਨ ਅਤੇ ਪਰਿਵਾਰ ਬਣਾਉਣ ਦਾ ਅਧਿਕਾਰ ਹੈ। ਉਹ ਵਿਆਹ ਦੌਰਾਣ ਅਤੇ ਇਸਦੇ ਭੰਗ ਹੋਣ 'ਤੇ ਬਰਾਬਰ ਅਧਿਕਾਰਾਂ ਦੇ ਹੱਕਦਾਰ ਹਨ। ਵਿਆਹ ਕੇਵਲ ਇਰਾਦੇ ਵਾਲੇ ਜੀਵਨ ਸਾਥੀ ਦੀ ਆਜ਼ਾਦ 'ਤੇ ਪੂਰੀ ਸਹਿਮਤੀ ਨਾਲ ਹੀ ਕੀਤਾ ਜਾਵੇਗਾ। ਪਰਿਵਾਰ ਸਮਾਜ ਦੀ ਕੁਦਰਤੀ ਅਤੇ ਬੁਨਿਆਦੀ ਸਮੂਹ ਇਕਾਈ ਹੈ ਅਤੇ ਸਮਾਜ 'ਤੇ ਰਾਜ ਦੁਆਰਾ ਸੁਰੱਖਿਆ ਦਾ ਹੱਕਦਾਰ ਹੈ।

* ਹਰ ਇਨਸਾਨ ਨੂੰ ਇੱਕਲੇ ਅਤੇ ਦੂਜਿਆਂ ਨਾਲ ਮਿਲ ਕੇ ਜਾਇਦਾਦ ਰੱਖਣ ਦਾ ਅਧਿਕਾਰ ਹੈ। ਕਿਸੇ ਨੂੰ ਵੀ ਮਨਮਾਨੇ ਢੰਗ ਨਾਲ ਉਸਦੀ ਜਾਇਦਾਦ ਤੋਂ ਵਾਂਝਾ ਨਹੀਂ ਕੀਤਾ ਜਾਵੇਗਾ।

* ਹਰ ਕਿਸੇ ਨੂੰ ਵਿਚਾਰ, ਜ਼ਮੀਰ ਅਤੇ ਧਰਮ ਦੀ ਆਜ਼ਾਦੀ ਦਾ ਅਧਿਕਾਰ ਹੈ, ਇਸ ਅਧਿਕਾਰ 'ਚ ਆਪਣੇ ਧਰਮ ਜਾਂ ਵਿਸ਼ਵਾਸ ਨੂੰ ਬਦਲਣ ਦੀ ਆਜ਼ਾਦੀ, 'ਤੇ ਆਜ਼ਾਦੀ ਜਾਂ ਇੱਕਲੇ ਜਾਂ ਦੂਸਰਿਆਂ ਨਾਲ ਭਾਈਚਾਰੇ 'ਚ ਅਤੇ ਜਨਤਕ ਜਾਂ ਨਿੱਜੀ ਤੌਰ 'ਤੇ, ਸਿੱਖਿਆ, ਅਭਿਆਸ, ਪੂਜਾ ਅਤੇ ਪਾਲਣ 'ਚ ਆਪਣੇ ਧਰਮ ਜਾਂ ਵਿਸ਼ਵਾਸ਼ ਨੂੰ ਪ੍ਰਗਟ ਕਰਨ ਦੀ ਆਜ਼ਾਦੀ ਸ਼ਾਮਲ ਹੈ।

* ਹਰੇਕ ਨੂੰ ਵਿਚਾਰ 'ਤੇ ਪ੍ਰਗਟਾਵੇ ਦੀ ਆਜ਼ਾਦੀ ਅਧਿਕਾਰ ਹੈ। ਇਸ ਅਧਿਕਾਰ 'ਚ ਬਿਨਾਂ ਕਿਸੇ ਦਖਲ ਦੇ ਵਿਚਾਰ ਰੱਖਣ 'ਤੇ ਕਿਸੇ ਵੀ ਮੀਡੀਆ ਦੁਆਰਾ 'ਤੇ ਸਰਹੱਦਾਂ ਦੀ ਪਰਵਾਹ ਕੀਤੇ ਬਿਨਾਂ ਜਾਣਕਾਰੀ ਅਤੇ ਵਿਚਾਰਾਂ ਨੂੰ ਪ੍ਰਾਪਤ ਕਰਨ 'ਤੇ ਪ੍ਰਦਾਨ ਕਰਨ ਦੀ ਆਜ਼ਾਦੀ ਸ਼ਾਮਲ ਹੈ।

* ਹਰ ਕਿਸੇ ਨੂੰ ਸ਼ਾਂਤੀਪੂਰਨ ਇਕੱਠ ਅਤੇ ਐਸੋਸੀਏਸ਼ਨ ਨਾਲ ਜੁੜਨ ਦੀ ਆਜ਼ਾਦੀ ਦਾ ਅਧਿਕਾਰ ਹੈ।

* ਹਰ ਵਿਅਕਤੀ ਨੂੰ ਆਪਣੇ ਦੇਸ਼ ਦੀ ਸਰਕਾਰ 'ਚ ਸਿੱਧੇ ਤੌਰ 'ਤੇ ਚੁਣੇ ਹੋਏ ਪ੍ਰਤੀਨਿਧੀਆਂ ਰਾਹੀਂ ਹਿੱਸਾ ਲੈਣ ਦਾ ਅਧਿਕਾਰ ਹੈ। ਯਾਨਿ ਚੋਣਾਂ 'ਚ ਗਪਤ ਵੋਟ ਅਥੈ ਜਨਤਕ ਸੇਵਾ ਦਾ ਬਰਾਬਰ ਦਾ ਅਧਿਕਾਰ ਹੈ।

* ਹਰ ਕਿਸੇ ਨੂੰ, ਸਮਾਜ ਦੇ ਇੱਕ ਮੈਂਬਰ ਵੱਜੋਂ, ਸਮਾਜਿਕ ਸੁਰੱਖਿਆ ਦਾ ਅਧਿਕਾਰ ਹੈ ਅਤੇ ਉਹ ਰਾਸ਼ਟਰੀ ਯਤਨਾਂ 'ਤੇ ਅੰਤਰਰਾਸ਼ਟਰੀ ਸਹਿਯੋਗ ਦੁਆਰਾ ਅਤੇ ਹਰੇਕ ਰਾਜ ਦੇ ਸੰਗਠਨ ਅਤੇ ਸਰੋਤਾਂ ਦੇ ਮੁਤਾਬਿਕ ਆਰਥਿਕ, ਸਮਾਜਿਕ ਅਤੇ ਸਭਿਆਚਾਰਕ ਅਧਿਕਾਰਾਂ ਦੀ ਪ੍ਰਾਪਤੀ ਦਾ ਅਧਿਕਾਰ ਹੈ।

* ਹਰੇਕ ਵਿਅਕਤੀ ਨੂੰ ਕੰਮ ਕਰਨ, ਰੁਜ਼ਗਾਰ ਦੀ ਸੁਤੰਤਰ ਚੋਣ, ਕੰਮ ਦੀਆਂ ਜਾਇਜ਼ ਅਤੇ ਅਨੁਕੂਲ ਸਥਿਤੀਆਂ ਅਤੇ ਬੇਰੁਜ਼ਗਾਰੀ ਤੋਂ ਸੁਰੱਖਿਆ ਦਾ ਅਧਿਕਾਰ ਹੈ।

* ਹਰ ਇਨਸਾਨ ਨੂੰ ਮਰਜ਼ੀ ਮੁਤਾਬਿਕ ਆਰਾਮ ਕਰਨ 'ਤੇ ਮਨੋਰੰਜਨ ਦਾ ਅਧਿਕਾਰ ਹੈ, ਜਿਸ 'ਚ ਕੰਮ ਦੇ ਘੰਟਿਆਂ ਦੀ ਵਾਜਬ ਸੀਮਾ ਅਤੇ ਤਨਖਾਹਦੇ ਨਾਲ–ਨਾਲ ਸਮੇਂ–ਸਮੇਂ 'ਤੇ ਛੁੱਟੀਆਂ ਵੀ ਸ਼ਾਮਲ ਹਨ।

**ਨੋਟ:** ਅੱਜ ਇਨਸਾਨ ਦੇ ਬੁਨਿਆਦੀ ਅਧਿਕਾਰਾਂ ਦੇ ਬਾਵਜੂਦ ਆਮ ਵਿਅਕਤੀ ਨੂੰ ਉਹਨਾਂ ਦੇ ਹੱਕ ਨਹੀਂ ਮਿਲ ਰਹੇ। ਰਾਜਨੀਤਕ ਅਪਰਾਧੀਕਰਨ ਇਸਦਾ ਕਾਰਨ ਬਣ ਰਿਹਾ ਹੈ।

TOPLINK
TOPLINK LOAN & LEASING INC.
LOAN & LEASING INC.
Services: Truck Finance, Trailer Finance, Heavy Equipment Finance, Pre-Owned Inventory
LOCATIONS:
#14 - 6965 Davand Drive Mississauga, ON L5T1Y6 Tel: (905) 565-866, Email: info@toplinkloanandleasing.com
#205 - 31549 South Fraser Way Abbotsford, BC V2T 4A3 Tel: (778) 716-8667
2040 Logan Avenue Winnipeg, MB R2R 0H9 Tel: (204) 480-9600

AZ DRIVERS & OWNER OPERATORS NEEDED
ਅਮਰੀਕਾ ਲਈ ਏ ਜ਼ੈਡ ਡਰਾਈਵਰ ਅਤੇ ਓਨਰ ਔਪਰੇਟਰ ਚਾਹੀਦੇ ਹਨ
Call: Balkar, Harry 905-791-3090
Hunter Express Ltd
1940 Steeles Ave., E.
Brampton, ON
Toll Free: 1-866-659-2300
www.hunterexpress.ca
* Competitive Pay Rates
* Steady Work
* Dedicated Run
* Satellite Dispatch
* Safety Bonus

RESIDENTIAL OR COMMERCIAL REAL ESTATE NEEDS
ਕਿਸੇ ਤਰ੍ਹਾਂ ਦੀ ਵੀ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਭਾਵੇਂ ਘਰ ਹੋਵੇ, ਵਿਓਪਾਰ ਹੋਵੇ ਜਾਂ ਇਨਵੈਸਟਮੈਂਟ ਹੋਵੇ, ਕੁਲਵਿੰਦਰ ਨਿੱਜਰ ਨਾਲ ਸੰਪਰਕ ਕਰੋ
KULWINDER NIJJAR
Sales Representative
Dir#: 416-508-1340
Homelife Miracle Realty Ltd. Brokerage,
Independently owned & operated
HOMELIFE HIGHER STANDARDS
Ph: 905-454-4000

BRAMPTON TV & APPLIANCES
Ph.: (905) 450-2828
6 Months Financing Available
All collections : Audio Systems and Radios, Beverage Centers, Computer Monitors, Cooktops, Dishwashers, Dryers, Freezers, Home Audio, Home Speakers, Home Theater Projectors, Kitchen, Kitchen Sets, Laundry, Laundry Centers, Laundry Pedestals, LED TV, Microwave Ovens, Wall Ovens, Portable Speakers, Rangehoods, Ranges, Refrigerators, Small Home Appliances, Sound Bars, Warming Drawers, Washers, Wine Storage.
801 BOVAIRD DR W, BRAMPTON, ON L6X 0T9

# ਰਾਸ਼ੀਫਲ

**ਮੇਖ :** ਕੰਮ ਦਾ ਤਨਾਵ ਤੁਹਾਡੀ ਸਿਹਤ ਨੂੰ ਖਰਾਬ ਕਰ ਸਕਦਾ ਹੈ। ਆਪਣੇ ਜੀਵਨ ਸਾਥੀ ਨਾਲ ਮਿਲ ਕੇ, ਤਸੀ ਭਵਿੱਖ ਦੇ ਲਈ ਧੰਨ ਦੀ ਯੋਜਨਾ ਅਤੇ ਆਰਥਿਕਤਾ ਬਾਰੇ ਗੱਲਬਾਤ ਕਰ ਸਕਦੇ ਹੋ। ਜਿਨਾਂ ਲੋਕਾਂ ਨਾਲ ਤੁਹਾਡੀ ਮੁਲਾਕਾਤ ਕਦੀ ਕਦੀ ਹੁੰਦੀ ਹੈ ਉਨਾਂ ਨਾਲ ਗੱਲਬਾਤ ਅਤੇ ਸੰਪਰਕ ਕਰਨ ਲਈ ਚੰਗਾ ਦਿਨ ਹੈ ਰੁਮਾਂਟਿਕ ਚਾਲਾਂ ਦਾ ਭੁਗਤਾਨ ਨਹੀਂ ਹੋਵੇਗਾ। ਅੱਜ ਦੇ ਦਿਨ ਕੰਮ ਕਰਦੇ ਸਮੇਂ ਤੁਹਾਨੂੰ ਕੋਈ ਖਾਸ ਦਿੱਕਤ ਨਹੀਂ ਆਵੇਗੀ ਅਤੇ ਤੁਸੀ ਇਕ ਜਿੱਤੇ ਹੋਏ ਦੀ ਤਰਾਂ ਉੱਭਰੋਂਗੇ। ਅੱਜ ਅਜਿਹਾ ਦਿਨ ਹੈ ਜਦੋਂ ਚੀਜਾਂ ਉਸ ਤਰਾਂ ਨਹੀਂ ਹੋਣਗੀਆਂ ਜਿਸ ਤਰਾਂ ਤੁਸੀ ਚਾਹੁੰਦੇ ਹੋ। ਹਾਸੇ ਮਜ਼ਾਕ ਦੇ ਚਲਦੇ ਤੁਹਾਡੇ ਅਤੇ ਤੁਹਾਡੇ ਜੀਵਨ ਸਾਥੀ ਵਿਚ ਕੋਈ ਪੁਰਾਣਾ ਮੁੱਦਾ ਉਠ ਸਕਦਾ ਹੈ ਜੋ ਫਿਰ ਵਾਦ ਵਿਵਾਦ ਦਾ ਰੂਪ ਵੀ ਲੈ ਸਕਦਾ ਹੈ।

**ਬ੍ਰਿਸ਼ਭ :** ਮਾਤਾ ਪਿਤਾ ਦੀ ਸਿਹਤ ਚਿੰਤਾ ਦਾ ਕਾਰਨ ਬਣ ਸਕਦੀ ਹੈ। ਅੱਜ ਅਦਾਲਤ ਦਾ ਫੈਂਸਲਾ ਤੁਹਾਡੇ ਹੱਕ ਵਿਚ ਆ ਸਕਦਾ ਹੈ ਜੇਕਰ ਤੁਸੀ ਪੈਸਿਆਂ ਨਾਲ ਜੁੜੇ ਮਾਮਲਿਆਂ ਵਿਚ ਸ਼ਾਮਿਲ ਹੁੰਦੇ ਹੋ ਇਸ ਨਾਲ ਤੁਹਾਨੂੰ ਆਰਥਿਕ ਲਾਭ ਹੋਵੇਗਾ। ਕੁਝ ਲੋਕਾਂ ਲਈ ਪਰਿਵਾਰ ਵਿਚ ਕਿਸੇ ਨਵੇਂ ਦਾ ਆਉਣਾ ਜਸ਼ਨ ਅਤੇ ਪਾਰਟੀ ਦੇ ਪਲ ਲੈ ਕੇ ਆਵੇਗਾ। ਪਿਆਰ ਵਿਚ ਨਿਰਾਸ਼ਾ ਤੁਹਾਨੂੰ ਨਿਰਾਸ਼ ਨਹੀਂ ਕਰੇਗੀ। ਖਾਸ ਲੋਕਾਂ ਦੇ ਨਾਲ ਗੱਲਬਾਤ ਕਰਦੇ ਸਮੇਂ ਆਪਣੇ ਅੱਖ ਤੇ ਕੰਨ ਖੁੱਲੇ ਰੱਖੋ ਹੋ ਸਕਦਾ ਹੈ ਕਿ ਤੁਹਾਡੇ ਹੱਥ ਕੋਈ ਕੀਮਤੀ ਵਿਚਾਰ ਲੱਗ ਜਾਵੇ। ਦੇਰ ਰਾਤ ਤੱਕ ਤੁਹਾਨੂੰ ਕਿਤੇ ਦੂਰ ਵਾਲੇ ਸਥਾਨ ਤੋਂ ਕੋਈ ਚੰਗੀ ਖਬਰ ਮਿਲ ਸਕਦੀ ਹੈ। ਜੀਵਨਸਾਥੀ ਦੇ ਕਾਰਨ ਕੁਝ ਨੁਕਸਾਨ ਹੋ ਸਕਦਾ ਹੈ।



**ਮਿਥੁਨ :** ਦੋਸਤ ਜਾਂ ਸਹਿਕਰਮੀ ਦਾ ਸਵਾਰਥੀ ਬਰਤਾਵ ਤੁਹਾਡਾ ਮਾਨਸਿਕ ਸਕੂਨ ਖਤਮ ਕਰ ਸਕਦਾ ਹੈ। ਤੁਹਾਡੇ ਪਿਤਾ ਦੀ ਕੋਈ ਸਲਾਹ ਅੱਜ ਕੰਮ ਕਾਰ ਵਿਚ ਤੁਹਾਨੂੰ ਧੰਨ ਲਾਭ ਕਰਾ ਸਕਦੀ ਹੈ। ਪਰਿਵਾਰਿਕ ਮੈਂਬਰ ਜਾਂ ਜੀਵਨਸਾਥੀ ਉਦਾਸੀ ਦੀ ਵਜਾਹ ਬਣ ਸਕਦਾ ਹੈ। ਪਿਆਰ ਦੇ ਆਨੰਦ ਦਾ ਅਨੁਭਵ ਕੀਤਾ ਜਾ ਸਕਦਾ ਹੈ। ਇਸ ਰਾਸ਼ੀ ਨਾਲ ਜੋ ਲੋਕ ਰਚਨਾਤਮਕ ਕੰਮਾਂ ਨਾਲ ਜੁੜੇ ਹਨ ਉਨਾਂ ਨੂੰ ਅੱਜ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਅੱਜ ਤੁਹਾਨੂੰ ਮਹਿਸੂਸ ਹੋ ਸਕਦਾ ਹੈ ਕਿ ਰਚਨਾਤਮਕ ਕੰਮ ਕਰਨ ਤੋਂ ਬਿਹਤਰ ਨੋਕਰੀ ਕਰਨੀ ਸੀ। ਅੱਜ ਜੀਵਨ ਸਾਥੀ ਦੇ ਨਾਲ ਸਮਾਂ ਬਿਤਾਉਣ ਦੇ ਲਈ ਤੁਹਾਡੇ ਕੋਲ ਸਹੀ ਸਮਾਂ ਹੋਵੇਗਾ ਤੁਹਾਡੇ ਪਿਆਰ ਨੂੰ ਦੇਖ ਕੇ ਅੱਜ ਤੁਹਾਡਾ ਪ੍ਰੇਮੀ ਉਤਫਤ ਹੋ ਸਕਦਾ ਹੈ। ਤੁਸੀ ਅੱਜ ਆਪਣੀ ਵਿਆਹੁਤਾ ਜ਼ਿੰਦਗੀ ਦਾ ਸਾਰਿਆਂ ਤੋਂ ਵਧੀਆ ਦਿਨ ਮਹਿਸੂਸ ਕਰੋਂਗੇ।

**ਕਰਕ :** ਅਸੁਵਿਧਾ ਤੁਹਾਡੀ ਮਾਨਸਿਕ ਸ਼ਾਤੀ ਨੂੰ ਭੰਗ ਕਰ ਸਕਦੀ ਹੈ। ਖਾਸ ਲੋਕ ਅਜਿਹੀ ਕਿਸੇ ਵੀ ਯੋਜਨਾ ਵਿਚ ਪੈਸੇ ਲਗਾਉਣ ਲਈ ਤਿਆਰ ਹੋਣਗੇ ਜਿਸ ਤੋਂ ਸੰਭਾਵਨਾ ਨਜ਼ਰ ਆਵੇ ਅਤੇ ਵਿਸ਼ੇਸ਼ ਹੋ। ਪਰਿਵਾਰਿਕ ਮੈਂਬਰਾਂ ਨਾਲ ਮਤਭੇਦ ਖਤਮ ਕਰਕੇ ਤੁਸੀ ਆਪਣੇ ਉਦੇਸ਼ਾ ਦੀ ਪੂਰਤੀ ਆਸਾਨੀ ਨਾਲ ਕਰ ਸਕਦੇ ਹੋ। ਅੱਜ ਤੁਸੀ ਜਾਣ ਜਾਵੋਂਗੇ ਕਿ ਤੁਹਾਡਾ ਪ੍ਰੇਮ ਸਾਥੀ ਉਹ ਹੈ ਜੋ ਤੁਹਾਨੂੰ ਹਮੇਸ਼ਾ ਲਈ ਪਿਆਰ ਕਰੇਗਾ। ਅੱਜ ਦੇ ਦਿਨ ਕੰਮਕਾਰ ਵਿਚ ਵਾਤਾਵਰਣ ਮਾਹੌਲ ਵਧੀਆ ਬਣਿਆ ਰਹੇਗਾ। ਸਮਾਜਿਕ ਧਾਰਮਿਕ ਸਮਾਗਮਾਂ ਲਈ ਬੇਹਤਰੀਨ ਦਿਨ ਹੈ। ਤੁਸੀ ਅਤੇ ਤੁਹਾਡਾ ਜੀਵਨਸਾਥੀ ਕੁਝ ਦਿਨਾਂ ਤੋਂ ਖੁਸ਼ ਮਹਿਸੂਸ ਨਹੀਂ ਕਰ ਰਹੇ, ਤੁਸੀ ਅੱਜ ਬਹੁਤ ਮੋਜ਼ ਮਸਤੀ ਕਰਨ ਵਾਲੇ ਹੋ।

**ਸਿੰਘ :** ਆਪਣੀਆਂ ਨਾਕਾਰਾਤਮਕ ਭਾਵਨਾਵਾਂ ਅਤੇ ਬਿਰਤੀਆਂ ਨੂੰ ਕਾਬੂ ਵਿੱਚ ਰੱਖੋ ਤੁਹਾਡੀ ਰੂੜ੍ਹਵਾਦੀ ਸੋਚ ਪੁਰਾਣੇ ਖਿਆਲ ਤੁਹਾਡੀ ਪ੍ਰਗਤੀ ਵਿਚ ਅੜਚਣ ਬਣ ਸਕਦੀ ਹੈ ਉਸ ਦੀ ਦਿਸ਼ਾ ਬਦਲ ਸਕਦੇ ਹੋ ਅਤੇ ਤੁਹਾਨੂੰ ਰਾਹ ਵਿੱਚ ਅੱਗੇ ਕਈ ਮੁਸ਼ਕਿਲਾਂ ਖੜੀ ਕਰ ਸਕਦੀ ਹੈ। ਅਤਿਰਿਕਿਤ ਉਮਰ ਦੇ ਲਈ ਆਪਣੇ ਸੁਜਨਾਤਮਕ ਵਿਚਾਰਾਂ ਦਾ ਲਉ। ਜਿਸ ਨਾਲ ਤੁਸੀ ਰਹਿੰਦੇ ਹੋ ਉਸ ਨਾਲ ਵਾਦ ਵਿਵਾਦ ਕਰਨ ਤੋਂ ਬਚੋ ਜੇਕਰ ਕੋਈ ਸਮੱਸਿਆ ਹੈ ਤਾਂ ਉਸ ਨੂੰ ਸ਼ਾਤੀ ਨਾਲ ਗੱਲਬਾਤ ਕਰਕੇ ਸੁਲਝਾਉ। ਤੁਹਾਡੇ ਮਹਿਬੂਬ ਨਾਲ ਕੁਝ ਸੰਬੰਧ ਵਿਗੜ ਸਕਦੇ ਹਨ ਤੁਹਾਨੂੰ ਆਪਣੇ ਸਾਥੀ ਨੂੰ ਆਪਣੀ ਸਥਿਤੀ ਸਮਝਾਉਣ ਵਿਚ ਮੁਸ਼ਕਿਲ ਹੋਵੇਗੀ। ਕੁਝ ਲੋਕਾਂ ਦੇ ਲ਼ਈ ਪਾਰਟ ਟਾਈਮ ਨੋਕਰੀ ਚੰਗਾ ਸਮਾਂ ਹੈ। ਅੱਜ ਤੁਸੀ ਆਪਣਾ ਖਾਲੀ ਸਮਾਂ ਮੰਦਿਰ, ਗੁਰੂਦੁਆਰੇ ਜਾਂ ਕੋਈ ਧਾਰਮਿਕ ਸਥਾਨ ਤੇ ਬੇਲੋੜੀਆਂ ਮੁਸ਼ਕਿਲਾਂ ਅਤੇ ਪਰੇਸ਼ਾਨੀਆਂ ਤੋਂ ਬਿਤਾ ਸਕਦੇ ਹੋ। ਤੁਹਾਨੂੰ ਅਤੇ ਜੀਵਨਸਾਥੀ ਨੂੰ ਵਿਆਹੁਤ ਜ਼ਿੰਦਗੀ ਵਿਚ ਕੁਝ ਨਿੱਜ਼ਤਾ ਦੀ ਲੋੜ ਹੈ।

**ਕੰਨਿਆ:** ਭਰ ਭਰ ਕੇ ਖਾਣਾ ਅਤੇ ਜਿਆਦਾਂ ਕੈਲਰੀ ਦੀਆਂ ਚੀਜਾਂ ਖਾਣ ਤੋਂ ਬਚੋ। ਅੱਜ ਦੇ ਦਿਨ ਤੁਹਾਨੂੰ ਧੰਨ ਲਾਭ ਹੋਣ ਦੀ ਪੂਰੀ ਸੰਭਾਵਨਾ ਹੈ ਪਰੰਤੂ ਇਸ ਦੇ ਨਾਲ ਹੀ ਤੁਹਾਨੂੰ ਦਾਨ ਪੁੰਨ ਵੀ ਕਰਨਾ ਚਾਹੀਦਾ ਹੈ ਕਿਉਂ ਕਿ ਇਸ ਤੋਂ ਤੁਹਾਨੂੰ ਮਾਨਸਿਕ ਸ਼ਾਤੀ ਮਿਲੇਗੀ। ਘਰ ਵਿਚ ਕੁਝ ਬਦਲਾਅ ਲਿਆਉਣ ਦੇ ਲਈ ਪਹਿਲਾਂ ਬਾਕੀ ਲੋਕਾਂ ਦੀ ਸਲਾਹ ਭਲੀ ਭਾਂਤ ਜਾਣ ਲਵੋ। ਆਪਣੇ ਦੋਸਤ ਨਾਲ ਬਹੁਤ ਲੰਬੇ ਸਮੇਂ ਬਾਅਦ ਮਿਲਣ ਦਾ ਖਿਆਲ ਤੁਹਾਡੀ ਗਰਮੀ ਦੀ ਧੜਕਣ ਨੂੰ ਰੋਲਿੰਗ ਪੱਥਰ ਵਾਂਗ ਵਧਾ ਸਕਦਾ ਹੈ। ਕੰਮਕਾਰ ਵਿਚ ਬੇਹਤਰੀ ਦੇ ਲਈ ਆਪਣੇ ਹੁੱਨਰਾਂ ਨੂੰ ਤਰਾਸ਼ਣ ਦੀ ਕੋਸ਼ਿਸ਼ ਕਰੋ। ਤੁਹਾਨੂੰ ਆਪਣੇ ਖਾਲੀ ਸਮੇਂ ਦੀ ਵਰਤੋ ਕਰਨੀ ਸਿੱਖਣੀ ਹੋਵੇਗੀ ਜਾਂ ਫਿਰ ਤੁਸੀ ਜ਼ਿੰਦਗੀ ਵਿਚ ਪਿੱਛੇ ਰਹਿ ਜਾਵੋਂਗੇ। ਤੁਹਾਡਾ ਜੀਵਨਸਾਥੀ ਬਿਨਾਂ ਕੁਝ ਜਾਣੇ ਕੁਝ ਅਜਿਹਾ ਖਾਸ ਕੰਮ ਕਰ ਸਕਦਾ ਹੈ ਜਿਸ ਨੂੰ ਸੱਚਮੁਚ ਕਦੇ ਭੁੱਲ ਨਹੀਂ ਸਕੋਂਗੇ।

**ਤੁਲਾ:** ਲੰਬੀ ਬਿਮਾਰੀ ਨੂੰ ਨਜ਼ਰਅੰਦਾਜ ਨਾ ਕਰੋ ਨਹੀਂ ਤਾਂ ਅੱਗੇ ਜਾ ਕੇ ਵੱਡੀ ਸਮੱਸਿਆ ਖੜੀ ਹੋ ਸਕਦਾ ਹੈ। ਅੱਜ ਪੈਸਾ ਤੁਹਾਡੇ ਹੱਥ ਵਿਚ ਨਹੀਂ ਟਿਕੇਗਾ, ਅਤੇ ਪੈਸਾ ਇਕੱਠਾ ਕਰਨ ਵਿਚ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਕਿਸੇ ਦੂਰ ਦੇ ਰਿਸ਼ਤੇਦਾਰ ਤੋਂ ਅਚਾਨਕ ਮਿਲੀ ਖਬਰ ਤੁਹਾਡਾ ਦਿਨ ਬਣਾ ਸਕਦੀ ਹੈ। ਤੁਹਾਡਾ ਪ੍ਰੇਮੀ ਜਾਂ ਪ੍ਰੇਮਿਕਾ ਅੱਜ ਬਹੁਤ ਗੁੱਸੇ ਵਿਚ ਨਜ਼ਰ ਆ ਰਹੇ ਹਨ ਕਿਉਂ ਕਿ ਇਸ ਦੀ ਵਜਾਹ ਪਰਿਵਾਰਿਕ ਹਾਲਾਤ ਹਨ ਗੱਲ ਕਰਕੇ ਉਨਾਂ ਨੂੰ ਸ਼ਾਤ ਕਰਨ ਦੀ ਕੋਸ਼ਿਸ਼ ਕਰੋ। ਅੱਜ ਕੰਮਕਾਰ ਵਿਚ ਤੁਹਾਨੂੰ ਪਤਾ ਲੱਗ ਸਕਦਾ ਹੈ ਕਿ ਜਿਸ ਨੂੰ ਤੁਸੀ ਆਪਣਾ ਦੁਸ਼ਮਣ ਸਮਝਦੇ ਹੋ ਉਹ ਤੁਹਾਡਾ ਸ਼ੁਭਚਿੰਤਕ ਹੈ। ਰਾਤ ਦੇ ਸਮੇਂ ਅੱਜ ਤੁਸੀ ਘਰ ਦੇ ਲੋਕਾਂ ਤੋਂ ਦੂਰ ਰਹਿ ਕੇ ਆਪਣੀ ਘਰ ਦੀ ਛੱਤ ਤੇ ਜਾਂ ਕਿਸੀ ਪਾਰਕ ਵਿਚ ਟਹਿਲਣਾ ਪਸੰਦ ਕਰੋਂਗੇ। ਜੇਕਰ ਤੁਸੀ ਅਤੇ ਤੁਹਾਡਾ ਜੀਵਨ ਸਾਥੀ ਅੱਜ ਚੰਗਾ ਖਾਣਾ ਜਾਂ ਡਰਿੰਕ ਕਰੋਂਗੇ ਤਾਂ ਸਿਹਤ ਤੇ ਮਾੜਾ ਅਸਰ ਪੈ ਸਕਦਾ ਹੈ।

**ਬ੍ਰਿਸ਼ਚਕ :** ਅੱਜ ਤੁਸੀ ਬਹੁਤ ਸਰਗਰਮ ਅਤੇ ਚੁਸਤ ਰਹੋਂਗੇ ਤੁਹਾਡੀ ਸਿਹਤ ਤੁਹਾਡਾ ਪੂਰਾ ਸਾਥ ਦੇਵੇਗੀ ਅੱਜ ਵਪਾਰ ਵਿਚ ਮੁਨਾਫਾ ਕਈਂ ਵਪਾਰੀਆਂ ਦੇ ਚਿਹਰੇ ਖੁਸ਼ੀ ਲਿਆ ਸਕਦੀ ਹੈ। ਅਜਿਹੇ ਵਿਵਾਦ ਪ੍ਰਸਤ ਮੁੱਦਿਆਂ ਤੇ ਬਹਿਸ ਕਰਨ ਤੋਂ ਬਚੋ ਜੋ ਤੁਹਾਡੇ ਪਿਆਰ ਦੇ ਵਿਚਕਾਰ ਪ੍ਰਤੀਰੋਧ ਪੈਦਾ ਕਰ ਸਕਦੇ ਹਨ। ਆਪਣੀਆਂ ਗੱਲਾਂ ਨੂੰ ਸਹੀ ਸਾਬਿਤ ਕਰਨ ਦੇ ਲਈ ਅੱਜ ਦੇ ਦਿਨ ਤੁਸੀ ਆਪਣੇ ਜੀਵਨ ਸਾਥੀ ਨਾਲ ਝਗੜ ਸਕਦੇ ਹੋ। ਹਾਲਾਂ ਕਿ ਤੁਹਾਡਾ ਜੀਵਨ ਸਾਥੀ ਸਮਝਦਾਰੀ ਦਿਖਾਉਂਦੇ ਹੋਏ ਤੁਹਾਨੂੰ ਸ਼ਾਤ ਕਰ ਦੇਵੇਗਾ। ਤੁਹਾਡੀ ਕੰਮ ਕਰਨ ਅਤਿਰਿਕਤ ਸ਼ਮਤਾ ਉਨਾਂ ਲੋਕਾਂ ਨੂੰ ਹੈਰਾਨ ਕਰ ਦੇਵੇਗੀ ਜਿਨਾਂ ਦਾ ਪ੍ਰਦਸ਼ਨ ਤੁਹਾਡੀ ਤੋਂ ਘੱਟ ਹੈ। ਦੂਸਰਿਆਂ ਦੀ ਰਾਏ ਨੂੰ ਧਿਆਨ ਨਾਲ ਸੁਣੋ ਜੇਕਰ ਤੁਸੀ ਸੱਚਮੁਚ ਹੀ ਅੱਜ ਲਾਭ ਚਾਹੁੰਦੇ ਹੋ।. ਕਾਫੀ ਲੰਬੇ ਸਮੇਂ ਬਾਅਦ ਤੁਸੀ ਅਤੇ ਤੁਹਾਡਾ ਪਾਰਟਨਰ ਬਿਨਾਂ ਲੜਾਈ ਅਤੇ ਬਹਿਸ ਤੋਂ ਚੰਗਾ ਸ਼ਾਤੀ ਵਾਲਾ ਦਿਨ ਬਤੀਤ ਕਰ ਸਕਦੇ ਹੋ। ਜਿਸ ਵਿਚ ਸਿਰਫ ਪਿਆਰ ਹੋਵੇਗਾ।

**ਧਨੂੰ :** ਭਾਵਨਾਤਮਕ ਤੋਰ ਤੇ ਤੁਸੀ ਇਸ ਗੱਲ ਨੂੰ ਲੈ ਕੇ ਅਨਿਸ਼ਚਿਤ ਅਤੇ ਬੈਚੇਨ ਰਹੋਗੇ ਕਿ ਤੁਸੀ ਕੀ ਚਾਹੁੰਦੇ ਹੋ। ਤੁਹਾਡੀ ਲਗਨ ਅਤੇ ਮਿਹਨਤ ਤੇ ਲੋਕ ਧਿਆਨ ਦੇਣਗੇ ਅਤੇ ਅੱਜ ਇਸ ਦੇ ਚੱਲਦੇ ਤੁਹਾਨੂੰ ਕੁਝ ਆਰਥਿਕ ਲਾਭ ਮਿਲ ਸਕਦਾ ਹੈ। ਨੋਜਵਾਨਾਂ ਨੂੰ ਸਕੂਲ ਪ੍ਰੋਜੈਕਟ ਲਈ ਕੁੱਝ ਸਲਾਹ ਲੈਣ ਦੀ ਲੋੜ ਹੋ ਸਕਦੀ ਹੈ। ਅਚਾਨਕ ਰੋਮਾਂਟਿਕ ਤੁਹਾਡੇ ਹੋਂਸਲੇ ਨੂੰ ਵਧਾਵੇਗਾ। ਆਪਣੇ ਪੇਸ਼ੇਵਰ ਹੁੱਨਰਾਂ ਨੂੰ ਵਧਾਕੇ ਆਪਣਾ ਕਰੀਅਰ ਵਿਚ ਨਵੇਂ ਦਰਵਾਜ਼ੇ ਖੋਲ ਸਕਦੇ ਹਨ ਤੁਹਾਨੂੰ ਆਪਣੇ ਉਪਾਰ ਸਫਲਤਾ ਮਿਲਣ ਦੀ ਸੰਭਾਵਨਾ ਹੈ ਤੁਸੀ ਸਭ ਹੁੱਨਰਾਂ ਨੂੰ ਨਿਖਾਰ ਕੇ ਹੋਰਾਂ ਤੋਂ ਬੇਹਤਰ ਬਣਾਉਣ ਦੀ ਕੋਸ਼ਿਸ਼ ਕਰੋ। ਤਣਾਵ ਭਰਿਆ ਦਿਨ ਹੈ ਜਦੋਂ ਨਜ਼ਦੀਕੀ ਲੋਕਾਂ ਨਾਲ ਕਈਂ ਮਤਭੇਦ ਉੱਭਰ ਸਕਦੇ ਹਨ। ਅੱਜ ਤੁਸੀ ਆਪਣੇ ਜੀਵਨਸਾਥੀ ਨਾਲ ਜਵਾਨੀ ਵਿਚ ਵਾਪਸ ਚਲੇ ਜਾਉਂਗੇ ਯਾਦ ਰੱਖੋ ਉਹ ਸਭ ਮਜ਼ੇ ਦੁਬਾਰਾ ਲਵੋਂਗੇ।

**ਮਕਰ :** ਤੁਸੀ ਮਹਿਸੂਸ ਕਰੋਂਗੇ ਕਿ ਆਸ ਪਾਸ ਦੇ ਲੋਕ ਬਹੁਤ ਜ਼ਿਆਦਾ ਮੰਗ ਕਰਨੇ ਵਾਲੇ ਹਨ ਪਰੰਤੂ ਜਿੰਨਾਂ ਤੁਸੀ ਕਰ ਸਕਦੇ ਹੋ ਉਸ ਤੋਂ ਜਿਆਦਾ ਕਰਨ ਦਾ ਵਾਧਾ ਨਾ ਕਰੋ ਅਤੇ ਕੇਵਲ ਦੂਜਿਆਂ ਨੂੰ ਖੁਸ਼ ਕਰਨ ਲਈ ਖੁਦ ਨੂੰ ਤਣਾਅ ਤੋਂ ਨਾ ਥਕਾਉ। ਨਾਉਮੀਦ ਲਾਭ ਅਤੇ ਸੱਟੇਬਾਜ਼ੀ ਦੀ ਜ਼ਰੀਏ ਆਰਥਿਕ ਹਾਲਾਤ ਵਧਣਗੇ। ਪਰਿਵਾਰ ਦੇ ਮੈਂਬਰਾ ਦੀ ਲੋੜ ਨੂੰ ਤਰਜ਼ੀਹ ਦੇਵੋ ਉਨਾਂ ਦੇ ਦੁੱਖ ਅਤੇ ਸੁੱਖ ਵਿਚ ਹਿੱਸਾ ਬਣੋ ਤਾਂ ਕਿ ਉਨਾਂ ਨੂੰ ਮਹਿਸੂਸ ਹੋਵੇ ਕਿ ਤੁਸੀ ਵਾਕਾਈ ਉਨਾਂ ਦਾ ਖਿਆਲ ਰੱਖਦੇ ਹੋ। ਤੁਹਾਡੇ ਦਿਲ ਦੀ ਧੜਕਣ ਅੱਜ ਤੁਹਾਡੇ ਸਾਥੀ ਨਾਲ ਤਲ ਵਿਚ ਪਿਆਰ ਦਾ ਸੰਗੀਤ ਵਜਾਏਗੀ। ਲੋਕਾਂ ਤੁਹਾਨੂੰ ਆਪਣੇ ਕੰਮ ਦੇ ਲਈ ਵਧੀਆ ਕੰਮ ਕਾਰ ਵਿਚ ਪਹਿਚਾਨਣਗੇ। ਸਮੇਂ ਦੀ ਨਜ਼ਾਕਤ ਨੂੰ ਸਮਝਦੇ ਹੋਏ ਅੱਜ ਤੁਸੀ ਸਭ ਲੋਕਾਂ ਨਾਲ ਦੂਰੀ ਬਣਾ ਕੇ ਇਕਾਂਤ ਵਿਚ ਸਮਾਂ ਬਿਤਾਉਣਾ ਪਸੰਦ ਕਰੋਂਗੇ ਅਜਿਹਾ ਕਰਨਾ ਤੁਹਾਡੇ ਲਈ ਸਹੀ ਹੋਵੇਗਾ ਅੱਖਾਂ ਬਹੁਤ ਕੁਝ ਦੱਸਦੀਆਂ ਹਨ ਅਤੇ ਤੁਸੀ ਅੱਜ ਆਪਣੇ ਜੀਵਨ ਸਾਥੀ ਨਾਲ ਭਾਵਨਾਤਮਕ ਤੋਰ ਤੇ ਅੱਖਾਂ ਨਾਲ ਗੱਲਬਾਤ ਕਰੋਂਗੇ।

**ਕੁੰਭ:** ਸੰਭਾਵਨਾ ਹੈ ਕਿ ਅੱਜ ਦੇ ਦਿਨ ਤੁਹਾਡੀ ਸਿਹਤ ਠੀਕ ਨਾ ਰਹੇ। ਦਿਨ ਦੀ ਸ਼ੁਰੂਆਤ ਭਲੇ ਹੀ ਚੰਗੀ ਹੋਵੇ ਪਰੰਤੂ ਸ਼ਾਮ ਦੇ ਸਮੇਂ ਕਿਸੇ ਵਜਾਹ ਨਾਲ ਧੰਨ ਖਰਚ ਹੋ ਸਕਦਾ ਹੈ ਜਿਸ ਨਾਲ ਤੁਸੀ ਪਰੇਸ਼ਾਨ ਹੋਵੋਂਗੇ। ਤੁਸੀ ਮੰਨੋ ਜਾਂ ਨਾ ਮੰਨੋ ਤੁਹਾਡਾ ਆਸ ਪਾਸ ਤੁਹਾਨੂੰ ਬੜੇ ਧਿਆਨ ਨਾਲ ਦੇਖ ਰਿਹਾ ਹੈ ਅਤੇ ਤੁਹਾਨੂੰ ਇਕ ਆਦਰਸ਼ ਮੰਨਦਾ ਹੈ ਇਸ ਲਈ ਅਜਿਹੇ ਕੰਮ ਕਰੋ ਜੋ ਬਾ-ਕਮਾਲ ਹੋਣ। ਤੁਹਾਡਾ ਪਿਆਰ ਅਸਵੀਕਾਰ ਨੂੰ ਸੱਦਾ ਦੇ ਸਕਦਾ ਹੈ। ਕੁਝ ਲੋਕਾਂ ਦੇ ਲਈ ਕਾਰੋਬਾਰ ਅਤੇ ਸਿੱਖਿਆ ਲਾਭਦਾਇਕ ਹੋਵੇਗੀ। ਬਿਨਾਂ ਕਿਸੇ ਸੂਚਨਾ ਤੋਂ ਅੱਡ ਤੁਹਾਡੇ ਰਿਸ਼ਤੇਦਾਰ ਤੁਹਾਡੇ ਘਰ ਆ ਸਕਦੇ ਹਨ ਜਿਸ ਨਾਲ ਤੁਹਾਡਾ ਕੀਮਤੀ ਸਮਾਂ ਉਨਾਂ ਦੀ ਖਾਤਿਰਦਾਰੀ ਵਿਚ ਖਰਾਬ ਹੋ ਸਕਦਾ ਹੈ। ਤੁਹਾਡਾ ਵਿਆਹੁਤ ਜੀਵਨ ਤੁਹਾਡੇ ਪਿਆਰ ਦੇ ਚਲਦੇ ਨਾਕਾਰਤਮਕ ਰੂਪ ਨਾਲ ਪ੍ਰਭਾਵਿਤ ਹੋ ਸਕਦਾ ਹੈ ਪਰੰਤੂ ਤੁਸੀ ਦੋਵੇਂ ਹੋਸ਼ਿਆਰੀ ਨਾਲ ਚੀਜਾਂ ਸੰਭਾਲ ਸਕਦੇ ਹੋ।

**ਮੀਨ:** ਵਿਸ਼ਵਾਸ਼ ਕਰੋ ਕਿ ਤੇ ਯਕੀਨ ਹੀ ਬਹਾਦਰੀ ਦੀ ਅਸਲੀ ਪਰਖ ਹੈ ਕਿਉਂ ਕਿ ਇਸ ਦੇ ਬਲ ਤੇ ਤੁਸੀ ਲੰਬੇ ਵਕਤ ਤੋਂ ਚਲੀ ਆ ਰਹੀ ਬਿਮਾਰੀ ਤੋਂ ਛੁਟਕਾਰਾ ਪਾ ਸਕਦੇ ਹੋ। ਤੁਹਾਡੇ ਘਰ ਨਾਲ ਜੁੜਿਆ ਨਿਵੇਸ਼ ਲਾਭਦਾਇਕ ਰਹੇਗਾ। ਉਸ ਰਿਸ਼ਤੇਦਾਰ ਨੂੰ ਮਿਲੋ ਜਿਸ ਦੀ ਸਿਹਤ ਕਾਫੀ ਸਮੇਂ ਤੋਂ ਖਰਾਬ ਹੈ। ਤੁਹਾਨੂੰ ਸਹੇਲੀ ਧੋਖਾ ਦੇ ਸਕਦੀ ਹੈ। ਚੀਜਾਂ ਦੇ ਹੋਣ ਦਾ ਇੰਤਜ਼ਾਰ ਨਾ ਕਰੋ ਬਾਹਰ ਨਿਕਲੋ ਅਤੇ ਨਵੇਂ ਮੋਕਿਆਂ ਦੀ ਤਲਾਸ਼ ਕਰੋ। ਜੇਕਰ ਤੁਹਾਨੂੰ ਕਿਸੇ ਦਲੀਲ ਵਿਚ ਪਾਇਆ ਜਾਵੇ ਧਿਆਨ ਰੱਖੋ ਕਿ ਸਖਤ ਟਿਪਣੀਆਂ ਨਾ ਕਰੋ। ਤੁਹਾਡੇ ਜੀਵਨ ਸਾਥੀ ਦੀ ਸਿਹਤ ਥੋੜੀ ਜਿਹੀ ਖਰਾਬ ਹੋ ਸਕਦੀ ਹੈ।

# 'ਕੂਕ ਫ਼ਕੀਰਾ ਕੂਕ ਤੂੰ' 'ਚ ਸੁਣਾਈ ਦਿੰਦੀ ਏ ਮਲੂਕ ਕਾਹਲੋਂ ਦੀ ਹੂਕ...

ਮਲੂਕ ਸਿੰਘ ਕਾਹਲੋਂ ਇੱਕ ਸੰਵੇਦਨਸ਼ੀਲ ਵਿਅੱਕਤੀ ਹੈ ਅਤੇ ਲਿਖਣ ਸਮੇਂ ਉਹ ਆਪਣੇ ਨਾਂ ਨਾਲੋਂ ਜੱਟਵਾਦ ਨਾਲ ਜੁੜਿਆ ਉਪਨਾਮ 'ਕਾਹਲੋਂ' ਲਾਹ ਕੇ ਮਲੂਕ ਸਿੰਘ ਬਣ ਕੇ 'ਮਲੂਕ' ਜਿਹੀ ਕਵਿਤਾ ਲਿਖਣ ਦੀ ਕੋਸ਼ਿਸ਼ ਕਰਦਾ ਹੈ। ਪਰ ਉਸ ਦੀ ਕਵਿਤਾ ਮਲੂਕ ਨਹੀ ਰਹਿੰਦੀ। ਇਹ ਲੋਕਾਂ ਨੂੰ ਵੰਗਾਰਦੀ ਹੈ ਅਤੇ ਆਪਣੇ ਹੱਕਾਂ ਲਈ ਸੰਘਰਸ਼ ਦੇ ਰਾਹ 'ਤੇ ਤੁਰਨ ਦਾ ਹੋਕਾ ਦਿੰਦੀ ਹੈ। ਮਲੂਕ ਸਿੰਘ ਦੇ ਮਨ 'ਚ 'ਸਾਫ਼ ਸੁਥਰਾ ਸਮਾਜ' ਸਿਰਜਣ ਦਾ ਸੁਪਨਾ ਹੈ ਜਿਸ ਨੂੰ ਉਹ ਸੱਚ ਹੋਣਾ ਲੋਚਦਾ ਹੈ। ਇਸ ਦੇ ਲਈ ਉਹ ਹੱਕ-ਸੱਚ ਦਾ ਹੋਕਾ ਲਗਾਤਾਰ ਲਾਈ ਜਾ ਰਿਹਾ ਹੈ।

ਉਹ ਕਹਿੰਦਾ ਹੈ :

ਹੱਕ ਸੱਚ ਦਾ ਹੋਕਾ ਲਾਈ ਜਾ
ਸੰਘਰਸ਼ਾਂ ਦੇ ਬਿਗਲ ਵਜਾਈ ਜਾ

ਮਨੁੱਖੀ ਜੀਵਨ ਬਾਰੇ ਉਹ ਪ੍ਰਚੱਲਤ ਫ਼ਿਲਾਸਫ਼ੀ "ਜੀਵਨ ਦਾ ਕੀ ਭਰਵਾਸਾ, ਇਹ ਪਾਣੀ ਵਿੱਚ ਪਤਾਸਾ" ਵਿਚ ਵਿਸ਼ਵਾਸ ਨਹੀਂ ਰੱਖਦਾ, ਸਗੋਂ ਉਸ ਨੂੰ ਲੋਕਾਂ ਦੇ ਏਕੇ 'ਚ ਭਰੋਸਾ ਹੈ ਤੇ ਉਹ ਕਹਿੰਦਾ ਹੈ:

ਜ਼ਿੰਦਗੀ ਦਾ ਇਹ ਪ੍ਰਵਾਸਾ ਏ
ਨਹੀਂ ਪਾਣੀ ਵਿੱਚ ਪਤਾਸਾ ਏ।
ਚੰਗੀ ਤਰ੍ਹਾਂ ਸਮਝ ਫਿਰ ਸਮਝਾਈਂ ਤੂੰ,
ਗੱਲ ਘੱਟ-ਕੌਡੀਂ ਨਾ ਪਾਈਂ ਤੂੰ,
ਹਰ ਧਿਰ ਦਾ ਆਪਣਾ ਖਾਸਾ ਏ,
ਜ਼ਿੰਦਗੀ ਦਾ ਇਹ ਪ੍ਰਵਾਸਾ ਏ। (ਪੰਨਾ-35)

'ਕੂਕ ਫ਼ਕੀਰਾ ਕੂਕ ਤੂੰ' ਮਲੂਕ ਸਿੰਘ ਕਾਹਲੋਂ ਦੀ 106 ਪੰਨਿਆਂ ਦੀ ਤੀਸਰੀ ਕਾਵਿ-ਪੁਸਤਕ ਹੈ ਜਿਸ ਵਿੱਚ ਉਸਨੇ ਆਪਣੀਆਂ 53 ਕਵਿਤਾਵਾਂ ਸ਼ਾਮਲ ਕੀਤੀਆਂ ਹਨ। ਇਸ ਤੋਂ ਪਹਿਲਾਂ ਉਸਦੇ ਵੱਲੋਂ ਆਪਣੀਆਂ ਦੋ ਪੁਸਤਕਾਂ 'ਲੋਕ ਵੇਦਨਾ' (2010) ਅਤੇ 'ਵਿਰਸੇ ਦੇ ਵਾਰਸ' (2014) ਪੰਜਾਬੀ ਪਾਠਕਾਂ ਦੇ ਰੂ-ਬ-ਰੂ ਕੀਤੀਆਂ ਗਈਆਂ ਹਨ ਅਤੇ ਇਨ੍ਹਾਂ ਵਿਚ ਲੋਕਾਂ ਦੇ ਦੁੱਖ-ਦਰਦ ਦੀ ਵੇਦਨਾ ਨੂੰ ਸਮਝਣ ਅਤੇ ਪੰਜਾਬ ਦੇ ਅਮੀਰ ਵਿਰਸੇ ਨੂੰ ਯਾਦ ਰੱਖਣ ਤੇ ਇਸ ਨੂੰ ਅਗਲੀਆਂ ਪੀੜ੍ਹੀਆਂ ਤੱਕ ਤੋਰਨ ਦੀ ਗੱਲ ਕੀਤੀ ਗਈ।

ਮਲੂਕ ਸਿੰਘ ਕਾਹਲੋਂ ਦੀ ਸਮਝ ਅਨੁਸਾਰ "ਸੱਭ ਪਾਸੇ ਸਿਸਟਮ ਚੰਦ ਬੰਦਿਆਂ ਦੇ 'ਪ੍ਰਬੰਧ' ਵਿੱਚ ਹੈ ਅਤੇ ਇਹ ਸੀਮਤ ਲੋਕਾਂ ਵਾਸਤੇ ਹੀ ਕੰਮ ਕਰਦਾ ਹੈ। ਸਰਕਾਰਾਂ ਸਮੇਂ-ਸਮੇਂ ਬਦਲਦੀਆਂ ਰਹਿੰਦੀਆਂ ਹਨ ਪਰ ਜਦ ਤੱਕ ਲੋਕ-ਮਾਰੂ ਪ੍ਰਬੰਧ ਨਹੀਂ ਬਦਲਦਾ, ਤਦ ਤੱਕ ਕੁਝ ਵੀ ਲੋਕਾਈ ਲਈ ਬਿਹਤਰ ਹੋਣ ਵਾਲਾ ਨਹੀਂ।"(ਪੰਨਾ-27) ਪਰ ਇਸਦੇ ਨਾਲ ਹੀ ਉਸਦਾ ਦ੍ਰਿੜ੍ਹ ਵਿਸ਼ਵਾਸ ਵੀ ਹੈ ਕਿ ਤਬਦੀਲੀ ਕੁਦਰਤ ਦਾ ਨਿਯਮ ਹੈ। ਮਨੁੱਖ ਆਦਿ ਕਾਲ ਤੋਂ ਬੁਰਾਈ, ਨਾ-ਬਰਾਬਰੀ ਅਤੇ ਜ਼ੁਲਮ ਦੇ ਵਿਰੁੱਧ ਜੂਝਦਾ ਆ ਰਿਹਾ ਹੈ, ਹੁਣ ਵੀ ਜੂਝ ਰਿਹਾ ਹੈ ਅਤੇ ਇਹ ਅੱਗੋਂ ਵੀ ਜੂਝਦਾ ਰਹੇਗਾ। ਮਨੁੱਖ ਦਾ ਇਹ ਸੰਘਰਸ਼ ਲਗਾਤਾਰ ਚੱਲ ਰਿਹਾ ਹੈ ਅਤੇ ਇਹ ਉਦੋਂ ਤੱਕ ਜਾਰੀ ਰਹੇਗਾ ਜਦ ਤੱਕ ਇਹ ਸੰਸਾਰ ਲੋਕਾਂ ਦੇ 'ਸੁਪਨਿਆਂ ਦਾ ਸੰਸਾਰ' ਨਹੀਂ ਬਣ ਜਾਂਦਾ।

ਬੇਇਨਸਾਫ਼ੀ ਦੇ ਵਿਰੁੱਧ ਲੜਨ ਦਾ ਹੋਕਾ ਦਿੰਦਾ ਹੋਇਆ ਮਲੂਕ ਸਿੰਘ ਰੋਹ ਵਿੱਚ ਆ ਕੇ ਸਮੇਂ ਦੀ ਸਰਕਾਰ ਨੂੰ ਵੰਗਾਰਦਾ ਹੈ:

ਸੁਣ ਸਮੇਂ ਦੀਏ ਸਰਕਾਰੇ ਨੀ,
ਸਾਡਾ ਰੋਹ ਤੈਨੂੰ ਲਲਕਾਰੇ ਨੀ !

ਕਿਰਤੀ ਕਾਮੇ ਕਿਰਤ ਨੇ ਕਰਦੇ,
ਤਾਂ ਵੀ ਉਹ ਕਿਉਂ ਭੁੱਖੇ ਮਰਦੇ ?
ਚੰਦ ਵਿਹਲੜ ਲੈਣ ਨਜ਼ਾਰੇ ਨੀ,
ਸੁਣ ਸਮੇਂ ਦੀਏ ਸਰਕਾਰੇ ਨੀ ! (ਪੰਨਾ-32)

2020-21 ਦੌਰਾਨ ਦਿੱਲੀ ਦੀਆਂ ਬਰੂਹਾਂ 'ਤੇ ਸਾਲ ਤੋਂ ਵਧੇਰੇ ਚੱਲੇ ਇਤਿਹਾਸਕ ਕਿਸਾਨ ਅੰਦੋਲਨ ਨੂੰ ਸਮਰਪਿਤ ਕਵਿਤਾ 'ਕਿਸਾਨਾਂ ਦੀ ਪੁਕਾਰ' ਵਿਚ ਉਹ ਭਾਰਤ ਸਰਕਾਰ ਦੇ ਹੰਕਾਰੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮੁਖ਼ਾਤਿਬ ਹੁੰਦਿਆਂ ਕਹਿੰਦਾ ਹੈ:

ਗੱਲ ਸੁਣ ਲੈ, ਤੂੰ ਐ ਮੋਦੀ,
ਛੱਡ ਦੇ ਕੁਫ਼ਰ ਦੀ ਇਹ ਗੋਦੀ,
ਕਿਲ੍ਹਾ ਹੰਕਾਰ ਤੇਰੇ ਦਾ ਢਾਹ ਦੇਣਗੇ,
ਫਿਰ ਚਾਹ ਵੇਚਣ 'ਤੇ ਲਾ ਕੇ,
ਤੈਨੂੰ ਨਾਨੀ ਯਾਦ ਕਰਾ ਦੇਣਗੇ। (ਪੰਨਾ-37)

ਉਸਦੇ ਮੁਤਾਬਿਕ ਲੋਕ ਸੰਘਰਸ਼ਾਂ ਵਿੱਚ ਕੁੱਦਣ ਵਾਲਿਆਂ ਦੇ 'ਪੱਕੇ ਇਰਾਦਿਆਂ' ਨੂੰ ਕਿਸੇ ਕਿਸਮ ਦੀ ਕੋਈ ਵੀ ਕਮੀ ਪੇਸ਼ ਨਹੀਂ ਆਉਂਦੀ ਅਤੇ ਉਹ ਜਦੋਂ ਕੁੱਝ ਕਰਨ ਦੀ ਠਾਣ ਲੈਂਦੇ ਹਨ ਤਾਂ ਫਿਰ ਪਰਬਤਾਂ ਨੂੰ ਵੀ ਫ਼ਤਿਹ ਕਰ ਲੈਂਦੇ ਹਨ ਅਤੇ ਮੰਜ਼ਲ ਉਨ੍ਹਾਂ ਦੇ ਪੈਰ ਆ ਚੁੰਮਦੀ ਹੈ। ਜਦੋਂ ਇਹ ਇਰਾਦੇ ਪਰਪੱਕ ਹੋ ਜਾਂਦੇ ਹਨ ਤਾਂ ਇਨ੍ਹਾਂ ਨੂੰ ਕੋਈ ਘਾਟ ਮਹਿਸੂਸ ਨਹੀਂ ਹੁੰਦੀ।

ਕਵੀ ਮਲੂਕ ਸਿੰਘ ਕਹਿੰਦਾ ਹੈ:

ਪੱਕੇ ਇਰਾਦਿਆਂ ਨੂੰ ਕਾਹਦੀ ਘਾਟ ਆ,
ਜਿਹੜਾ ਲਵੇ ਠਾਣ ਬਣ ਜਾਂਦੀ ਠਾਠ ਆ,
ਫਿਰ ਪਰਬਤਾਂ ਨੂੰ ਕਰ ਲੈਣ ਸਰ ਉਹ,
ਪੈਰਾਂ ਹੇਠ ਮੰਜ਼ਲ ਤੇ ਪੋਟਿਆਂ 'ਤੇ ਵਾਟ ਆ,
ਪੱਕੇ ਇਰਾਦੇ ਹੋਏ, ਹੁਣ ਕਾਹਦੀ ਘਾਟ ਆ? (ਪੰਨਾ-34)

ਅਜਿਹੇ ਪੱਕੇ ਇਰਾਦਿਆਂ ਵਾਲੇ ਸਿਰੜੀ ਬੰਦਿਆਂ ਦਾ ਖ਼ਾਸਾ ਬਿਆਨ ਕਰਦਿਆਂ ਉਹ ਕਹਿੰਦਾ ਹੈ:

ਜੋ ਰੱਖੇ ਇਰਾਦਾ ਪੱਕੇ ਮਨ ਦਾ,
ਉਹ ਮੰਜ਼ਲ ਤੱਕ ਕਿਤੇ ਖੜਦਾ ਨਹੀਂ,

ਮੱਥੇ ਜਿਸ ਦੇ ਬਲਦੀ ਲੋਅ ਹੋਵੇ,
ਕਦੇ ਝੱਖੜ ਹਨੇਰੀ ਤੋਂ ਡਰਦਾ ਨਹੀਂ।




ਸੀਨੇ ਦਰਦ ਰੱਖੇ ਜੋ ਲੋਕਾਂ ਲਈ,
ਮਾਰਿਆਂ ਕਿਸੇ ਦੇ ਉਹ ਮਰਦਾ ਨਹੀਂ।
ਹੁਕਮਰਾਨ ਭਰਮ-ਭੁਲੇਖੇ ਰੱਖਦੇ ਨੇ,
ਕਵੀ 'ਮਲੂਕ' ਕਦੇ ਵੀ ਡਰਦਾ ਨਹੀਂ।
(ਪੰਨਾ-43)

ਰੋਹ ਨਾਲ ਭਰਪੂਰ ਜੁਝਾਰੂ ਕਵਿਤਾਵਾਂ ਦੇ ਨਾਲ ਨਾਲ ਇਸ ਪੁਸਤਕ ਵਿਚ ਮਲੂਕ ਸਿੰਘ ਨੇ ਕਈ ਹੋਰ ਵਿਸ਼ਿਆਂ ਉੱਪਰ ਲਿਖੀਆਂ ਕਵਿਤਾਵਾਂ ਵੀ ਸ਼ਾਮਲ ਕੀਤੀਆਂ ਹਨ। 'ਮਾਂ-ਦਿਵਸ 'ਤੇ' ਕਵਿਤਾ ਵਿੱਚ ਉਹ ਆਪਣੀ ਮਾਂ ਨੂੰ ਯਾਦ ਕਰਦਾ ਹੈ। 'ਯਾਦ ਪਿੰਡ ਵਾਲੀ' ਵਿਚ ਆਪਣੇ ਪਿੰਡ ਦੀਆਂ ਗਲੀਆਂ ਵਿੱਚ ਘੁੰਮਦਾ ਹੈ ਅਤੇ ਪਿੰਡ ਦੇ ਬੋਹੜਾਂ-ਪਿੱਪਲਾਂ ਤੇ ਯਾਰਾਂ-ਬੇਲੀਆਂ ਨੂੰ ਯਾਦ ਕਰਦਾ ਹੈ। ਉਹ ਪੰਜਾਬ ਵਿਚ ਵੱਧ ਰਹੇ ਨਸ਼ਿਆਂ ਦੇ ਪ੍ਰਕੋਪ ਤੋਂ ਦੁਖੀ ਹੁੰਦਾ ਹੈ ਅਤੇ ਸਾਲੋ-ਸਾਲ ਡੂੰਘੇ ਤੇ ਜ਼ਹਿਰੀਲੇ ਹੁੰਦੇ ਜਾ ਰਹੇ ਪਾਣੀ ਦੀ ਚਿੰਤਾ ਵੀ ਉਸ ਨੂੰ ਅੰਦਰੋਂ ਅੰਦਰ ਖਾਂਦੀ ਹੈ। ਇਸ ਦੇ ਨਾਲ ਹੀ 'ਵਿਸਾਖੀ ਦੇ ਦਿਨ', 'ਗੁਰੂ ਗੋਬਿੰਦ ਨੂੰ ਯਾਦ ਕਰਦਿਆਂ', 'ਬਾਬੇ ਦੇ ਨਾਂ' ਤੇ 'ਸਿੱਖ' ਵਰਗੀਆਂ ਕਈ ਕਵਿਤਾਵਾਂ ਵਿੱਚ ਧਾਰਮਿਕ ਰੰਗ ਵੀ ਉੱਭਰਦਾ ਵਿਖਾਈ ਦਿੰਦਾ ਹੈ।



ਡਾ.ਸੁਖਦੇਵ ਸਿੰਘ ਝੰਡ
647-567-9128

ਮਲੂਕ ਸਿੰਘ ਦੀਆਂ ਕੁਝ ਕਵਿਤਾਵਾਂ ਉੱਪਰ ਮੈਨੂੰ ਕਈ ਥਾਈਂ ਸੁਰਜੀਤ ਪਾਤਰ ਦੀਆਂ ਕਵਿਤਾਵਾਂ ਦੇ ਅਸਰ ਦੀ ਝਲਕ ਸਾਫ਼ ਦਿਖਾਈ ਦਿੰਦੀ ਹੈ। ਵੱਡੇ ਲੇਖਕਾਂ ਦੀਆਂ ਮਹਾਨ ਰਚਨਾਵਾਂ ਤੋਂ ਆਮ ਮਨੁੱਖ ਦਾ ਅਸਰ-ਅੰਦਾਜ਼ ਹੋਣਾ ਸੁਭਾਵਿਕ ਹੈ ਪਰ ਕਦੇ ਕਦੇ ਉਸ ਦੀਆਂ ਕਵਿਤਾਵਾਂ ਦੀ ਸ਼ਬਦਾਵਲੀ ਦਾ ਵਧੇਰਾ 'ਸੁਮੇਲ' ਅਖੜਦਾ ਵੀ ਹੈ, ਮਸਲਿਨ, ਉਸ ਦੀ 'ਸ਼ਬਦਾਂ ਦੇ ਰੂ-ਬ-ਰੂ' ਕਵਿਤਾ ਦੀਆਂ ਮੁੱਢਲੀਆਂ ਸਤਰਾਂ ਹਨ:

ਸਾਡੀ ਤੁਹਾਡੀ ਮੁਲਾਕਾਤ ਹੋਈ,
ਜਦ ਸ਼ਬਦਾਂ ਦੀ ਬਰਸਾਤ ਹੋਈ।
(ਪੰਨਾ-54)

ਜੋ ਕਿ ਪਾਤਰ ਦੀ ਇੱਕ ਗ਼ਜ਼ਲ ਦੇ ਮੁੱਖੜੇ ਨਾਲ ਕਾਫ਼ੀ ਮੇਲ ਖਾਦੀਆਂ ਹਨ:

ਅਸਾਡੀ ਤੁਹਾਡੀ ਮੁਲਾਕਾਤ ਹੋਈ,
ਬਲਦੇ ਜੰਗਲ 'ਚ ਜਿਉਂ ਬਰਸਾਤ ਹੋਈ।

ਏਸੇ ਤਰ੍ਹਾਂ, ਮਲੂਕ ਸਿੰਘ ਦੀ ਕਵਿਤਾ 'ਸ਼ਬਦ ਮੇਰੇ' ਦੀਆਂ ਪਹਿਲੀਆਂ ਸਤਰਾਂ ਹਨ:

ਜੇ ਮੈਂ ਕੁਝ ਨਾ ਕਿਹਾ,
ਜੇ ਮੈਂ ਚੁੱਪ ਹੀ ਰਿਹਾ,
ਸ਼ਬਦ ਮੇਰੇ ਗੁੰਮਨਾਮ ਰਹਿਣਗੇ। (ਪੰਨਾ-46)

ਜੋ ਪਾਤਰ ਦੀ ਸੱਤਰਵਿਆਂ ਦੇ ਆਰੰਭ 'ਚ ਲਿਖੀ ਗਈ ਸਦਾ-ਬਹਾਰ ਗ਼ਜ਼ਲ "ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ " ਦੇ ਦੂਸਰੇ ਬੰਦ ਦੀ ਯਾਦ ਦਿਵਾਉਂਦੀਆਂ ਹਨ:

ਯਾਰ ਮੇਰੇ ਜੋ ਇਸ ਆਸ 'ਤੇ ਮਰ ਗਏ ਕਿ ਮੈਂ ਉਨ੍ਹਾਂ ਦੇ ਦੁੱਖ ਦਾ ਬਣਾਵਾਂਗਾ ਗੀਤ, ਜੇ ਮੈਂ ਚੁੱਪ ਹੀ ਰਿਹਾ ਜੇ ਮੈਂ ਕੁਝ ਨਾ ਕਿਹਾ, ਰੂਹਾਂ ਬਣ ਕੇ ਸਦਾ ਤੜਪਦੇ ਰਹਿਣਗੇ।

ਮਲੂਕ ਸਿੰਘ ਦੀ ਕਵਿਤਾ ਮੁੱਖ ਤੌਰ 'ਤੇ ਛੰਦ-ਬੱਧ ਕਵਿਤਾ ਹੈ ਪਰ ਆਪਣੇ ਖ਼ਿਆਲਾਂ ਦਾ ਇਜ਼ਹਾਰ ਕਰਦਿਆਂ ਕਦੇ ਕਦੇ ਉਹ ਇਸ ਤੋਂ 'ਬਾਹਰਾ' ਵੀ ਹੋ ਜਾਂਦਾ ਹੈ ਅਤੇ ਕਵਿਤਾ ਦੀ ਬੰਦਿਸ਼ ਦੇ ਨਿਯਮਾਂ ਦੀ ਪ੍ਰਵਾਹ ਨਹੀਂ ਕਰਦਾ ਅਤੇ ਇਹ ਗੱਲ ਉਸ ਦੀ ਕਾਵਿ-ਲੇਖਣੀ ਦੇ ਵਿਰੋਧ 'ਚ ਭੁਗਤਦੀ ਹੈ। ਇੱਥੇ ਉਸ ਦੀਆਂ ਇੱਕ-ਦੋ ਵੰਨਗੀਆਂ ਦੇਣਾ ਜ਼ਰੂਰੀ ਸਮਝਦਾ ਹਾਂ।

'ਸੰਘਰਸ਼ ਹੀ ਜ਼ਿੰਦਗੀ ਹੈ' ਨਾਮੀ ਕਵਿਤਾ ਦਾ ਪਹਿਲਾ ਬੰਦ ਚਾਰ ਸਤਰਾਂ ਦਾ ਹੈ ਅਤੇ ਇਸ ਦੀ ਪਹਿਲੀ ਸਤਰ ਹੈ:

ਐ ਮਨ ਤੂੰ ਨਿਰਾਸ਼ ਨਾ ਹੋ।

... ਤੇ ਇਸ ਤੋਂ ਅਗਲੀਆਂ ਤਿੰਨ ਸਤਰਾਂ ਹਨ:

ਹਰ ਪਲ ਹਰ ਘੜੀ,
ਬਦਲ ਰਹੀ ਹੈ,
ਤੂੰ ਨਿਰਾਸ਼ ਨਾ ਹੋ।

ਅੱਗੇ ਇਸ ਦੇ ਪੰਜ ਬੰਦ ਤਿੰਨ-ਤਿੰਨ ਸਤਰਾਂ ਦੇ ਏਸੇ ਲੈਅ ਅਨੁਸਾਰ ਚੱਲਦੇ ਹਨ, ਜਿਵੇਂ :

ਹਰ ਮੌਸਮ, ਹਰ ਰੁੱਤ
ਬਦਲ ਰਹੀ ਹੈ,
ਤੂੰ ਨਿਰਾਸ਼ ਨਾ ਹੋ।

ਛੇਵਾਂ ਬੰਦ ਫਿਰ ਚਾਰ ਸਤਰਾਂ ਦਾ ਹੋ ਜਾਂਦਾ ਹੈ:

ਕੱਲ੍ਹ ਸਾਡੇ ਪੁਰਖ਼ੇ ਲੜੇ ਸੀ
ਅੱਜ ਅਸੀਂ ਤੇ ਕੱਲ੍ਹ ਨੂੰ
ਸਾਡੇ ਵਾਰਸ ਲੜਨਗੇ,
ਤੂੰ ਨਿਰਾਸ਼ ਨਾ ਹੋ।

ਅੱਗੋਂ ਫਿਰ ਇਹ ਬੰਦ ਤਿੰਨ ਸਤਰਾਂ ਦੇ ਸ਼ੁਰੂ ਹੋ ਜਾਂਦੇ ਹਨ ਅਤੇ ਆਖ਼ਰੀ ਤਿੰਨ ਸਤਰਾਂ ਵਾਲੇ ਬੰਦ ਦੀਆਂ ਪਹਿਲੀਆਂ ਦੋ ਸਤਰਾਂ ਦੇ ਸ਼ਬਦਾਂ ਦੀ ਗਿਣਤੀ ਲੱਗਭੱਗ ਦੁੱਗਣੀ ਹੋ ਜਾਂਦੀ ਹੈ:

ਪੱਤਰ ਪੱਤਝੜ ਨੇ ਭਾਵੇਂ ਸਾਰੇ ਹੀ ਝਾੜੇ,
ਦ੍ਰਖ਼ਤਾਂ ਨੂੰ ਆਸ ਏ ਪੱਤਰਾਂ ਨਵਿਆਂ ਦੀ,
ਤੂੰ ਨਿਰਾਸ਼ ਨਾ ਹੋ। (ਪੰਨਾ: 48-49)

ਮੈਂ ਕੋਈ ਆਲੋਚਕ ਨਹੀਂ ਹਾਂ ਅਤੇ ਨਾ ਹੀ ਮੈਂ ਕੋਈ 'ਪੂਰਬੀ' ਜਾਂ 'ਪੱਛਮੀ' ਆਲੋਚਨਾ ਪੜ੍ਹੀ ਹੈ। ਵਿਗਿਆਨ ਦਾ ਵਿਦਿਆਰਥੀ ਰਿਹਾ ਹੋਣ ਕਰਕੇ ਪੰਜਾਬੀ ਸਾਹਿੱਤ ਬਾਰੇ ਗਿਆਨ ਵੀ ਮੇਰਾ ਸੀਮਤ ਹੀ ਹੈ। ਪਰ ਕਵਿਤਾ ਦੀ ਮਾੜੀ ਮੋਟੀ ਸਮਝ ਜ਼ਰੂਰ ਹੈ। 'ਖੁੱਲ੍ਹੀ ਕਵਿਤਾ' ਲਿਖਣ ਸਮੇਂ ਤਾਂ ਕਵੀ ਤਰ੍ਹਾਂ ਦੀਆਂ ਖੁੱਲ੍ਹਾਂ ਲੈ ਲੈਂਦੇ ਹਨ, ਕਿਉਂਕਿ ਉਹ ਵਿਚਾਰ ਪ੍ਰਧਾਨ ਹੁੰਦੀ ਹੈ ਤੇ ਉਸ ਵਿੱਚ ਸਤਰਾਂ ਜਾਂ ਮਾਤਰਾਵਾਂ ਦੀ ਗਿਣਤੀ ਮਿਣਤੀ ਦੀ ਕੋਈ ਬੰਦਿਸ਼ ਨਹੀਂ ਹੈ।

ਪਰ ਛੰਦ-ਬੱਧ ਕਵਿਤਾ ਵਿਚ ਇਸ ਗੱਲ ਦਾ ਖ਼ਿਆਲ ਰੱਖਣਾ ਹੀ ਪੈਂਦਾ ਹੈ। ਮੇਰਾ ਖ਼ਿਆਲ ਹੈ ਕਿ ਕਵਿਤਾ ਲਿਖਦੇ ਸਮੇਂ ਖ਼ਿਆਲਾਂ ਵਿਚ ਮਘਨ ਮਲੂਕ ਸਿੰਘ ਨੂੰ ਕਵਿਤਾ ਦੀਆਂ ਸਤਰਾਂ ਦੀ ਲੰਬਾਈ ਵੱਲ ਵੀ ਧਿਆਨ ਦੇਣਾ ਬਣਦਾ ਹੈ। ਪੁਸਤਕ ਦੀਆਂ ਮੁੱਢਲੀਆਂ ਕਵਿਤਾਵਾਂ 'ਗੁਹਾਰ', 'ਹਾਕਮਾਂ ਦੇ ਪਾਈਏ ਵੈਣ ਕੁੜੇ', 'ਪੱਕੇ ਇਰਾਦਿਆਂ ਨੂੰ', 'ਨੀ ਦਿੱਲੀਏ', 'ਕੰਨੀਂ ਸੁਣਿਆ, 'ਨਖ਼ਰੇ' ਵਰਗੀਆਂ ਬਹੁਤ ਸਾਰੀਆਂ ਕਵਿਤਾਵਾਂ ਵਿਚ ਇਹ ਬੰਦਿਸ਼ ਬਾਖ਼ੂਬੀ ਨਿਭਾਈ ਵੀ ਗਈ ਹੈ। ਪਰ ਪਤਾ ਨਹੀਂ ਕਿਉਂ, ਕਈਆਂ ਕਵਿਤਾਵਾਂ ਵਿਚ ਮੈਨੂੰ ਇਹ ਘਾਟ ਰੜਕੀ ਹੈ।

ਇਨ੍ਹਾਂ ਕੁਝ ਕੁ ਵਿਚਾਰਾਂ ਦੇ ਇਜ਼ਹਾਰ ਨਾਲ ਮੈਂ ਮਲੂਕ ਸਿੰਘ ਕਾਹਲੋਂ ਨੂੰ ਕਵਿਤਾਵਾਂ ਦੀ ਇਹ ਤੀਸਰੀ ਕਿਤਾਬ 'ਕੂਕ ਫ਼ਕੀਰਾ ਕੂਕ ਤੂੰ' ਲਿਆਉਣ 'ਤੇ ਹਾਰਦਿਕ ਮੁਬਾਰਕਬਾਦ ਦਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਅੱਗੋਂ ਵੀ ਉਸ ਦੀ ਕਲਮ ਅਜਿਹੀਆਂ ਸਾਰਥਿਕ ਕਵਿਤਾਵਾਂ ਦੀ ਰਚਨਾ ਕਰਦੀ ਰਹੇਗੀ।

# ਮਰਦ ਦੇ ਮਨ ਵਿੱਚ ਨੰਗੀ ਔਰਤ...?

## ਔਰਤ-ਮਰਦ ਵੀ ਦੋਸਤ ਹੋ ਸਕਦੇ ਹਨ !

ਫਰਾਂਸ ਵਿੱਚ ਇੱਕ ਸੁੰਦਰ ਨਗਨ ਮੂਰਤੀ ਪ੍ਰਦਰਸ਼ਿਤ ਕੀਤੀ ਗਈ ਸੀ। ਉਥੋਂ ਦੇ ਲੋਕਾਂ ਨੇ ਉਸ ਬੁੱਤ ਦੀ ਬਹੁਤ ਤਾਰੀਫ਼ ਕੀਤੀ ਸੀ। ਨਿਰਮਾਤਾ ਦੇ ਹੱਥ ਚੁੰਮੇ।

ਫਿਰ ਜਦੋਂ ਇਹੀ ਮੂਰਤੀ ਏਸ਼ੀਆ ਦੇ ਇੱਕ ਮਹਾਨ ਦੇਸ਼ ਵਿੱਚ ਪ੍ਰਦਰਸ਼ਿਤ ਕੀਤੀ ਗਈ ਤਾਂ ਲੋਕਾਂ ਵਿੱਚ ਉਤਸ਼ਾਹ ਪੈਦਾ ਹੋ ਗਿਆ। ਉਨ੍ਹਾਂ ਨੇ ਉਸ ਵਿੱਚ ਸਿਰਫ਼ ਨਗਨਤਾ ਦੇਖੀ। ਉਨ੍ਹਾਂ ਨੇ ਮੂਰਤੀ ਤੋੜ ਦਿੱਤੀ।

ਜੇ ਮੂਰਤੀ ਵਿੱਚ ਵਾਸਨਾ ਹੁੰਦੀ ਤਾਂ ਫਰਾਂਸ ਵਿੱਚ ਵੀ ਮੂਰਤੀ ਤੋੜ ਦਿੱਤੀ ਜਾਂਦੀ। ਵਾਸਨਾ ਬੁੱਤ ਵਿੱਚ ਨਹੀਂ ਸੀ,ਵਾਸਨਾ ਮਨ ਵਿੱਚ ਸੀ।

ਜਿਸ ਦੇਸ਼ ਵਿੱਚ ਇੱਕ ਨੰਗੀ ਔਰਤ ਮਰਦ ਦੇ ਮਨ ਵਿੱਚ ਵੱਸਦੀ ਹੈ, ਉਹ ਦੇਸ਼ ਕਦੇ ਵੀ ਰਚਨਾਤਮਕ ਨਹੀਂ ਹੋ ਸਕਦਾ।

ਉਹ ਬਲਾਤਕਾਰ ਕਰੇਗਾ, ਕੋਈ ਕਾਢ ਨਹੀਂ ਕੱਢੇਗਾ। ਉਸਦੀ ਸੋਚ ਅਸ਼ਲੀਲ ਹੈ।

ਕੁਦਰਤ ਨੇ ਆਦਮੀ ਅਤੇ ਔਰਤ ਨੂੰ ਇੱਕ ਦੂਜੇ ਦੇ ਪੂਰਕ ਬਣਾਇਆ ਹੈ। ਪਰ ਇਹ ਬਹੁਤੀ ਗੱਲ ਏਸ਼ੀਅਨ ਲੋਕਾਂ ਨੂੰ ਸਮਝ ਨਹੀਂ ਆਉਂਦੀ, ਉਹ ਆਦਮੀ ਅਤੇ ਔਰਤ ਨੂੰ ਇਕੱਠੇ ਬੈਠੇ ਨਹੀਂ ਦੇਖ ਸਕਦੇ। ਮਰਦ ਤੇ ਔਰਤ ਦੀ ਦੋਸਤੀ ਵੀ ਹੋ ਸਕਦੀ ਹੈ, ਅਜੇ ਇਨ੍ਹਾਂ ਦੀ ਸੋਚ ਤੋਂ ਪਰ੍ਹੇ ਦੀ ਗੱਲ ਹੈ। ਮਰਦ-ਔਰਤ ਵਿੱਚੋਂ ਇਨ੍ਹਾਂ ਨੂੰ ਅਸ਼ਲੀਲਤਾ ਤੇ ਸੈਕਸ ਹੀ ਦਿਸਦਾ ਹੈ।



ਪਰ ਫਿਰ ਵੀ ਜੇਕਰ ਤੁਸੀਂ ਕਿਸੇ ਏਸ਼ੀਆਈ ਮਰਦ ਦੇ ਦਿਮਾਗ ਦੀ ਜਾਂਚ ਕਰੋ ਤਾਂ ਤੁਹਾਨੂੰ ਉਸ ਵਿੱਚੋਂ ਇੱਕ ਨੰਗੀ ਔਰਤ ਮਿਲੇਗੀ।

ਜੇ ਏਸ਼ੀਅਨ ਲੋਕ ਥੋੜ੍ਹੇ ਵੀ ਸਿਆਣੇ ਹੁੰਦੇ ਤਾਂ ਉਹ ਪਿਆਰ ਦਾ ਬਿਲਕੁਲ ਵੀ ਵਿਰੋਧ ਨਾ ਕਰਦੇ। ਇਹ ਲੋਕ ਪਿਆਰ ਦੇ ਵਿਰੋਧੀ ਹਨ। ਇਸੇ ਕਰਕੇ ਸਮਾਜ ਵਿੱਚ ਚੋਰੀ ਦੇ ਰਿਸ਼ਤੇ ਹਨ।

ਜੇ ਉਹ ਪਿਆਰ ਨੂੰ ਆਸਾਨੀ ਨਾਲ ਲੈਂਦੇ ਅਤੇ ਸੋਚਦੇ ਕਿ ਇਹ ਦੋ ਇਨਸਾਨਾਂ ਵਿਚਕਾਰ ਆਪਸੀ ਮਸਲਾ ਹੈ ਤਾਂ ਬਹੁਤ ਸਮਾਜਿਕ ਤੇ ਮਾਨਸਿਕ ਸਮੱਸਿਆਵਾਂ ਤੋਂ ਬਚ ਸਕਦੇ ਹਨ।

ਇਸ ਲਈ ਅਜੇ ਤੱਕ ਉਸ ਦੇ ਮਨ ਵਿਚ ਨੰਗੀ ਔਰਤ ਸੁੱਤੀ ਨਹੀਂ ਰਹੀ ਹੈ। ਇਸਨੂੰ ਦਿਮਾਗ ਵਿੱਚੋਂ ਕੱਢਣ ਦੀ ਲੋੜ ਹੈ। ਅਸ਼ਲੀਲਤਾ ਕਿਸੇ ਦੇ ਸਰੀਰ ਜਾਂ ਕੱਪੜਿਆਂ ਵਿੱਚ ਨਹੀਂ, ਸਾਡੀ ਸੋਚ ਵਿੱਚ ਹੈ।

ਓਸ਼ੋ






# ਪ੍ਰਣਾਮ ਸ਼ਹੀਦਾਂ ਨੂੰ

ਧੰਨ ਕਲਗੀਧਰ ਪੁੱਤਰਾਂ ਦਾ ਦਾਨੀ,
ਤੇਰਾ ਨਾ ਕੋਈ ਯੱਗ 'ਤੇ ਸਾਨ੍ਹੀ
ਰੱਖੀ ਕੋਲ ਨਾ ਇੱਕ ਨਿਸ਼ਾਨੀ,
ਨਾ ਖਾਰਿਓਂ ਉਤਾਰੇ ਜੀ,
ਲਾਲ ਜਾਨ ਤੋਂ ਪਿਆਰੇ ਚਾਰੇ ਧਰਮ ਤੋਂ ਵਾਰੇ ਜੀ,

ਖਾਕੇ ਕਸਮਾਂ ਪੈ ਗਏ ਵੈਰੀ,
ਫੂਕਾਂ ਮਾਰਨ ਜਿਉਂ ਸੱਪ ਜ਼ਹਿਰੀ,
ਮੁੜ-ਮੁੜ ਕੀਤੇ ਹੱਲੇ ਕਹਿਰੀ,
ਲਾਉਂਦੇ ਫਿਰਦੇ ਨਾਅਰੇ ਜੀ,
ਲਾਲ ਜਾਨ ਤੋਂ ਪਿਆਰੇ ਚਾਰੇ ਧਰਮ ਤੋਂ ਵਾਰੇ ਜੀ,

ਘੇਰੇ ਵੈਰੀ ਦੇ ਜਦ ਤੋੜੇ,
ਠਿੱਲ੍ਹ ਪਏ ਪਾਣੀਆਂ ਦੇ ਵਿੱਚ ਘੋੜੇ
ਪੈ ਗਏ ਉਦੋਂ ਸਨ ਵਿਛੋੜੇ,
ਨਦੀ ਦੇ ਕਿਨਾਰੇ ਜੀ,
ਲਾਲ ਜਾਨ ਤੋਂ ਪਿਆਰੇ ਚਾਰੇ ਧਰਮ ਤੋਂ ਵਾਰੇ ਜੀ,

ਚੱਲੀ ਸਮੇਂ ਦੀ ਪੁੱਠੀ ਗੇੜੀ,
ਲੈ ਗਿਆ ਛਲਕੇ ਗੰਗੂ ਖੇੜੀ,
ਬਹਿ ਜਾਵੇ ਪਾਪੀ ਦੀ ਬੇੜੀ,
ਕਰ ਗਿਆ ਪੁੱਠੇ ਕਾਰੇ ਜੀ,
ਲਾਲ ਜਾਨ ਤੋਂ ਪਿਆਰੇ ਚਾਰੇ ਧਰਮ ਤੋਂ ਵਾਰੇ ਜੀ,

ਜਦ ਪਿਆ ਗੜੀ ਨੂੰ ਘੇਰਾ,
ਤੁਰ ਪਿਆ ਅਜੀਤ ਸਿੰਘ ਸੀ ਤੇਰਾ,
ਮੱਥੇ ਬੰਨ੍ਹ ਮੌਤ ਦਾ ਸਿਹਰਾ,
ਵੈਰੀ ਨੂੰ ਵੰਗਾਰੇ ਜੀ,
ਲਾਲ ਜਾਨ ਤੋਂ ਪਿਆਰੇ ਚਾਰੇ ਧਰਮ ਤੋਂ ਵਾਰੇ ਜੀ,

ਛੱਡਦਾ ਖਿੱਚਕੇ ਤੀਰ ਕਮਾਨੋਂ,
ਦਿੱਤੇ ਤੋਰ ਸੀ ਕਈ ਜਹਾਨੋਂ,
ਫਿਰ ਖਿੱਚੀ ਤੇਗ ਮਿਆਨੋਂ,
ਭੇਟਾ ਕਾਲ ਦੀ ਚਾੜ੍ਹੇ ਜੀ,
ਲਾਲ ਜਾਨ ਤੋਂ ਪਿਆਰੇ ਚਾਰੇ ਧਰਮ ਤੋਂ ਵਾਰੇ ਜੀ,

ਆਖਿਰ ਤੇਗ ਵਿਚਾਲੋਂ ਟੁੱਟੀ,
ਟੋਲੀ ਦੁਸ਼ਮਣ ਦੀ ਆ ਜੁੱਟੀ,
ਖ਼ੂਨੀ ਨਹਿਰ ਸੀਨੇ 'ਚੋਂ ਛੁੱਟੀ,
ਸੱਚਖੰਡ ਕਰਤੇ ਤਿਆਰੇ ਜੀ,
ਲਾਲ ਜਾਨ ਤੋਂ ਪਿਆਰੇ ਚਾਰੇ ਧਰਮ ਤੋਂ ਵਾਰੇ ਜੀ,

ਜਦ ਵੀਰ ਸ਼ਹੀਦੀ ਪਾ ਗਿਆ,
ਵੇਖ ਜੋਸ਼ ਜੁਝਾਰ ਨੂੰ ਆ ਗਿਆ,
ਕਹਿੰਦਾ ਦਿਓ ਪਿਤਾ ਜੀ ਆਗਿਆ,
ਹੱਥ ਬੰਨ੍ਹ ਅਰਜ ਗੁਜਾਰੇ ਜੀ,
ਲਾਲ ਜਾਨ ਤੋਂ ਪਿਆਰੇ ਚਾਰੇ ਧਰਮ ਤੋਂ ਵਾਰੇ ਜੀ,

ਦੇਕੇ ਥਾਪੜਾ ਸਤਿਗੁਰੂ ਘੱਲਿਆ,
ਆ ਪਿੜ ਯੋਧੇ ਨੇ ਮੱਲਿਆ,
ਨਾ ਜਾਵੇ ਰੋਹਬ ਸ਼ੇਰ ਦਾ ਝੱਲਿਆ,
ਵੈਰੀ ਨੂੰ ਲਲਕਾਰੇ ਜੀ,
ਲਾਲ ਜਾਨ ਤੋਂ ਪਿਆਰੇ ਚਾਰੇ ਧਰਮ ਤੋਂ ਵਾਰੇ ਜੀ,

ਵੱਡੇ ਵੀਰ ਵਾਂਗਰਾ ਲੜਕੇ,
ਖੱਟੇ ਦੰਦ ਦੁਸ਼ਮਣ ਦੇ ਕਰਕੇ,
ਨਾ ਸਿੱਖਿਆ ਮੁੜਨਾ ਹਰਕੇ,
ਧਰਮ ਜਾਨੋਂ ਪਿਆਰੇ ਜੀ,
ਲਾਲ ਜਾਨ ਤੋਂ ਪਿਆਰੇ ਚਾਰੇ ਧਰਮ ਤੋਂ ਵਾਰੇ ਜੀ,

ਟਿੱਡੀ ਦਲ ਵਾਂਗਰਾ ਵੈਰੀ,
ਕੀਤਾ ਰਲਕੇ ਹੱਲਾ ਕਹਿਰੀ,
ਚੜ੍ਹ ਗਈ ਘਟਾ ਅੰਬਰੀ ਗਹਿਰੀ,
ਛੱਡੇ ਹੈਣ ਜੈਕਾਰੇ ਜੀ,
ਲਾਲ ਜਾਨ ਤੋਂ ਪਿਆਰੇ ਚਾਰੇ ਧਰਮ ਤੋਂ ਵਾਰੇ ਜੀ,

ਓਧਰ ਪਾਪੀ ਖਾਨ ਵਜੀਦਾ,
ਜਿਹਦਾ ਗਿਰਿਆ ਬਹੁਤ ਅਕੀਦਾ,
ਲੱਗਾ ਰੁਤਬਾ ਮਿਲਣ ਸ਼ਹੀਦਾਂ,
ਨੀਂਹਾਂ ਵਿੱਚ ਖਿਲਾਰੇ ਜੀ,
ਲਾਲ ਜਾਨ ਤੋਂ ਪਿਆਰੇ ਚਾਰੇ ਧਰਮ ਤੋਂ ਵਾਰੇ ਜੀ,

ਧੱਕਾ ਸਰੀਅਤ ਨਾਲ ਕਮਾਵੇ ,
ਮਾਸੂਮਾਂ ਉੱਤੇ ਤਰਸ ਨਾ ਆਵੇ,
ਪਾਪੀ ਰੋਹਬ ਤੇਗ ਦਾ ਪਾਵੇ,
ਜਾਣਗੇ ਸੀਸ ਉਤਾਰੇ ਜੀ,
ਲਾਲ ਜਾਨ ਤੋਂ ਪਿਆਰੇ ਚਾਰੇ ਧਰਮ ਤੋਂ ਵਾਰੇ ਜੀ,

ਖੜ੍ਹਾ ਸੁੱਚਾ ਨੰਦ ਸੀ ਪਾਪੀ,
ਜਿਹਦੀ ਜਾਪੇ ਹੋਸ਼ ਗੁਆਚੀ,
ਜਾਂਦਾ ਜਿਸਮਾਂ ਨੂੰ ਸੀ ਨਾਪੀ,
ਚਿਣ ਦਿੱਤੇ ਗਾਰੇ ਜੀ,
ਲਾਲ ਜਾਨ ਤੋਂ ਪਿਆਰੇ ਚਾਰੇ ਧਰਮ ਤੋਂ ਵਾਰੇ ਜੀ,

ਧਰਮ ਜਾਲਮਾ ਗਹਿਣੇ ਧਰਤੇ,
ਵਜੀਦੇ ਮੌਤ ਦੇ ਫਰਮੇ ਭਰਦੇ,
ਸ਼ਹੀਦ ਦੋਵੇਂ ਲਾਲ ਹੀ ਕਰਤੇ,
ਕੀਤੇ ਜ਼ੁਲਮ ਨੇ ਭਾਰੇ ਜੀ,
ਲਾਲ ਜਾਨ ਤੋਂ ਪਿਆਰੇ ਚਾਰੇ ਧਰਮ ਤੋਂ ਵਾਰੇ ਜੀ,

ਠੰਡਾ ਬੁਰਜ 'ਚ ਮਾਤਾ ਗੁਜਰੀ,
ਕਰਦੀ ਜਾਪ ਹੋ ਮਾਤਾ ਗੁਜਰੀ,
ਵਿੱਚ ਜਾ ਸਵਰਗਾਂ ਪੁੱਜਰੀ,
ਰੋਂਦੇ ਚੰਨ੍ਹ ਤੇ ਤਾਰੇ ਜੀ,
ਲਾਲ ਜਾਨ ਤੋਂ ਪਿਆਰੇ ਚਾਰੇ ਧਰਮ ਤੋਂ ਵਾਰੇ ਜੀ,

ਮਲਕੀਤ ਸਿੰਘ ਸਰਪੰਚ ਹੈ ਲਿਖਦਾ,
ਹਾਲੇ ਕਾਵਿ ਕਿਆਰੀ ਸਿੱਖਦਾ,
ਤੇਰੇ ਜਿਹੇ ਨਾ ਦਾਨੀ ਦਿੱਸਦਾ,
ਭਰ ਦਿਉ ਕਾਵਿ ਭੰਡਾਰੇ ਜੀ,
ਲਾਲ ਜਾਨ ਤੋ ਪਿਆਰੇ ਚਾਰੇ ਧਰਮ ਤੋ ਵਾਰੇ ਜੀ,



## ਭਾਗ-25

# ਤਸਵੀਰ ਜ਼ਿੰਦਗੀ ਦੀ...

"ਹਾਂ ਬੀਬੀ ਦੱਸ ਫਿਰ ਕੀ ਕਹਿੰਦੀ ਹੈ,ਹੁਣ ਆਰਾਮ ਨਾਲ ਪੁੱਛ ਰਹੇ ਹਾਂ ਦੱਸ ਦੇ ਤੇਰਾ ਪੁੱਤਰ ਕਿੱਥੇ ਹੈ ਨਹੀਂ ਤਾਂ ਤਰੀਕੇ ਬਹੁਤ ਹਨ ਸਾਡੇ ਕੋਲ ਮੰਨਵਾਉਣ ਲਈ।" ਥਾਣੇਦਾਰ ਬੋਲਿਆ।

"ਦੇਖੋ ਸਰਦਾਰ ਜੀ ਸਾਨੂੰ ਕੁਝ ਵੀ ਨਹੀਂ ਪਤਾ। "

"ਚਲੋ ਜੇ ਮੰਨ ਵੀ ਲਈਏ ਕਿ ਤੂੰ ਠੀਕ ਕਹਿੰਦੀ ਹੈ ਫਿਰ ਦੱਸ ਸਰਦਾਰ ਬਘੇਲ ਸਿੰਘ ਦਾ ਨੁਕਸਾਨ ਕਿਵੇਂ ਪੂਰਾ ਕਰੋਂਗੇ।"

" ਸਾਨੂੰ ਕਿਹੜਾ ਪੁੱਛ ਕੇ ਤੁਹਾਡੇ ਸਰਦਾਰ ਨੇ ਨਾਨਕ ਨੂੰ ਕੰਮ ਤੇ ਲਾਇਆ ਸੀ।"

"ਬੀਬੀ ਫੇਰ ਧਿਆਨ ਨਾਲ ਸੁਣ ਤੇਰੀ ਸਾਰੀ ਫਸਲ ਸਰਦਾਰ ਬਘੇਲ ਸਿੰਘ ਦੀ ਹੈ ਤੇ ਕੱਲ੍ਹ ਨੂੰ ਤੇਰੀ ਪੈਲੀ ਉੱਤੇ ਵੀ ਕਬਜ਼ਾ ਸਰਦਾਰ ਸਾਹਿਬ ਨੇ ਕਰ ਲੈਣਾ ਹੈ, ਜੇ ਹੁਣ ਵੀ ਹੈ ਕੁਝ ਦੱਸਣ ਨੂੰ ਹੈ ਤਾਂ ਦੱਸ ਦੇ ਫੇਰ ਕੱਲ੍ਹ ਨੂੰ ਅਸੀਂ ਕੁਝ ਨਹੀਂ ਸੁਣਨਾ।"

"ਇੰਝ ਕਿਵੇਂ ਤੁਸੀਂ ਸਾਰੀ ਫਸਲ ਅਤੇ ਪੈਲੀ ਉੱਤੇ ਕਬਜ਼ਾ ਕਰ ਲਵੋਂਗੇ? "

"ਉਹ ਕੱਲ੍ਹ ਨੂੰ ਤੂੰ ਆਪਣੀਆਂ ਅੱਖਾਂ ਨਾਲ ਹੀ ਦੇਖ ਲਈ ਕਿਵੇਂ ਕਰਦੇ ਹਾਂ ਕਬਜ਼ਾ," ਬਘੇਲ ਸਿੰਘ ਹੱਸਦਾ ਹੋਇਆਂ ਵੀਰਪਾਲ ਨੂੰ ਜਵਾਬ ਦਿੰਦਾ ਹੈ।

" ਮੇਰੇ ਜਿਉਂਦੇ ਤਾਂ ਤੂੰ ਤੁਸੀਂ ਇੰਝ ਨਹੀਂ ਕਰ ਸਕਦੇ। "

"ਚਲੋ ਰੱਬ ਭਲੀ ਕਰੇ....ਜੇ ਇੰਝ ਹੀ ਹੈ ,ਤੇਰੇ ਜਿਉਣ ਜਾਂ ਮਰਨ ਦਾ ਵੀ ਕੱਲ੍ਹ ਦੇਖ ਲਾਵਾਂਗੇ...... ਚਲੋ ਉਏ ਮੁੰਡਿਉ ਹੋਰ ਵੀ ਬਥੇਰੇ ਕੰਮ ਨੇ...... ਥਾਣੇਦਾਰ ਸਾਹਿਬ ਤੁਸੀਂ ਹੀ ਸਮਝਾ ਦਿਉ ਮੇਰੇ ਸੁਭਾਅ ਬਾਰੇ .......!"(ਆਖ ਉਹ ਸਾਰੇ ਚਲੇ ਜਾਂਦੇ ਹਨ)

"ਕੱਲ੍ਹ ਨੂੰ ਬੀਬੀ ਕਰ ਲਈ ਤਿਆਰੀ ਜਿਹੜੀ ਕਰਨੀ ਹੈ ਅਤੇ ਸੱਦ ਲਈ ਜਿਸ ਨੂੰ ਵੀ ਸੱਦਣਾ ਹੈ ਕਬਜ਼ਾ ਲੈਣਾ ਹੈ ਤੇਰੀ ਜਮੀਨ ਦਾ, ਆ ਗਈ ਗੱਲ ਸਮਝ ਤਾਂ ਠੀਕ ਹੈ ਨਹੀਂ ਕੱਲ੍ਹ ਆਪੇ ਹੀ ਆ ਜਾਵੇਗੀ..... ਚਲੋ ਉਏ ਹੋਰ ਵੀ ਬਥੇਰੇ ਕੰਮ ਨੇ ਵਿਹਲੇ ਨਹੀਂ ਹਾਂ ਅਸੀਂ ਵੀ ਇੰਨਾ ਦੀ ਹੀ ਚੌਕੀ ਭਰਨ ਨੂੰ।" ਥਾਣੇਦਾਰ ਵੀ ਆਪਣੇ ਨਾਲ ਆਏ ਮੁਲਾਜਮਾਂ ਨੂੰ ਲੈ ਕੇ ਚਲਾ ਜਾਂਦਾ ਹੈ।

" ਬੇਬੇ ਇੰਨਾ ਨੇ ਤਾਂ ਜਿਉਣਾ ਹੀ ਔਖਾ ਕਰ ਦਿੱਤਾ ਹੈ ਸਮਝ ਨਹੀਂ ਆ ਰਿਹਾ ਕਿ ਆਪਾਂ ਕਰੀਏ ਵੀ ਤਾਂ ਕੀ ਕਰੀਏ....?"

"ਵੀਰਪਾਲ ਜੇ ਸੱਚੀ ਹੀ ਇੰਨਾ ਨੇ ਜਮੀਨ ਉੱਤੇ ਕਬਜ਼ਾ ਕਰ ਲਿਆ ਤਾਂ ਆਪਾਂ ਕੀ ਕਰਾਂਗੇ.....?"

"ਤੂੰ ਘਬਰਾ ਨਾ ਬੀਬੀ ਵੇਖਦੇ ਹਾਂ, ਬਾਕੀ ਜੋ ਗਰਜਦੇ ਹਨ ਉਹ ਵਰਦੇ ਨਹੀਂ ਹੁੰਦੇ....। "

" ਮੇਰੇ ਤਾਂ ਪੇਕੇ ਵੀ ਹੈ ਨਹੀਂ ....ਨਹੀਂ ਤਾਂ ਭਰਾਵਾਂ ਨੂੰ ਹੀ ਸੱਦ ਲੈਂਦੀ।"

"ਬੇਬੇ .....ਮੇਰਾ ਤੇਰੇ ਨਾਲ ਪੱਕਾ ਵਾਅਦਾ ਹੈ,ਭਾਵੇਂ ਰਾਇਫ਼ਲ ਕਿਉਂ ਨਾ ਚੁੱਕਣੀ ਪੈ ਜਾਵੇ ਮੈਂ ਜਿਉਂਦੇ ਜੀਅ ਪੈਲੀ ਵਿੱਚ ਨਹੀਂ ਵੜਨ ਦਿੰਦੀ ਇਸ ਬਘੇਲੇ ਨੂੰ.....!"

"ਪੁੱਤ ਪਰ ਆਪਾਂ ਦੋਵੇਂ ਇਕੱਲੀਆਂ ਤੀਵੀਆਂ ਕਰ ਵੀ ਕੀ ਸਕਦੀਆਂ ਹਾਂ।"

"ਇਹ ਤਾਂ ਹੁਣ ਬੇਬੇ ਕੱਲ੍ਹ ਨੂੰ ਹੀ ਪਤਾ ਲੱਗੇਗਾ।"

( ਦੋਵੇਂ ਸੱਸ-ਨੂੰਹ ਗੱਲਾਂ ਕਰ ਹੀ ਰਹੀਆਂ ਸਨ ਕਿ ਘਰ ਦੇ ਬਾਹਰ ਇੱਕ ਕਾਰ ਆ ਕੇ ਰੁਕੀਂ)

"ਹੁਣ ਆਹ ਕੌਣ ਆ ਗਿਆ ਵੀਰਪਾਲ? "

" ਤੂੰ ਪਾਣੀ ਪੀ ਬੇਬੇ ਮੈਂ ਦੇਖਦੀ ਹਾਂ।"

(ਵੀਰਪਾਲ ਉੱਠਦੀ ਉਸ ਤੋਂ ਪਹਿਲਾਂ ਹੀ ਬਰਾੜ ਸਾਹਿਬ ਅੰਦਰ ਆ ਗਏ)

" ਭੈਣ ਜੀ ਸਤਿ ਸ੍ਰੀ ਅਕਾਲ..... !"

"ਸਤਿ ਸ੍ਰੀ ਅਕਾਲ ਵੀਰ ਜੀ...... !"

"ਤੁਸੀਂ ਤਾਂ ਸਾਨੂੰ ਜਵਾਂ ਈ ਬੇਗਾਨੇ ਹੀ ਕਰ ਦਿੱਤਾ,ਇੱਕ ਪਾਸੇ ਤਾਂ ਵੀਰ ਜੀ ਕਹਿੰਦੇ ਹੋ, ਦੂਜੇ ਪਾਸੇ ਮੁਸੀਬਤ ਦਾ ਪਹਾੜ ਸਿਰ ਤੇ ਡਿੱਗ ਪਿਆ ਤੇ ਤੁਸੀਂ ਸਾਨੂੰ ਦੱਸਿਆ ਤੱਕ ਨਹੀਂ, ਉਹ ਤਾਂ ਭਲਾ ਹੋਵੇ ਭਜਨ ਸਿੰਘ ਦਾ ਜਿਸਨੇ ਅੱਜ ਹੀ ਸਵੇਰੇ ਫੋਨ ਕਰਕੇ ਸਾਰੀ ਗੱਲ ਦੱਸੀ, ਨਹੀਂ ਤਾਂ ਸਾਨੂੰ ਤਾਂ ਕੁਝ ਪਤਾ ਹੀ ਨਹੀਂ ਲੱਗਣਾ ਸੀ।"

"ਵੀਰ ਜੀ ਕੀ ਦੱਸਦੀ ਨਾਨਕ ਘਰ ਛੱਡ ਕੇ ਚਲਾ ਗਿਆ ਹੈ. .......ਜਾਂ ਫਿਰ ਇਹ ਦੱਸਦੀ ਕਿ ਉਹ ਬੁਰੀ ਸੰਗਤ ਵਿੱਚ ਪੈ ਗਿਆ ਹੈਂ।"

"ਭੈਣ ਜੀ ਹੁਣ ਨਾਨਕ ਤੁਹਾਡਾ ਨਹੀਂ ਸਾਡਾ ਮੁੰਡਾ ਹੈ ਤੇ ਸਾਡੀ ਕਮਲ ਤੁਹਾਡੀ ਕੁੜੀ.....!ਹੁਣ ਮੈਨੂੰ ਇਹ ਦੱਸੋ ਕਿ ਨਾਨਕ ਦਾ ਕੁਝ ਪਤਾ ਲੱਗਾ ਹੈ ਕਿ ਨਹੀਂ......!"

(ਵੀਰਪਾਲ ਸਾਰੀ ਗੁਰਨਾਮ ਵਾਲੀ ਤੇ ਬਘੇਲ ਸਿੰਘ ਤੇ ਪੁਲਿਸ ਦੇ ਆਉਣ ਤੇ ਪੈਲੀ ਉੱਤੇ ਜਬਰਦਸਤੀ ਕਬਜਾ ਕਰਨ ਵਾਲੀ ਗੱਲ ਦੱਸ ਹੀ ਰਹੀ ਸੀ ਕਿ ਗੁਰਨਾਮ ਵੀ ਆ ਜਾਂਦਾ ਹੈ)

" ਕੋਣ ਆਇਆ ਸੀ...? "

"ਕੋਈ ਸਰਦਾਰ ਬਘੇਲ ਸਿੰਘ ਵੱਜਦਾ ਹੈ,ਬਦਮਾਸ਼ ਕਿਸਮ ਦਾ ਬੰਦਾ ਹੈ ਜੀ ਨਸ਼ੇ ਦਾ ਕਾਰੋਬਾਰ ਕਰਦਾ ਹੈ , ਸਰਕਾਰੇ ਦਰਬਾਰੇ ਬਹੁਤ ਚੱਲਦੀ ਹੈ ਉਸਦੀ ਸਰਦਾਰ ਜੀ।" ਗੁਰਨਾਮ ਦੱਸਦਾ ਹੈ।

"ਤੁਸੀਂ ਪੁਲਿਸ ਨੂੰ ਸ਼ਿਕਾਇਤ ਨਹੀਂ ਕੀਤੀ।"

"ਸ਼ਿਕਾਇਤ ਕੀ ਕਰਦੇ ਜੀ ਪੁਲਿਸ ਤਾਂ ਉਸਦਾ ਹੀ ਪੂਰਾ ਸਾਥ ਦੇ ਰਹੀ ਹੈ, ਥਾਣੇਦਾਰ ਤਾਂ ਆਪ ਕਹਿ ਕੇ ਗਿਆ ਹੈ ,ਕੱਲ੍ਹ ਉਹ ਆਪ ਆ ਕੇ ਪੈਲੀ ਤੇ ਕਬਜ਼ਾ ਕਰਵਾਏਗਾ ਅਤੇ ਠੇਕੇ ਉੱਤੇ ਲਈ ਜਮੀਨ ਦੀ ਫਸਲ ਵੀ ਆਪ ਹੀ ਵੇਚਣਗੇ।"

"ਅੱਛਾ.... ਉਹਨਾਂ ਦੇ ਕੀ ਪਿਉਂ ਦਾ ਰਾਜ ਹੈ।ਭੈਣ ਜੀ ਤੁਸੀਂ ਮੈਨੂੰ ਸਾਰੀ ਗੱਲ ਪਹਿਲਾਂ ਨਾ ਦੱਸ ਕਿ ਬਹੁਤ ਵੱਡੀ ਗਲਤੀ ਕੀਤੀ ਹੈ ਨਹੀਂ ਤਾਂ ਮੈਂ ਅਜਿਹਾ ਸਮਾਂ ਆਉਣ ਹੀ ਨਹੀਂ ਦੇਣਾ ਸੀ।ਗੁਰਨਾਮ ਸਿੰਘ ਜੀ ਮੈਨੂੰ ਇਹ ਦੱਸੋਂ ਕੀ ਨਾਂ ਹੈ ਉਸ ਥਾਣੇਦਾਰ ਦਾ?"

"ਸਰਦਾਰ ਜੀ ਭੁਪਿੰਦਰ ਸਿੰਘ ਸੰਧੂ ਹੈ ਜੀ।"

"ਕੁਝ ਪਤਾ ਕਿੱਥੋ ਦਾ ਰਹਿਣ ਵਾਲਾ ਹੈ। "

ਪੱਕਾ ਤਾਂ ਪਤਾ ਨਹੀਂ ਪਰ ਸੁਣਿਆ ਹੈ, ਤਰਨਤਾਰਨ ਦਾ ਰਹਿਣ ਵਾਲਾ ਹੈ।"

"ਤੁਹਾਡੇ ਕੋਲ ਉਸਦਾ ਫੋਨ ਨੰਬਰ ਹੈ।"

" ਮੇਰੇ ਕੋਲ ਤਾਂ ਨਹੀਂ ਹੈ ਜੀ ਪਰ ਸਰਪੰਚ ਨੂੰ ਪੁੱਛ ਲੈਂਦਾਂ ਹਾਂ, ਉਹਦੇ ਕੋਲ ਜਰੂਰ ਹੋਵੇਗਾ।"

(ਗੁਰਨਾਮ ਸਰਪੰਚ ਤੋਂ ਥਾਣੇਦਾਰ ਦਾ ਫੋਨ ਨੰਬਰ ਪੁੱਛ ਕੇ ਦੱਸਦਾ ਹੈ)

(ਬਰਾੜ ਸਾਹਿਬ ਥਾਣੇਦਾਰ ਨੂੰ ਫੋਨ ਕਰਦੇ ਹਨ)

"ਹੈਲੋ..... ਹੈਲੋ....ਭੁਪਿੰਦਰ ਸਿੰਘ ਸੰਧੂ ਬੋਲ ਰਹੇ ਹੋਂ....।"

"ਹਾਂ ਜੀ ਹਾਂ ਜੀ ਕੋਣ ਸਾਹਿਬ....?"

" ਮੈਂ ਕਰਮਵੀ



ਰਪਾਲ ਸਿੰਘ ਬਰਾੜ ਬੋਲ ਰਿਹਾ ਹਾਂ। "

"ਕਿੱਥੋ ਬੋਲ ਰਹੇ ਹੋ ਜੀ....?"

"ਉਹ ਵੀ ਦੱਸਦਾ ਹਾਂ ਜੀ ਪਹਿਲਾਂ ਦੱਸੋ ਤੁਸੀਂ ਨਾਨਕ ਸਿੰਘ ਦੇ ਘਰੇ ਗਏ ਸੀ।"

"ਕਿਹੜਾ ਨਾਨਕ ਸਿੰਘ ਜੀ....? "

"ਜਿਸਦਾ ਝਗੜਾ ਬਘੇਲ ਸਿੰਘ ਨਾਲ ਹੈ।"

"ਉਹ ਨਾਨਕ ਸਿੰਘ..... ਯਾਦ ਆਇਆ ਕੁਝ.....ਹਾਂ ਗਿਆ ਜੀ,ਦੱਸੋ ਤੁਸੀਂ ਕੀ ਲੈਣਾ ਹੈ.....?"

"ਲੈਣਾ ਨਹੀਂ ਦੇਣਾ ਹੈ.....!"

"ਕੀ ਦੇਣਾ ਹੈ ਫਿਰ ਉਹ ਦੱਸਦੇ, ਨਾਲੇ ਤੂੰ ਕੀ ਲੱਗਦਾ ਹੈ ਨਾਨਕ ਦਾ.......?"

"ਨਾਨਕ ਮੇਰਾ ਪੁੱਤਰ ਹੈ ਭੁਪਿੰਦਰ ਸਿੰਘ ਜੀ......!"

"ਭੁਪਿੰਦਰ ਸਿੰਘ ਨਹੀਂ ਥਾਣੇਦਾਰ ਬੋਲ ਥਾਣੇਦਾਰ ਆਈ ਗੱਲ ਸਮਝ.....! "

"ਮੈਨੂੰ ਤਾਂ ਸਮਝ ਆ ਹੀ ਰਹੀ ਹੈ ਪਰ ਤੁਹਾਨੂੰ ਮੇਰੀ ਗੱਲ ਸਮਝ ਨਹੀਂ ਆਈ ਲੱਗਦੀ,ਮੈਂ ਕੀ ਪੁੱਛ ਰਿਹਾ ਹਾਂ.....!"

"ਜੋ ਕੁਝ ਪੁੱਛਣਾ ਹੀ ਹੈ ਉਹਦੀ ਮਾਂ ਨੂੰ ਪੁੱਛ ਲੈ,ਉਹ ਆਪੇ ਦੱਸ ਦੇਵੇਗੀ, ਮੈਂ ਵਿਹਲਾ ਨਹੀਂ ਹਾਂ ਹਰ ਇੱਕ ਦੀ ਗੱਲ ਦਾ ਜਵਾਬ ਦੇਣ ਲਈ।"(ਆਖ ਗੁੱਸੇ ਵਿੱਚ ਫੋਨ ਰੱਖ ਦਿੰਦਾ ਹੈ)

(ਬਰਾੜ ਸਾਹਿਬ ਐਸ. ਐਸ. ਪੀ. ਸਾਹਿਬ ਨੂੰ ਫੋਨ ਕਰਦੇ ਹਨ)

"ਹੈਲੋ.... ਹੈਲੋ....ਮੈਂ ਕਰਮਵੀਰਪਾਲ ਸਿੰਘ ਬਰਾੜ ਬੋਲ ਰਿਹਾ ਹਾਂ ਐਸ.ਐਸ.ਪੀ.ਸਾਹਿਬ ਸਤਿ ਸ੍ਰੀ ਅਕਾਲ....।"

" ਸਤਿ ਸ੍ਰੀ ਅਕਾਲ ਬਰਾੜ ਸਾਹਿਬ ਸਤਿ ਸ੍ਰੀ ਅਕਾਲ ਕੀ ਹਾਲ ਹਨ ਤੁਹਾਡੇ....?"

"ਵਾਹਿਗੁਰੂ ਦੀ ਅਪਾਰ ਕਿਰਪਾ ਹੈ ਜੀ....!"

"ਹੋਰ ਸੁਣਾਉ ਜੀ ਕਿਵੇਂ ਯਾਦ ਕੀਤਾ? "

"ਛੋਟਾ ਜਿਹਾ ਕੰਮ ਹੈ ਤੁਹਾਡੇ ਤੱਕ।"

"ਹੁਕਮ ਕਰੋ ਮਹਾਰਾਜ ਤੁਸੀਂ ਸਾਡੇ ਇਲਾਕੇ ਦੇ ਆਉਣ ਵਾਲੇ ਮੰਤਰੀ ਹੋ ਜੀ.....!"

"ਆ ਯਾਰ ਥਾਣੇਦਾਰ ਭੁਪਿੰਦਰ ਸਿੰਘ ਸੰਧੂ ਬਾਰੇ ਗੱਲ ਕਰਨੀ ਸੀ।"

"ਦੱਸੋ ਕੀ ਕੰਮ ਪੈ ਗਿਆ,ਮੈਂ ਹੁਣੇ ਹੀ ਫੋਨ ਕਰ ਦਿੰਦਾ ਹਾਂ, ਜਾ ਕੇ ਮਿਲ ਲਵੋ, ਨਹੀਂ ਦੱਸੋ ਕਿੱਥੇ ਹੋ ਹੁਣੇ ਹਾਜ਼ਿਰ ਕਰ ਦਿੰਦਾ ਹਾਂ।"

"ਨਹੀਂ ਉਸ ਨੂੰ ਕਹੋ ਪਹਿਲਾਂ ਮੇਰੇ ਨਾਲ ਫੋਨ ਤੇ ਗੱਲ ਕਰੇ।"

"ਨੰਬਰ ਕਿਹੜਾ ਦੇਵਾਂ ਬਰਾੜ ਸਾਹਿਬ.....?"

" ਨੰਬਰ ....ਨੰਬਰ ਮੇਰਾ ਐਸ. ਐਸ .ਪੀ.ਸਾਹਿਬ ਭੁਪਿੰਦਰ ਕੋਲ ਹੈ,ਮੇਰਾ ਬਸ ਕਹੋ ਕਰਮਵੀਰਪਾਲ ਬਰਾੜ ਨਾਲ ਗੱਲ ਕਰੇ। ਉਹ ਆਪ ਹੀ ਸਮਝ ਜਾਵੇਗਾ।"

" ਹੁਣੇ ਹੀ ਲਉਂ ਜੀ....ਚੰਗਾ ਜੀ ਫੇਰ ਮਿਲਦੇ ਹਾਂ ਕਦੇ ਸਤਿ ਸ੍ਰੀ ਅਕਾਲ.... । "

"ਸਤਿ ਸ੍ਰੀ ਅਕਾਲ ਜੀ। "

"ਭੈਣ ਜੀ ਤੁਸੀਂ ਮੇਰੇ ਹੁੰਦੇ ਬਿਲਕੁਲ ਵੀ ਨਹੀਂ ਘਬਰਾਉਣਾ, ਹੁਣ ਤੁਹਾਡਾ ਵੀਰ ਆ ਗਿਆ ਹੈ। ਮੈਂ ਆਪੇ ਵੇਖ ਲਵਾਂਗਾ ਸਾਰਿਆਂ ਨੂੰ।"



ਚੱਲਦਾ....

ਸੰਦੀਪ ਦਿਉੜਾ
8437556667


# ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ

ਦਸਵੀਂ ਪਾਤਿਸ਼ਾਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ੍ਰੀ ਮਾਛੀਵਾੜਾ ਸਾਹਿਬ ਦੀ ਧਰਤੀ 'ਤੇ ਪਹੁੰਚਣ ਅਤੇ ਉਨ੍ਹਾਂ ਦੀ ਆਮਦ ਨੂੰ ਮੁੱਖ ਰੱਖਦਿਆਂ, ਚਾਰੇ ਸਾਹਿਬਜ਼ਾਦਿਆਂ, ਮਾਤਾ ਗੁਜਰੀ ਜੀ ਅਤੇ ਸ਼ਹੀਦ ਹੋਏ ਸਮੂਹ ਸਿੰਘਾਂ/ਸਿੰਘਣੀਆਂ ਨੂੰ ਸਮਰਪਿਤ ਪਿਛਲੇ ਸਾਲਾਂ ਦੀ ਤਰ੍ਹਾਂ ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਕੀਤੀ ਜਾ ਰਹੀ ਹੈ। ਇਸ ਸਬੰਧ ਵਿੱਚ ਮਾਲਟਨ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਹੇਠ ਲਿਖੇ ਪ੍ਰੋਗਰਾਮ ਮੁਤਾਬਿਕ ਹੋਵੇਗੀ।

## ਪ੍ਰੋਗਰਾਮ ਇਸ ਤਰ੍ਹਾਂ ਹੋਵੇਗਾ

### ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਅਰੰਭ 23 ਦਸੰਬਰ ਦਿਨ ਸੋਮਵਾਰ
### ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ 25 ਦਸੰਬਰ ਦਿਨ ਬੁੱਧਵਾਰ

ਮਾਲਟਨ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਮੇਨ ਹਾਲ ਵਿੱਚ ਪਾਏ ਜਾਣਗੇ।
ਸਮੂਹ ਸੰਗਤ ਨੂੰ ਬੇਨਤੀ ਹੈ ਕਿ ਤਿੰਨ ਦਿਨ ਗੁਰਦੁਆਰਾ ਸਾਹਿਬ ਵਿਖੇ ਹੁੰਮ ਹੁਮਾ ਕੇ ਪਹੁੰਚਣ ਦੀ ਕਿਰਪਾਲਤਾ ਕਰਨੀ ਜੀ।

ਹੋਰ ਜਾਣਕਾਰੀ ਲਈ

ਗੁਰਪ੍ਰੀਤ ਸਿੰਘ ਉੱਪਲ 647-207-1887, ਸਤਪਾਲ ਸਿੰਘ ਗਰੇਵਾਲ 519-405-0075, ਜਸਵੰਤ ਸਿੰਘ ਰਜੂਲ 647-856-9612, ਉਜਾਗਰ ਸਿੰਘ ਗਿੱਲ 647-203-4090, ਕਾਕਾ ਸਿੰਘ ਤੱਖਰਾ 647-400-9991 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਡੂਢ ਕੋਰੜਾ ਛੰਦ

# ਸਾਕੇ ਤਾਈਂ ਕਿਵੇਂ ਕਰੀਏ ਬਿਆਨ ਨੂੰ, ਜੱਗ ਤੇ ਮਿਸਾਲ ਨਾ



1.ਅਨੰਦਪੁਰ ਗੁਰਾਂ ਛੱਡਿਆ ਅਖੀਰ ਜੀ, ਕੀਤੀ ਸੀ ਵਿਚਾਰ ਵੀ।
ਸਰਸਾ ਦੇ ਪਾਣੀ ਨੇ ਵਿਛੋੜੇ ਵੀਰ ਜੀ, ਸਾਰਾ ਪਰਿਵਾਰ ਵੀ।
ਗੜ੍ਹੀ ਚਮਕੌਰ ਦੇਖੇ ਮਹਿਮਾਨ ਨੂੰ, ਮੁੱਖ ਤੇ ਮਲਾਲ ਨਾ।
ਸਾਕੇ ਤਾਈਂ ਕਿਵੇਂ ਕਰੀਏ ਬਿਆਨ ਨੂੰ, ਜੱਗ ਤੇ ਮਿਸਾਲ ਨਾ।

2.ਗੜ੍ਹੀ ਪੁੱਜ ਸਿੰਘ ਮੋਰਚੇ ਸੰਭਾਲਦੇ, ਨੀਤੀਆਂ ਬਣਾਂਵਦੇ।
ਠੰਢੀ ਨ੍ਹੇਰੀ ਰਾਤ 'ਚ ਮਸ਼ਾਲ ਬਾਲਦੇ, ਪਹਿਰੇ ਤੇ ਬਿਠਾਂਵਦੇ।
ਸਿੱਖ ਮੰਨਦੇ ਨੇ ਗੁਰ-ਫੁਰਮਾਨ ਨੂੰ, ਕਰਦੇ ਸਵਾਲ ਨਾ।
ਸਾਕੇ ਤਾਈਂ ਕਿਵੇਂ ਕਰੀਏ ਬਿਆਨ ਨੂੰ, ਜੱਗ ਤੇ ਮਿਸਾਲ ਨਾ।

3.ਲੱਖਾਂ ਦੀ ਤਾਦਾਦ ਵਿੱਚ ਫੌਜ ਆਣਕੇ, ਘੇਰਾ ਪਾਇਆ ਗੜ੍ਹੀ ਨੂੰ।
ਸਿੱਖ ਹੋਏ ਖੁਸ਼ ਪਰਚਾ ਪਛਾਣ ਕੇ, ਏਸ ਔਖੀ ਘੜੀ ਨੂੰ।
ਝਟਕੇ ਦੇ ਨਾਲ ਮਾਰਨਾ ਸ਼ੈਤਾਨ ਨੂੰ, ਕਰਨਾ ਹਲਾਲ ਨਾ।
ਸਾਕੇ ਤਾਈਂ ਕਿਵੇਂ ਕਰੀਏ ਬਿਆਨ ਨੂੰ, ਜੱਗ ਤੇ ਮਿਸਾਲ ਨਾ।

4.ਗਿਣਤੀ ਚ ਚਾਲੀ ਸਿੰਘ ਤਾਂ ਦਲੇਰ ਜੀ, ਟਿੱਡੀ ਦਲ ਬਾਹਰ ਜੀ।
ਜੱਥੇ ਪੰਜ ਪੰਜ ਦੇ ਲਗਾਂਦੇ ਢੇਰ ਜੀ, ਲੱਭਦੀ ਨਾ ਠਾਹਰ ਜੀ।
ਜਿਹੜਾ ਅੱਗੇ ਆਵੇ ਮਾਰਦੇ ਜਵਾਨ ਨੂੰ, ਐਸਾ ਹੋਰ ਕਾਲ ਨਾ।
ਸਾਕੇ ਤਾਈਂ ਕਿਵੇਂ ਕਰੀਏ ਬਿਆਨ ਨੂੰ, ਜੱਗ ਤੇ ਮਿਸਾਲ ਨਾ।

5.ਚੱਲਦੇ ਨੇ ਤੀਰ ਤਲਵਾਰਾਂ ਗੋਲੀਆਂ, ਤਾਂ ਮੈਦਾਨ ਵਿੱਚ ਜੀ।
ਖੱਬੀ ਖਾਨਾਂ ਦੀਆਂ ਇੱਜਤਾਂ ਨੇ ਰੋਲੀਆਂ, ਬੜਾ ਹੋਏ ਜਿੱਚ ਜੀ।
ਮਿਲੇ ਨਾ ਵਕਤ ਪੜ੍ਹਦੇ ਕੁਰਾਨ ਨੂੰ, ਹੋਣੀ ਹੁੰਦੀ ਟਾਲ ਨਾ।
ਸਾਕੇ ਤਾਈਂ ਕਿਵੇਂ ਕਰੀਏ ਬਿਆਨ ਨੂੰ, ਜੱਗ ਤੇ ਮਿਸਾਲ ਨਾ।

6.ਅਜੀਤ ਸਿੰਘ ਅੱਡੀ ਘੋੜੇ ਤਾਈਂ ਲਾਈ ਏ, ਝੱਖੜ ਝੁਲਾਂਵਦਾ।
ਵੈਰੀਆਂ ਨੂੰ ਰਤਾ ਨਾ ਸੁਰਤ ਆਈ ਏ, ਜਾਂਦਾ ਆਹੂ ਲਾਂਹਵਦਾ।
ਜੰਗ ਵਿੱਚ ਤੱਕਦਾ ਨੀ ਲਾਭ ਹਾਨ ਨੂੰ, ਦੇਹੀ ਦੀ ਸੰਭਾਲ ਨਾ।
ਸਾਕੇ ਤਾਈਂ ਕਿਵੇਂ ਕਰੀਏ ਬਿਆਨ ਨੂੰ, ਜੱਗ ਤੇ ਮਿਸਾਲ ਨਾ।

7.ਚਾਰੇ ਪਾਸਿਆਂ ਤੋਂ ਵੱਡਾ ਹੱਲਾ ਬੋਲਿਆ, ਤੀਰਾਂ ਤਲਵਾਰਾਂ ਨੇ।
ਜਖਮੀ ਅਜੀਤ ਵੀ ਰਤਾ ਨਾ ਡੋਲਿਆ, ਨਦਰਾਂ ਹਜਾਰਾਂ ਨੇ।
ਛੱਡਿਆ ਅਖੀਰ ਦੇਹੀ ਨਾਸਵਾਨ ਨੂੰ, ਰੋਕਿਆ ਤਾਂ ਕਾਲ ਨਾ।
ਸਾਕੇ ਤਾਈਂ ਕਿਵੇਂ ਕਰੀਏ ਬਿਆਨ ਨੂੰ, ਜੱਗ ਤੇ ਮਿਸਾਲ ਨਾ।

8.ਪਿਤਾ ਤਾਈਂ ਬਿਨੈ ਕੀਤੀ ਸੀ ਜੁਝਾਰ ਨੇ, ਮੈਨੂੰ ਦੇਵੋ ਆਗਿਆ।
ਸ਼ਸ਼ਤਰ ਸਜਾਏ ਹੱਥੀਂ ਸੀ ਦਾਤਾਰ ਨੇ, ਰਤਾ ਮੋਹ ਨਾ ਜਾਗਿਆ।
ਐਸਾ ਪਿਤਾ ਕਿੱਥੋਂ ਮਿਲਣੈ ਜਹਾਨ ਨੂੰ, ਐਸਾ ਲੱਭੇ ਲਾਲ ਨਾ।
ਸਾਕੇ ਤਾਈਂ ਕਿਵੇਂ ਕਰੀਏ ਬਿਆਨ ਨੂੰ, ਜੱਗ ਤੇ ਮਿਸਾਲ ਨਾ।

9.ਖੇਡਿਆ ਜੁਝਾਰ ਖੂਨ ਦੀਆਂ ਹੋਲੀਆਂ, ਬਾਪੂ ਮਾਣ ਕਰਦਾ।
ਸੀਨੇ ਵਿੱਚ ਖਾਵੇ ਤੀਰ ਅਤੇ ਗੋਲੀਆਂ, ਮਰਨੋਂ ਨ੍ਹੀ ਡਰਦਾ।
ਹੋ ਗਿਆ ਸ਼ਹੀਦ ਸਿੰਜ ਕੇ ਮੈਦਾਨ ਨੂੰ, ਸਕਦੇ ਉਠਾਲ ਨਾ।
ਸਾਕੇ ਤਾਈਂ ਕਿਵੇਂ ਕਰੀਏ ਬਿਆਨ ਨੂੰ, ਜੱਗ ਤੇ ਮਿਸਾਲ ਨਾ।

10.ਵੱਡੇ ਸਾਹਿਬਜ਼ਾਦੇ ਸਿੰਘ ਵੀ ਅਨੇਕ ਜੀ, ਤਾਂ ਸ਼ਹੀਦੀ ਪਾ ਗਏ।
ਨਬੀ ਖਾਂ ਤੇ ਗਨੀ ਖਾਂ ਦੋ ਬੰਦੇ ਨੇਕ ਜੀ, ਪੁੰਨ ਤਾਂ ਕਮਾ ਗਏ।
ਕੱਢਿਆ ਏ ਇੱਥੋਂ ਵਾਲੀ-ਦੋ-ਜਹਾਨ ਨੂੰ, ਭੁੱਲੇ ਤਾਂ"ਰੁਪਾਲ"ਨਾ।
ਸਾਕੇ ਤਾਈਂ ਕਿਵੇਂ ਕਰੀਏ ਬਿਆਨ ਨੂੰ, ਜੱਗ ਤੇ ਮਿਸਾਲ ਨਾ।

### 55.ਲਹਿਰੀਆ ਛੰਦ
(ਕਿੱਦਾਂ ਸਤਿਕਾਰ ਦੇਵਾਂ,ਜਾਵਾਂ ਕਿਵੇਂ ਵਾਰੀ ਜੀ?)

1.ਦਸਵੇਂ ਗੁਰ ਅੱਗੇ ਪਹਿਲਾਂ ਦੁੱਖ ਥੋੜੇ ਸੀ ?
ਸਰਸਾ ਤੂੰ ਕਾਹਤੋਂ ਪਾ ਦਿੱਤੇ ਵਿਛੋੜੇ ਸੀ ??
ਮਾਤਾ ਤੇ ਦੋ ਲਾਲ ਤੂੰ ਟੱਬਰ ਤੋਂ ਤੋੜੇ ਸੀ।
ਐਸੇ ਸਮੇਂ ਵਿੱਚ ਵੀ ਨਾ ਬਾਣੀ ਸੀ ਵਿਸਾਰੀ ਜੀ।
ਕਿੱਦਾਂ ਸਤਿਕਾਰ ਦੇਵਾਂ, ਜਾਵਾਂ ਕਿਵੇਂ ਵਾਰੀ ਜੀ ?

2.ਮਾਸ਼ਕੀ ਸੀ ਕੁੰਮਾ ਪਿੰਡ ਚੱਕ ਢੇਰਾਂ ਜੀ।
ਛੰਨ 'ਚ ਲਿਆਇਆ ਜੇਰਾ ਕੀਤਾ ਕੇਰਾਂ ਜੀ।
ਤੱਕ ਮਾਂ ਤੇ ਬੱਚੇ ਨਿਕਲੀਆਂ ਲੇਰਾਂ ਜੀ।
ਰਾਤ ਰੱਖ ਅਮਰ ਹੋ ਗਿਆ ਉਪਕਾਰੀ ਜੀ।
ਕਿੱਦਾਂ ਸਤਿਕਾਰ ਦੇਵਾਂ, ਜਾਵਾਂ ਕਿਵੇਂ ਵਾਰੀ ਜੀ?

3.ਗੰਗੂ ਪਾਪੀ ਲੈ ਗਿਆ ਪਿੰਡ ਸਹੇੜੀ ਜੀ।
ਚੋਰੀ ਮਾਇਆ ਕਰੀ ਮਾਂ ਕੋਲ ਜਿਹੜੀ ਸੀ।
ਠਾਣੇ ਦੇ ਕੇ ਇਤਲਾਹ ਡੋਬੀ ਬੇੜੀ ਸੀ।
ਤੱਕ ਕੇ ਗੱਦਾਰੀ ਸੁੰਨ ਹੋਏ ਨਰ ਨਾਰੀ ਜੀ।
ਕਿੱਦਾਂ ਸਤਿਕਾਰ ਦੇਵਾਂ, ਜਾਵਾਂ ਕਿਵੇਂ ਵਾਰੀ ਜੀ?

4.ਲਾਲ ਠਾਣੇ ਤੋਂ ਲਿਆਂਦੇ ਸਰਹਿੰਦ ਜੀ।
ਬੁਰਜ ਠੰਢੇ ਵਿੱਚ ਕਰ ਦਿੱਤੇ ਬੰਦ ਜੀ।
ਰੋਜ ਆਂਵਦੇ ਕਚਿਹਰੀ ਫਰਜੰਦ ਜੀ।
ਭਰੀ ਸਭਾ ਵਿੱਚ ਗੁਰ-ਫਤਹਿ ਉਚਾਰੀ ਜੀ ।
ਕਿੱਦਾਂ ਸਤਿਕਾਰ ਦੇਵਾਂ, ਜਾਵਾਂ ਕਿਵੇਂ ਵਾਰੀ ਜੀ?

5.ਸੁੱਚਾ ਕਹੇ ਬੱਚੇ ਸੱਪ ਦੇ ਜਨਾਬ ਜੀ।
ਬਾਲ ਛੱਡ ਸੂਬੇ ਆਖਦਾ ਨਵਾਬ ਜੀ।
ਅੱਗ ਉੱਤੇ ਕਾਹਤੋਂ ਰੱਖਦਾ ਗੁਲਾਬ ਜੀ।
ਹੱਕ ਦੀ ਆਵਾਜ ਉਹਨਾਂ ਉੱਚੀ ਦੇ ਕੇ ਮਾਰੀ ਜੀ।
ਕਿੱਦਾਂ ਸਤਿਕਾਰ ਦੇਵਾਂ, ਜਾਵਾਂ ਕਿਵੇਂ ਵਾਰੀ ਜੀ?

6.ਮੋਤੀ ਮਹਿਰੇ ਨੇ ਪੁੰਨ ਤਾਂ ਕਮਾਇਆ ਸੀ।
ਛੋਟੇ ਲਾਲਾਂ ਤਾਈਂ ਦੁੱਧ ਤਾਂ ਪਿਲਾਇਆ ਸੀ।
ਸੂਬੇ ਟੱਬਰ ਨੂੰ ਕੋਹਲੂ 'ਚ ਪਿੜ੍ਹਾਇਆ ਸੀ।
ਜੁਨ ਸੇਵਾ ਰਾਹੀਂ ਮੋਤੀ ਆਪਣੀ ਸਵਾਰੀ ਜੀ।
ਕਿੱਦਾਂ ਸਤਿਕਾਰ ਦੇਵਾਂ, ਜਾਵਾਂ ਕਿਵੇਂ ਵਾਰੀ ਜੀ?

7.ਸੂਬੇ ਕਿਹਾ ਕਾਜੀ ਸਜਾ ਤਾਂ ਸੁਣਾ ਦਿਓ।
ਦਿੱਤਾ ਫਤਵਾ ਕਿ "ਨੀਂਹਾਂ 'ਚ ਚਿਣਾ ਦਿਓ।
ਮਾਰ ਕਾਫਰਾਂ ਨੂੰ ਦਹਿਸ਼ਤ ਫੈਲਾ ਦਿਓ।"
ਨੀਹਾਂ ਵਿੱਚ ਖੜੇ ਲਾਲ ਮੁੱਖ ਤੇ ਖੁਮਾਰੀ ਜੀ।
ਕਿੱਦਾਂ ਸਤਿਕਾਰ ਦੇਵਾਂ, ਜਾਵਾਂ ਕਿਵੇਂ ਵਾਰੀ ਜੀ?

8.ਪਾ ਕੇ ਸ਼ਹੀਦੀ ਲਾਲ ਪੂਰਨੇ ਜੋ ਪਾ ਗਏ।
ਮਾਤਾ ਕੋਲ ਜਾਲਮ ਬੁਰਜ ਵਿਚ ਆ ਗਏ।
ਧੱਕਾ ਦੇ ਕੇ ਸੁੱਟਿਆ ਪਾਰ ਹੀ ਬੁਲਾ ਗਏ।
ਜਨਤਾ ਦੇਸੀ ਨੇ ਉੱਤੇ ਚੱਲਦੀ ਪਈ ਆਰੀ ਜੀ।
ਕਿੱਦਾਂ ਸਤਿਕਾਰ ਦੇਵਾਂ, ਜਾਵਾਂ ਕਿਵੇਂ ਵਾਰੀ ਜੀ?

9.ਟੋਡਰ ਮੱਲ ਕੀਤਾ ਡਾਢਾ ਉਪਕਾਰ ਜੀ।
ਮੁੱਲ ਲੈ ਕੇ ਜਗ੍ਹਾ ਕੀਤਾ ਸੰਸਕਾਰ ਜੀ।
ਖੜ੍ਹੀਆਂ ਮੋਹਰਾਂ ਵਿੱਚ ਮੁੱਲ ਦਿੱਤਾ ਤਾਰ ਜੀ।
ਰੁਪਾਲ ਇੱਕ ਕਰਜ਼ੇ ਦੀ ਕਿਸ਼ਤ ਉਤਾਰੀ ਜੀ।
ਕਿੱਦਾਂ ਸਤਿਕਾਰ ਦੇਵਾਂ, ਜਾਵਾਂ ਕਿਵੇਂ ਵਾਰੀ ਜੀ?



ਜਸਵਿੰਦਰ ਸਿੰਘ ਰੁਪਾਲ
9814715796

# ਸੂਰਜ ਦੀ ਸੁਣੋ





ਗੁਰਭਜਨ ਗਿੱਲ

ਸਾਗਰ ਨੂੰ ਇਹ ਵਹਿਮ ਬੜਾ ਹੈ,
ਨਦੀਆਂ ਨੂੰ ਮੈਂ ਪੀ ਜਾਵਾਂਗਾ,
ਦਰਿਆਵਾਂ ਨੂੰ ਖਾ ਜਾਵਾਂਗਾ।

ਪਰ ਨਾ ਭੁੱਲੇ ਤਲਖ਼ ਸਮੁੰਦਰ,
ਸਿਰ ਤੇ ਸੂਰਜ ਅੱਗ ਦਾ ਗੋਲ਼ਾ,
ਤੇਰੇ ਵਿੱਚੋਂ ਕੱਢ ਕੇ ਸਾਨੂੰ,
ਭਾਫ਼ ਬਣਾ ਕੇ ਲੈ ਜਾਵੇਗਾ।
ਮਗਰੋਂ ਦੱਸ ਫਿਰ ਤੇਰੇ ਪੱਲੇ,
ਬਿਨ ਹੰਕਾਰ ਕੀ ਰਹਿ ਜਾਵੇਗਾ?

ਸਾਨੂੰ ਪੀਣ ਦੇ ਭਰਮ 'ਚ ਭੁੱਲਿਆ,
ਤੇਰੀ ਤਹਿ ਵਿੱਚ ਕਿੰਨਾ ਕੁਝ ਹੈ,
ਮਾਣਕ ਮੋਤੀ, ਰਤਨ ਜਵਾਹਰ
ਤੇ ਮਹਿੰਗੇ ਬਹੁਤ ਅਨੰਤ ਪਦਾਰਥ,
ਤੂੰ ਉਨ੍ਹਾਂ ਤੇ ਕਾਬਜ਼ ਹੋਇਆ।

ਏਨੇ ਵੱਡੇ ਮਾਲ ਖ਼ਜ਼ਾਨੇ ਹੁੰਦਿਆਂ ਸੁੰਦਿਆ,
ਤੂੰ ਹਾਲੇ ਭੁੱਖੇ ਦਾ ਭੁੱਖਾ,
ਰੂਹ ਵੱਲੋਂ ਰੁੱਖੇ ਦਾ ਰੁੱਖਾ।
ਏਸੇ ਕਰਕੇ ਤੇਰਾ ਪਾਣੀ
ਤੁਪਕਾ ਵੀ ਨਾ ਪਿਆਸ ਦਾ ਹਾਣੀ।
ਵੇਖਣ ਨੂੰ ਤੂੰ ਏਨਾ ਪਾਣੀ।
ਬਣਿਆ ਫਿਰਦੈਂ ਵੱਡਾ ਸਾਰਾ।
ਸਾਰਾ ਹੀ ਖ਼ਾਰੇ ਦਾ ਖ਼ਾਰਾ।

ਧਰਤੀ ਬੋਲੀ, ਵੱਡਾ ਹੈਂ ਤੂੰ,
ਪਰ ਆਪਣੀ ਔਕਾਤ ਚ ਰਹਿ ਤੂੰ,
ਦੂਸਰਿਆਂ ਦੀ ਹਸਤੀ ਸਹਿ ਤੂੰ।
ਮੈਂ ਖਾ ਜਾਊਂ, ਮੈਂ ਪੀ ਜਾਊਂ,
ਇਹ ਬੋਲੀ ਹੰਕਾਰ ਦੀ ਬੋਲੀ।
ਜਿਸ ਦੀ ਵੀ ਇਹ ਜੀਭ ਤੇ ਆਈ,
ਉਸਦੀ ਇਹਨੇ ਹਸਤਿ ਮਿਟਾਈ।

ਸਾਵਧਾਨ ! ਜਲਜੀਵ ਭੰਡਾਰੀ।
ਸਾਗਰ ਬਣ ਕੇ ,
ਦਿਲ ਨੂੰ ਵੱਡਾ ਕਰਨਾ ਬਣਦਾ।
ਰਲ ਮਿਲ ਜੀਣਾ, 'ਕੱਠਿਆਂ ਮਰਨਾ।
ਤਾਂ ਹੀ ਤੇਰਾ ਸਾਡਾ ਸਰਨਾ।

ਸਭ ਦਾ ਆਪੋ ਆਪਣਾ ਘੇਰਾ।
ਏਥੇ ਕੀਹ ਮੇਰਾ ਕੀਹ ਤੇਰਾ।
ਵੱਡਾ ਹੈਂ ਤੂੰ,
ਆਪਣੀ ਬੁੱਕਲ ਵੱਡੀ ਕਰ ਲੈ।
ਰੂਹ ਵਾਲੀ ਸਰਦਾਰੀ ਦੇ ਸਿਰ
ਆਪਣੇ ਸੰਗਲ ਖ਼ਜ਼ਾਨੇ ਭਰ ਲੈ।

ਪਹਿਲਾਂ ਸੂਰਜ ਮੁਸਕਾਇਆ,
ਫਿਰ ਖਿੜ ਖਿੜ ਹੱਸਿਆ,
ਉਸ ਨੇ ਵਿਚਲਾ ਭੇਤ ਨਾ ਦੱਸਿਆ।
ਜਾਪੇ ਏਦਾਂ ਆਖ ਰਿਹਾ ਸੀ।
ਭਰਿਆ ਭਾਂਡਾ ਕਦੇ ਨਾ ਛਲਕੇ।
ਸਦੀਆਂ ਤੋਂ ਵਰਤਾਰਾ ਏਹੀ,
ਕਦੇ ਨਾ ਬਦਲੇ
ਅੱਜ ਵੇਖੋ ਜਾਂ ਵੇਖੋ ਭਲ਼ਕੇ।

ਮੇਰੇ ਪੱਲੇ ਕੁੱਲ ਵਕਤਾਂ ਦੀ
ਸਭਨਾਂ ਨਾਲੋਂ ਬਹੁਤੀ ਅੱਗ ਹੈ।
ਪਰ ਆਪੇ ਹੀ ਮੈਨੂੰ ਦੱਸੋ?
ਕਿਸ ਵੇਖੀ ਮੇਰੇ ਮੂੰਹ ਦੇ ਅੰਦਰ
ਕਹਿਰ ਘੁਮੰਡ ਦੀ ਜ਼ਹਿਰੀ ਝੱਗ ਹੈ।
ਮੈਂ ਤਾਂ ਫਿਰ ਵੀ ਚੌਵੀ ਘੰਟੇ
ਜਗਦਾ ਬੁਝਦਾ ਜਗਦਾ ਰਹਿੰਦਾਂ।
ਬਣ ਕੇ ਨੂਰ ਸਗਲ ਬ੍ਰਹਿਮੰਡ ਤੇ,
ਕਿਹਨਾਂ ਬਣ ਕੇ ਵਗਦਾ ਰਹਿੰਦਾਂ।
ਮੈਂ ਤਾਂ ਭਾਈ ਏਦਾਂ ਕਰਦਾਂ।
ਫੁੱਲਾਂ ਵਿੱਚ ਰੰਗ, ਮਹਿਕਾਂ ਭਰਦਾਂ।
ਫ਼ਲਾਂ ਦੇ ਅੰਦਰ ਰੰਗ ਬਰੰਗੇ,
ਵੰਨ ਸੁਵੰਨੇ ਰਸ ਰੰਗ ਭਰਦਾਂ।

ਫ਼ਸਲਾਂ ਅੰਦਰ ਦੋਧੇ ਦਾਣੇ।
ਪੱਕਣ ਤੇ ਕੁੱਲ ਆਲਮ ਖਾਣੇ।
ਕੌੜੇ ਤੁੰਮੇ,
ਜ਼ਹਿਰ ਬੂਟੀਆਂ ਵੀ ਮੈਂ ਪਾਲਾਂ।
ਬਿਰਖ਼ ਬਰੂਟੇ
ਨਿੱਕਿਉਂ ਵੱਡੇ ਮੈਂ ਹੀ ਕਰਦਾਂ।
ਪੱਤਿਆਂ ਵਿੱਚ ਮੈਂ ਹੀ ਰੰਗ ਭਰਦਾਂ।
ਧਰਤੀ- ਮਾਤ ਤੁਹਾਡੀ,
ਮੇਰੀ ਪੱਕੀ ਸਾਥਣ।
ਸ਼ਾਮ ਸਵੇਰੇ, ਸਿਖਰ ਦੁਪਹਿਰੇ,
ਉੱਗਣ ਆਥਣ।
ਸਰਦ ਸਿਆਲੇ ਨਿੱਘ ਬਣ ਜਾਨਾਂ।
ਜੇਠ ਹਾੜ ਵਿੱਚ ਫ਼ਸਲ ਪਕਾਉਨਾਂ
ਅੰਬੀਂ ਕੋਇਲ ਜਦੋਂ ਵੀ ਗਾਵੇ।
ਮੈਂ ਅੰਬਾਂ ਵਿੱਚ ਰਸ ਬਣ ਜਾਨਾਂ।
ਪੁੱਤਰ ਧੀਆਂ, ਸਭ ਜੀਆਂ ਨੂੰ,
ਜੇਕਰ ਧਰਤੀ ਸਾਥ ਨਾ ਦੇਵੇ
ਨਾ ਹਿੱਕੜੀ ਵਿੱਚ ਸਾਂਭੇ ਦਾਣੇ।
ਬੀਜੋਂ ਕਿਵੇਂ ਬਣਨਗੇ ਦਾਣੇ।

ਅਸੀਂ ਤੁਸੀਂ ਸਭ ਰਲ਼ ਮਿਲ਼ ਰਹੀਏ।
ਸਭ ਦੀ ਸੁਣੀਏ ਸਭ ਨੂੰ ਕਹੀਏ।
ਧਰਤੀ ਉੱਪਰ ਮਾਰ ਲਕੀਰਾਂ,
ਵਤਨ ਬਣਾ ਕੇ ,
ਜਿੱਥੇ ਚਾਹੇ ਮਰਜ਼ੀ ਰਹੀਏ।
ਖੁਰਲੀ ਬੱਧੇ ਡੰਗਰਾਂ ਵਾਂਗੂੰ,
ਆਪਸ ਦੇ ਵਿੱਚ ਸਿੰਗ ਫਸਾ ਕੇ,
ਆਪਣੀ ਹਉਮੈ,
ਬਾਹੂ ਬਲ ਨੂੰ ਪਰਖਣ ਖ਼ਾਤਰ
ਨਿਰਬਲ ਨਾਲ ਕਦੇ ਨਾ ਖਹੀਏ।
ਹਲ਼ ਮਿਲ਼ ਤੁਰੀਏ, ਰਲ਼ ਮਿਲ਼ ਬਹੀਏ।

## ਠੰਡ : ਚਾਰ ਦ੍ਰਿਸ਼

ਠੰਡ ਦੀਆਂ ਗੱਲਾਂ ਕਰਦਿਆਂ
ਹੋ ਜਾਂਦੀਆਂ ਹੋਰ ਕਈ ਗੱਲਾਂ
ਪਾਰਕਾਂ 'ਚ ਪਸਰੀਆਂ
ਬਿਰਧ ਦੇਹਾਂ
ਹੌਲੀ-ਹੌਲੀ ਰੁਖ਼ਸਤ ਹੁੰਦੀਆਂ
ਜਦ ਆਖਰੀ ਉਮਰ ਵਿਦਾ ਹੁੰਦੀ
ਖ਼ਾਲੀ ਬੈਂਚਾਂ 'ਤੇ ਪੱਸਰੀ ਠੰਡ
ਠੰਡੇ ਪਲਸੇਟੇ ਮਾਰਦੀ
ਠਰੀਆਂ ਉਮਰਾਂ ਨੂੰ
ਨਿੱਘੇ ਘਰ ਉਡੀਕਦੇ
2. ਠੰਡ ਵੱਧ ਗਈ ਹੈ
ਬਾਲ ਹੁਣ ਨਹੀਂ ਆਉਂਦੇ ਪਾਰਕਾ 'ਚ
ਠੰਡ ਹੋਰ ਵਧੇਗੀ
ਨਹੀਂ ਆਉਣਗੇ ਬਿਰਧ ਬਾਲ ਵੀ
ਘਰਾਂ ਅੰਦਰ ਕੈਦ
ਆਪਣੇ ਵਤਨ ਨੂੰ ਯਾਦ ਕਰਨਗੇ
3. ਸੰਘਣੀ ਧੁੰਦ ਤੇ
ਬਰਫ ਦੇ ਅੰਬਾਰ
ਸਭ ਕੁਝ ਰੁਕ ਗਿਆ ਹੈ
ਪਰ ਜ਼ੰਗ ਨਹੀਂ
4. ਜੈਕਟਾਂ ਨਾਲ ਢੱਕਿਆ
ਸਵੇਰੇ ਸੈਰ ਨੂੰ ਨਿਕਲਦਾ
ਰੋਜ ਮਿਲਦੀਆਂ ਚਿੜੀਆਂ
ਚੋਗ ਚੁਗਦੀਆਂ
ਸਤਰਕ ਰਹਿੰਦੀਆਂ
ਭੋਰਾ ਵਿਸਾਹ ਨਾ ਖਾਦੀਆਂ
ਮਨੁੱਖ ਨੂੰ ਵੇਖ
ਝੱਟ ਉੱਡ ਜਾਂਦੀਆਂ
ਸ਼ਰਮਸਾਰ ਹੋਇਆ
ਮੈਂ ਸੈਰ ਤੋਂ ਪਰਤਦਾ
ਧਰਤੀ 'ਚ ਗਰਕਦਾ

ਮਲਵਿੰਦਰ ਸਿੰਘ 3659947644

# ਰੁਮਾਲ ਦੀ ਨਿਸ਼ਾਨੀ ਦੇ ਗਿਆ...

## ਪੰਜਾਬੀ ਗੀਤਾਂ ਵਿੱਚ ਪ੍ਰੇਮ ਅਤੇ ਵਿਛੋੜੇ ਦੀ ਕਹਾਣੀ ਬਿਆਂ ਕਰਦਾ, ਰੁਮਾਲ





ਪੰਜਾਬੀ ਗੀਤਾਂ ਨੇ ਹਮੇਸ਼ਾਂ ਹੀ ਲੋਕਧਾਰਾ, ਪਰੰਪਰਾ ਅਤੇ ਸੱਭਿਆਚਾਰ ਨੂੰ ਆਪਣੀ ਸੁਰੀਲੀ ਧੁਨ 'ਚ ਪੇਸ਼ ਕੀਤਾ ਹੈ। ਇਹ ਗੀਤ ਸਾਡੀ ਮਿੱਟੀ ਦੀ ਖੁਸ਼ਬੂ, ਜਜਬਾਤਾਂ ਦਾ ਅਹਿਸਾਸ ਅਤੇ ਰਿਸ਼ਤਿਆਂ ਦੀ ਗਹਿਰਾਈ ਨੂੰ ਬਿਆਨ ਕਰਦੇ ਆਏ ਹਨ। ਇਨ੍ਹਾਂ ਵਿੱਚ ਰੁਮਾਲ ਇੱਕ ਖਾਸ ਪ੍ਰਤੀਕ ਦੇ ਰੂਪ ਵਿੱਚ ਸਾਂਝੀ ਰੂਹਾਨੀਅਤ ਅਤੇ ਪਿਆਰ ਨੂੰ ਦਰਸਾਉਂਦਾ ਹੈ। ਪ੍ਰੇਮ ਤੋਂ ਲੈਕੇ ਗਹਿਰੇ ਵਿਛੋੜੇ ਤੱਕ, ਪੰਜਾਬੀ ਗੀਤਾਂ ਵਿੱਚ ਰੁਮਾਲ ਦੀ ਕਹਾਣੀ ਕਈ ਰੰਗਾਂ ਵਿੱਚ ਸਾਨੂੰ ਸੁਣਨ ਨੂੰ ਮਿਲਦੀ ਹੈ।

ਦੂਰਦਰਸ਼ਨ ਦੇ ਸੁਨਹਿਰੀ ਦਿਨਾਂ 'ਚ ਗਾਇਕਾ ਰੰਜਨਾ ਭੱਟੀ ਦਾ ਗਇਆ "ਦਿਲ ਲੈ ਗਿਆ ਨੀ ਕੋਈ ਦਿਲ ਲੈ ਗਿਆ, ਸੋਹਣਾ ਸਾਵਲ ਬਲੋਚ ਡਾਚੀ ਵਾਲਾ ਰੁਮਾਲ ਦੀ ਨਿਸ਼ਾਨੀ ਦੇ ਗਿਆ" ਵਰਗੇ ਗੀਤ ਸੁਣਨ ਵਾਲਿਆਂ ਦੇ ਦਿਲਾਂ 'ਚ ਵੱਖਰਾ ਹੀ ਪਿਆਰ ਜਗਾਉਂਦੇ ਸਨ। ਇਸ ਗੀਤ ਵਿੱਚ ਰੁਮਾਲ ਨੂੰ ਪ੍ਰੇਮ ਦੀ ਇੱਕ ਅਮੁੱਲੀ ਨਿਸ਼ਾਨੀ ਦੇ ਰੂਪ ਵਿੱਚ ਦਰਸਾਇਆ ਗਿਆ ਹੈ। ਪਿਆਰ ਦੀ ਸ਼ੁਰੂਆਤ ਅਤੇ ਉਸ ਦੀ ਮਿੱਠੀ ਯਾਦ ਦੀ ਇਹ ਪੇਸ਼ਕਸ਼ ਰੁਮਾਲ ਦੇ ਮਹੱਤਵ ਨੂੰ ਉਜਾਗਰ ਕਰਦੀ ਹੈ।

ਗੁਲਸ਼ਨ ਕੋਮਲ ਦੇ ਮਸ਼ਹੂਰ ਗੀਤ "ਕੱਢਣਾ ਰੁਮਾਲ ਦੇ ਗਿਓਂ, ਆਪ ਬਹਿ ਗਿਓਂ ਵਲੈਤ ਵਿਚ ਜਾਕੇ" ਵਿੱਚ ਰੁਮਾਲ ਪਿਆਰ ਦੇ ਅਹਿਸਾਸਾਂ ਅਤੇ ਵਿਛੋੜੇ ਦੀ ਕਹਾਣੀ ਨੂੰ ਬਿਆਨ ਕਰਦਾ ਹੈ। ਇਹ ਗੀਤ ਵਿਦੇਸ਼ਾਂ ਵਿੱਚ ਜਾ ਬੈਠੇ ਪਿਆਰਿਆਂ ਦੀ ਯਾਦ ਦਿਲਾਉਂਦਾ ਹੈ, ਜਿਥੇ ਰੁਮਾਲ ਪਿਆਰ ਦੀ ਨਿਸ਼ਾਨੀ ਬਣਦਾ ਹੈ ਉੱਥੇ ਹੀ ਰੁਮਾਲ ਪਿੰਡ ਤੋਂ ਪਰਦੇਸ ਤੱਕ ਦਿਲਾਂ ਦੀਆਂ ਦੂਰੀਆਂ ਨੂੰ ਪੂਰਾ ਕਰਨ ਦਾ ਇੱਕ ਜਰੀਆ ਵੀ ਬਣਦਾ ਹੈ।

ਪੰਜਾਬੀ ਫਿਲਮਾਂ ਵਿੱਚ ਵੀ ਰੁਮਾਲ ਦਾ ਜ਼ਿਕਰ ਕਈ ਰੰਗਾਂ ਵਿੱਚ ਕੀਤਾ ਗਿਆ ਹੈ। ਫਿਲਮ ਸਰਦਾਰ ਜੀ 2 ਦਾ ਦਲਜੀਤ ਦੁਸਾਂਝ ਵੱਲੋਂ ਗਾਇਆ ਗੀਤ "ਗੱਭਰੂ ਦਾ ਚੈਨ ਗਿਆ, ਫਿਰੇ ਰੇਸ਼ਮੀ ਰੁਮਾਲ ਤੇਰਾ ਚੁੰਮਦਾ" ਇੱਕ ਦਿਲਕਸ਼ ਉਦਾਹਰਣ ਹੈ। ਇਸ ਗੀਤ ਵਿੱਚ ਰੁਮਾਲ ਨੂੰ ਪਿਆਰ ਦੇ ਨਾਲ-ਨਾਲ ਚਾਹਤ ਦੇ ਰੂਪ ਵਜੋਂ ਵੀ ਪੇਸ਼ ਕੀਤਾ ਗਿਆ ਹੈ। ਗੱਭਰੂ ਦੀਆਂ ਬੇਕਰਾਰ ਅੱਖਾਂ ਅਤੇ ਉਸ ਦੇ ਦਿਲ ਦੀ ਹਾਲਤ ਨੂੰ ਰੁਮਾਲ ਜ਼ਰੀਏ ਬਿਆਨ ਕੀਤਾ ਗਿਆ ਹੈ।

ਰੁਮਾਲ ਪੰਜਾਬੀ ਲੋਕਧਾਰਾ ਵਿੱਚ ਸਿਰਫ਼ ਕਪੜੇ ਦਾ ਟੁਕੜਾ ਹੀ ਨਹੀਂ ਹੈ। ਇਹ ਪ੍ਰੇਮ ਅਤੇ ਯਾਦਾਂ ਦਾ ਪ੍ਰਤੀਕ ਵੀ ਹੈ। ਕਈ ਵਾਰ ਇਹ ਮਿੱਤਰਤਾ ਦੀ ਪੇਸ਼ਕਾਰੀ ਵਜੋਂ ਵੀ ਵਰਤਿਆ ਜਾਂਦਾ ਹੈ, ਤਾਂ ਕਈ ਵਾਰ ਇਹ ਵਿਛੋੜੇ ਦਾ ਦਰਦ ਬਿਆਨ ਕਰਦਾ ਹੈ। ਪੰਜਾਬੀ ਲੋਕ ਗੀਤਾਂ ਵਿੱਚ ਰੁਮਾਲ ਦਾ ਵਰਤਾਵ ਸਾਨੂੰ ਸਮਾਜ ਦੇ ਸੰਗੀਤਮਈ ਚਿੱਤਰ ਨੂੰ ਸਮਝਣ ਦਾ ਮੌਕਾ ਦਿੰਦਾ ਹੈ। ਜਿਵੇਂ ਰੰਜਨਾ ਭੱਟੀ ਦਾ ਗੀਤ ਪਿਆਰ ਦੀ ਨਿਸ਼ਾਨੀ ਦਰਸਾਉਂਦਾ ਹੈ, ਗੁਲਸ਼ਨ ਕੋਮਲ ਦਾ ਗੀਤ ਵਿਛੋੜੇ ਦੇ ਅਹਿਸਾਸ ਨੂੰ ਯਾਦ ਕਰਾਉਂਦਾ ਹੈ।ਇਸੇ ਤਰ੍ਹਾਂ ਦਲਜੀਤ ਦੁਸਾਂਝ ਦਾ ਗੀਤ ਪਿਆਰ ਦੀ ਮਿਠਾਸ ਨੂੰ ਸਮਰਪਿਤ ਹੈ। ਇਸ ਤੋਂ ਇਲਾਵਾ ਸਾਡੇ ਸੱਭਿਆਚਾਰ 'ਚ ਬਹੁਤ ਸਾਰੇ ਨਵੇਂ-ਪੁਰਾਣੇ ਗੀਤ, ਟੱਪੇ ਅਤੇ ਲੋਕ ਬੋਲੀਆਂ ਰੁਮਾਲ ਨੂੰ ਲੰਬੇ ਸਮੇਂ ਤੋ ਹੀ ਅਲੱਗ-ਅਲੱਗ ਰੰਗਾਂ 'ਚ ਪੇਸ਼ ਕਰ ਰਹੀਆਂ ਹਨ।

ਹਾਲਾਂਕਿ ਰੁਮਾਲ ਪੰਜਾਬੀ ਗੀਤਾਂ 'ਚ ਇੱਕ ਮਾਮੂਲੀ ਜਹੀ ਨਿਸ਼ਾਨੀ ਲੱਗ ਸਕਦਾ ਹੈ, ਪਰ ਇਸ ਦੀ ਗਹਿਰਾਈ ਅਤੇ ਅਹਿਸਾਸਾਂ ਨੂੰ ਵੇਖਣਾ ਕਾਬਲੇ-ਤਾਰੀਫ਼ ਹੈ। ਇਹ ਗੀਤ ਸਿਰਫ਼ ਮਨੋਰੰਜਨ ਨਹੀਂ, ਸਗੋਂ ਸੱਭਿਆਚਾਰ ਦੀ ਵਿਰਾਸਤ ਹਨ। ਪੰਜਾਬੀ ਸੰਗੀਤ ਰੁਮਾਲ ਦੀ ਕਹਾਣੀ ਨੂੰ ਕਈ ਰੰਗਾਂ ਵਿੱਚ ਪੇਸ਼ ਕਰਦਾ ਹੈ।

ਰੁਮਾਲ, ਪੰਜਾਬੀ ਗੀਤਾਂ ਦੇ ਇਸ ਰੰਗੀਲੇ ਜਹਾਨ ਵਿੱਚ, ਸਿਰਫ਼ ਸਜਾਵਟ ਨਹੀਂ, ਸਗੋਂ ਸਮਾਜਿਕ ਅਤੇ ਸੱਭਿਆਚਾਰਕ ਨਿਸ਼ਾਨੀ ਬਣ ਜਾਂਦਾ ਹੈ। ਅੱਜ ਦੇ ਸਮੇਂ ਵਿੱਚ ਵੀ ਇਹ ਗੀਤ ਸਾਨੂੰ ਪੁਰਾਣੇ ਦਿਨਾਂ ਦੀ ਯਾਦ ਦਿਵਾਉਂਦੇ ਹਨ, ਜਿਥੇ ਰੁਮਾਲ ਪਿਆਰ, ਮਿੱਤਰਤਾ ਅਤੇ ਯਾਦਾਂ ਦੀ ਇੱਕ ਅਮਿੱਟ ਮਿੱਠੀ ਛਾਪ ਛੱਡ ਜਾਂਦਾ ਹੈ।



ਬਲਦੇਵ ਸਿੰਘ ਬੇਦੀ
ਜਲੰਧਰ, 90419-25181

## ਦੋਸਤੋ ਰੁਕੋ !!

# ਪਹਿਲਾ ਸਮਝ ਤਾਂ ਲਉ, ਕੀ ਹੈ ਲੋਹੜੀ ਦਾ ਤਿਉਹਾਰ?

ਪੰਜਾਬੀ ਸੱਭਿਆਚਾਰ ਵਿੱਚ ਲੋਹੜੀ ਦਾ ਤਿਉਹਾਰ ਹਰ ਸਾਲ ਮਕਰ ਸੰਕ੍ਰਾਂਤੀ ਤੋਂ ਇਕ ਦਿਨ ਪਹਿਲਾਂ ਬੜੀ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ।

ਲੋਹੜੀ ਉੱਤਰੀ ਭਾਰਤ, ਖਾਸ ਕਰਕੇ ਪੰਜਾਬ ਦਾ ਪ੍ਰਸਿੱਧ ਸਮਾਜਿਕ ਤਿਉਹਾਰ ਹੈ। ਇਹ ਸਰਦੀਆਂ ਦੇ ਅੰਤ ਅਤੇ ਹਾੜੀ ਦੀਆਂ ਫਸਲਾਂ ਦੇ ਪ੍ਰਫੁੱਲਤ ਹੋਣ ਦਾ ਤਿਉਹਾਰ ਹੈ।

ਪੰਜਾਬੀਆ ਵਿੱਚ ਲੋਹੜੀ ਦਾ ਇਤਿਹਾਸ ਦੁੱਲਾ ਭੱਟੀ ਦੀ ਦੰਦ-ਕਥਾ ਦੀ ਕਹਾਣੀ ਨਾਲ ਵੀ ਜੁੜਿਆ ਹੋਇਆ ਹੈ। ਕਿਹਾ ਜਾਂਦਾ ਹੈ ਕਿ ਦੁੱਲਾ ਭੱਟੀ ਨੂੰ ਅਕਬਰ ਦੀ ਸਰਕਾਰ ਵੱਲੋਂ ਬਾਗ਼ੀ ਐਲਾਨਿਆ ਹੋਇਆ ਸੀ, ਕਿਉ ਕਿ ਦੁੱਲਾ ਭੱਟੀ ਅਮੀਰ ਲੋਕਾਂ ਦਾ ਮਾਲ ਲੁੱਟ ਕੇ ਗਰੀਬ ਲੋਕਾਂ ਵਿੱਚ ਵੰਡ ਦਿੰਦਾ ਸੀ। ਉਸ ਇਲਾਕੇ ਦੇ ਗਰੀਬ ਲੋਕ ਉਸ ਨੂੰ ਅਪਣਾ ਮਸੀਹਾ ਮੰਨਦੇ ਸਨ ਅਤੇ ਉਸ ਦੀ ਦਰਿਆ-ਦਿਲੀ ਦੇ ਕਾਇਲ ਸਨ। ਇਸ ਕਰ ਕੇ ਲੋਕ ਉਸ ਦਾ ਆਦਰ-ਸਤਿਕਾਰ ਅਤੇ ਉਸ ਨੂੰ ਪਿਆਰ ਕਰਦੇ ਸਨ। ਮੁਸੀਬਤ ਵਿੱਚ ਉਸ ਕੋਲ ਅਪਣੀ ਫਰਿਆਦ ਲੈ ਕੇ ਜਾਂਦੇ ਸਨ।

ਕਹਿੰਦੇ ਹਨ ਕਿ ਇੱਕ ਬਾਰ ਦੀ ਗੱਲ ਹੈ ਕਿ ਇਕ ਪਿੰਡ ਵਿਚ ਇਕ ਗਰੀਬ ਦੀਆਂ ਦੋ ਜਵਾਨ ਅਤੇ ਬੜੀਆਂ ਸੋਹਣੀਆਂ-ਸੁਨੱਖੀਆਂ ਧੀਆਂ, ਜਿਹਨਾ ਦੇ ਨਾਮ ਸੁੰਦਰੀ ਅਤੇ ਮੁੰਦਰੀ ਸਨ। ਇਹ ਦੋਨੋ ਲੜਕੀਆਂ ਵਰ ਪ੍ਰਾਪਤੀ ਯੋਗ ਸਨ। ਉਹਨਾ ਦੀ ਕੁੜਮਾਈ ਕੀਤੀ ਹੋਈ ਸੀ, ਪਰ ਗਰੀਬੀ ਕਾਰਨ ਉਹਨਾ ਦੇ ਵਿਆਹ ਵਿੱਚ ਦੇਰੀ ਹੋ ਰਹੀ ਸੀ। ਉਸ ਇਲਾਕੇ ਦੇ ਨਬਾਬ ਨੂੰ ਕੁੜੀਆਂ ਦੇ ਹੁਸਨ ਦਾ ਪਤਾ ਲੱਗ ਗਿਆ ਤਾਂ ਉਸ ਨੇ ਇਨ੍ਹਾਂ ਦੋਨਾ ਲੜਕੀਆਂ ਨੂੰ ਜ਼ੋਰੀਂ ਚੁੱਕ ਕੇ ਆਪਣੀਆਂ ਬੇਗਮਾਂ ਬਣਾਉਣ ਦੀ ਧਾਰ ਲਈ। ਇਸ ਦੀ ਭਿਣਕ ਧੀਆ ਦੇ ਬਾਪ ਨੂੰ ਪੈ ਗਈ। ਇਸ ਲਈ ਉਸਨੇ ਕੁੜੀਆਂ ਦਾ ਜੱਲਦੀ ਵਿਆਹ ਕਰਨ ਲਈ ਜੰਗਲ ਵਿੱਚ ਦੁੱਲੇ ਭੱਟੀ ਕੋਲ ਫਰਿਆਦ ਕੀਤੀ। ਦੁੱਲੇ ਭੱਟੀ ਨੇ ਵਿਆਹ ਦੀ ਜ਼ੁੰਮੇਵਾਰੀ ਲੈ ਲਈ ਅਤੇ ਲੋਹੜੀ ਵਾਲੀ ਰਾਤ ਦੋਨੋ ਲੜਕੀਆਂ ਦੇ ਵਿਆਹ ਲਈ ਸਮਾਂ ਨਿਯਤ ਕਰ ਦਿੱਤਾ।

ਕਿਉਂਕਿ ਕੁੜੀਆਂ ਦੇ ਸਹੁਰੇ ਹਾਕਮਾਂ ਦੇ ਕਹਿਰ ਤੋਂ ਡਰਦੇ ਸਨ , ਇਸ ਕਰਕੇ ਪਿੰਡ ਤੋਂ ਬਾਹਰ ਜੰਗਲ ਵਿੱਚ ਦੁੱਲੇ ਭੱਟੀ ਦੇ ਅੱਡੇ ਉੱਪਰ ਵਿਆਹ ਰਚਾਉਣ ਦਾ ਪ੍ਰਬੰਧ ਕੀਤਾ ਗਿਆ। ਰੌਸ਼ਨੀ ਲਈ ਲੱਕੜਾ ਇਕੱਠੀਆਂ ਕਰ ਕੇ ਅੱਗ ਬਾਲੀ ਗਈ, ਹਵਨ ਸਮੱਗਰੀ ਵਾਸਤੇ ਜੋ ਵੀ ਉਸ ਸਮੇ ਉਪਲਭਧ ਹੋ ਸਕਿਆ- ਤਿੱਲ, ਗੁੜ, ਮੂੰਗਫਲੀ ਆਦਿਕ ਉਹ ਵਰਤਿਆ ਗਿਆ ਅਤੇ ਅਗਨੀ ਨੂੰ ਸ਼ਾਖਸ਼ੀ ਮੰਨ ਕੇ ਲਾਵਾ ਕਰਵਾਈਆ ਗਈਆ।

ਪੰਜਾਬੀਆ ਦੇ ਸੁਭਾਅ ਵਿੱਚ ਗਾਉਣਾ ਅਤੇ ਨੱਚਣਾ ਜਸ਼ਨਾਂ ਦਾ ਇੱਕ ਮਹੱਤਵ - ਪੂਰਨ ਹਿੱਸਾ ਮੰਨਿਆ ਹੈ। ਖੁਸ਼ੀਆ-ਵਿਆਹ ਵਾਲੇ ਮੌਕੇ ਲੋਕ ਨਵੇਂ ਕੱਪੜੇ ਪਹਿਨ ਕ` ਦੋਨੋ ਹੀ ਦੇ ਪਲਿਆਂ ਕ` ਦੀਅ ਲੜਕੀਆਂ ਵਿੱਚ ਪਾ ਉਹਨਾਂ ਡੋਲੀਆਂ



ਆਉਂਦੇ ਹਨ। ਇਸ ਤਰਾ ਹੀ ਸੁੰਦਰੀ ਅਤੇ ਮੁੰਦਰੀ ਦੇ ਵਿਆਹ ਵਿੱਚ ਗੀਤ ਗਾਏ, ਭੰਗੜਾ ਅਤੇ ਗਿੱਧਾ ਪਾਇਆ।

ਦੁੱਲੇ ਭੱਟੀ ਨੇ ਵਿਆਹ ਵਿੱਚ ਆਏ ਮਹਿਮਾਨਾਂ ਨੂੰ ਸਰਸੋਂ ਦਾ ਸਾਗ ਅਤੇ ਮੱਕੀ ਦੀ ਰੋਟੀ, ਗੰਨੇ ਦੇ ਰਸ ਵਿੱਚ ਚਾਵਲ ਦੀ ਖੀਰ ਬਣਾ ਕੇ ਖਾਣੇ ਵਿੱਚ ਪਰੋਸੇ। ਇਸ ਕਰਕੇ ਉਸ ਸਮੇ ਵਿੱਚ ਗਰੀਬੀ ਦਾਵੇ ਦੀਆਂ ਰਸਮਾਂ ਅੱਜ ਫੈਸ਼ਨ ਬਣ ਗਿਆ ਹੈ।

ਇਸ ਕਰਕੇ ਹੀ ਤਿੱਲ, ਮੂੰਗਫਲੀ,ਗੁੜ ਵਗੈਰਾ ਅੱਜ ਵੀ ਲੋਹੜੀ ਵਾਲੀ ਰਾਤ ਲੱਕੜਾਂ ਦੀ ਬੱਲਦੀ ਅੱਗ ਵਿੱਚ ਸੁੱਟੇ ਜਾਂਦੇ ਹਨ। ਅਤੇ ਗੀਤ ਗਾਇਆ ਜਾਂਦਾ ਹੈ:-

ਸੁੰਦਰ - ਮੁੰਦਰੀਏ .........ਹੋ।
ਤੇਰਾ ਕੌਣ ਬਿਚਾਰਾ .........ਹੋ।
ਦੁੱਲਾ ਭੱਟੀ ਵਾਲਾ .........ਹੋ।
ਦੁੱਲੇ ਨੇ ਧੀ ਵਿਆਹੀ......ਹੋ।
ਸੇਰ ਸ਼ੱਕਰ ਪਾਈ........ਹੋ।
ਕੁੜੀ ਦਾ ਲਾਲ ਪਟਾਖਾ ..ਹੋ।
ਕੁੜੀ ਦਾ ਸਾਲੂ ਪਾਟਾ .....ਹੋ।
ਸਾਲੂ ਕੌਣ ਸਮੇਟੇ ..........ਹੋ।

ਕਿਉ ਕਿ ਵਿਆਹ ਜੰਗਲ ਵਿੱਚ ਹੋਇਆ ਸੀ ਇਸ ਕਰਕੇ ਦੋਨੋ ਹੀ ਲੜਕੀਆਂ ਨੂੰ ਸ਼ਗਨ ਦੇਣ ਲਈ ਮਿਠਿਆਈਆਂ ਵਗੈਰਾ ਨਹੀਂ ਸਨ। ਪਰ ਦੁੱਲੇ ਨੇ ਇਕ ਇਕ ਸ਼ੇਰ -ਸ਼ੱਕਰ ਅਪਣੇ ਡੇਰੇ ਤੋ ਰੁਕਸਤ ਕੀਤੀਆ। ਗ਼ਰੀਬ ਪਰਿਵਾਰ ਨੇ ਦੁੱਲੇ ਭੱਟੀ ਦਾ ਲੱਖ-ਲੱਖ ਧੰਨਵਾਦ ਕੀਤਾ।

ਲੋਹੜੀ ਦਾ ਤਿਉਹਾਰ ਹਰ ਸਾਲ ਪੋਹ ਮਹੀਨੇ ਦੀ ਆਖ਼ਰੀ ਰਾਤ ਨੂੰ ਅਤੇ ਮਘਰ ਦੀ ਸੰਗਰਾਂਦ ਨੂੰ ਮਨਾਇਆ ਜਾਂਦਾ ਹੈ।

ਕਈ ਲੋਕਾਂ ਨੂੰ ਅਸੀ ਕਹਿੰਦਿਆਂ ਸੁਣਦੇ ਹਾਂ:-
"ਪੋਹ ਰਿੱਧੀ - ਮਾਘ ਖਾਦੀ "

ਇਹ ਮੰਨਿਆਂ ਜਾਂਦਾ ਹੈ ਕਿ ਇਹ ਦਿਨ ਮੌਸਮ ਦੀ ਤਬਦੀਲੀ ਦਾ ਪਹਿਲਾ ਦਿਨ ਹੁੰਦਾ ਹੈ । ਪੋਹ ਮਹੀਨੇ ਦੇ ਆਖਰੀ ਦਿਨ ਲੋਹੜੀ ਹੁੰਦੀ ਹੈ ਅਤੇ ਉਸਤੋਂ ਦੂਸਰਾ ਦਿਨ ਮਾਘ ਮਹੀਨੇ ਦੀ ਸੰਗਰਾਂਦ ਹੁੰਦੀ ਹੈ । ਇਸ ਦਿਨ ਸੂਰਜ ਮਕਰ ਰਾਸ਼ੀ ਵਿੱਚ ਪ੍ਰਵੇਸ਼ ਕਰਦਾ ਹੈ।

ਹਰ ਇੱਕ ਰੀਤੀ-ਰਿਵਾਜ, ਪ੍ਰਮਪਰਾ, ਤਿਉਹਾਰ ਜਾਂ ਸਮਾਗਮ ਦੀ ਹਕੀਕਤ ਅਤੇ ਸਹੀ ਅਰਥਾਂ ਨੂੰ ਸਮਝ ਕੇ ਮਨਾਉਣ ਦੀ ਲੋੜ ਹੈ, ਪਰ ਅਸੀ ਅਕਸਰ ਲਕੀਰ ਦੇ ਫ਼ਕੀਰ ਬਣ ਕੇ ਭੇਡ ਚਾਲ ਦੇ ਸ਼ਿਕਾਰ ਹੋ ਜਾਂਦੇ ਹਾਂ, ਜਿਸ ਕਰਕੇ ਹੀ ਸ਼ੈਤਾਨੀ ਦਿਮਾਗ਼ ਅਤੇ ਵਿਉਪਾਰੀ ਲੋਕ ਸਾਡੀਆਂ ਸਮਾਜਿਕ, ਧਾਰਮਿਕ , ਆਰਥਿਕ ਅਤੇ ਰਾਜਨੀਤੀ ਭਾਵਨਾਵਾ ਦਾ ਸ਼ੋਸਨ ਅਤੇ ਵਿਉਪਾਰੀਕਰਨ ਕਰਕੇ ਸਾਡੀ ਹਰ ਪੱਖੋਂ ਲੁੱਟ ਕਰਦੇ ਹੀ ਰਹਿੰਦੇ ਹਨ।

ਲੋਹੜੀ ਵਾਲੇ ਦਿਨ ਚਾਹੀਦਾ ਤਾਂ ਇਹ ਹੈ ਕਿ ਅਸੀ ਉਹਨਾ ਗਰੀਬ ਮਾ-ਬਾਪ ਜਿਹਨਾ ਦੀਆਂ ਧੀਆਂ ਵਿਆਹ ਦੇ ਯੋਗ ਹਨ, ਪਰ ਗਰੀਬੀ ਕਰਕੇ ਉਹ ਮਜਬੂਰ ਹਨ ਵਿਆਹ ਨਹੀਂ ਕਰ ਸਕਦੇ। ਉਹਨਾ ਪਰਿਵਾਰਾਂ ਦੀ ਮਦਦ ਲਈ ਇਕੱਠ ਹੋ ਕੇ ਹੰਭਲਾ ਮਾਰੀਏ, ਤਾਂ ਜੋ ਉਹਨਾ ਧੀਆਂ ਦੇ ਵਿਆਹ ਹੋ ਸਕਣ।

ਦੂਸਰੀ ਗੱਲ ਜਿਸ ਸਮੱਗਰੀ ਨੂੰ ਅਸੀ ਲੋਹੜੀ ਵਾਲੀ ਰਾਤ ਅੱਗ ਵਿੱਚ ਜਾਲ ਕੇ ਨੁਕਸਾਨ ਕਰਦੇ ਹਾਂ, ਕਿਉ ਨਹੀ ਅਸੀ ਉਸ ਨੂੰ ਉਹਨਾ ਗਰੀਬਾ ਵਿਚ ਵੰਡੀਏ ਜਿਹਨਾ ਦੇ ਕੋਲ ਖਾਣ ਨੂੰ ਕੁਝ ਵੀ ਨਹੀਂ ਹੈ। ਇਸ ਤਰਾ ਕਰਨ ਨਾਲ ਉਹ ਅਤੇ ਉਹਨਾ ਦੇ ਭੁੱਖੇ ਬੱਚੇ ਸਾਨੂੰ ਦੁਆਵਾਂ ਦੇਣਗੇ ਅਤੇ ਪ੍ਰਮਾਤਮਾ ਸਾਡੇ ਉੱਪਰ ਖੁਸ਼ ਹੋ ਕੇ ਸਾਨੂੰ ਹਮੇਸ਼ਾ ਚੜਦੀ ਕਲਾ ਬਖਸੇਗਾ।

ਨਾਲੇ ਤੁਸੀ ਕਦੇ ਬੈਠ ਕੇ ਇਹ ਗੱਲ ਵਿਚਾਰੀ ਹੈ, ਕਿ ਗਰੀਬ ਘਰਾ ਦੀਆਂ ਲੜਕੀਆਂ ਹੀ ਕਿਉ ਲੋਹੜੀ ਮੰਗਦੀਆਂ ਹਨ , ਅਪਣੇ-ਆਪ ਨੂੰ ਉੱਚ ਜਾਤੀਆਂ ਦੇ ਅਖਬਾਉਣ ਵਾਲਿਆਂ ਦੀਆਂ ਲੜਕੀਆਂ ਲੋਹੜੀ ਕਿਉ ਨਹੀ ਮੰਗਦੀਆਂ ? ਇਸ ਦੇ ਹੋਰ ਵੀ ਬਹੁਤ ਸਾਰੇ ਕਾਰਨ ਹਨ ਪਰ ਉਹਨਾ ਵਿੱਚੋਂ ਇੱਕ ਇਹ ਵੀ ਹੈ ਕਿ ਔਰਤ ਦੀ ਹੀਨਤਾ-ਭਾਵਨਾ ਨੂੰ ਬੱਰਕਰਾਰ ਰੱਖਣਾ ਵੀ ਇਹਨਾ ਰਜਵਾੜਿਆਂ ਲਈ ਜ਼ਰੂਰੀ ਹੈ।

ਇਥੇ ਸਾਨੂੰ ਇਹ ਗੱਲ ਵੀ ਸਮਝ ਲੈਣੀ ਚਾਹੀਦੀ ਹੈ ਕਿ ਲੋਹੜੀ ਦੇ ਤਿਉਹਾਰ ਦਾ ਮੁੰਡਿਆ ਦੇ ਜਾਂ ਕੁੜੀਆਂ ਦੇ ਜਨਮ ਨਾਲ ਕੋਈ ਵੀ ਸੰਬੰਧ ਨਹੀਂ ਹੈ - ਇਹ ਔਰਤ ਜਾਤ ਅਣਖ ਦਾ ਸ਼ੋਸਨ ਹੈ।

ਨਵੇਂ ਵਿਆਹੇ ਜੋੜਿਆਂ ਨਾਲ ਵੀ ਲੋਹੜੀ ਦੇ ਤਿਉਹਾਰ ਦਾ ਕੋਈ ਲੈਣ-ਦੇਣ ਨਹੀਂ ਹੈ।

ਪੁਰਾਤਨ ਸਮੇਂ ਵਿੱਚ ਇੱਕ ਦੂਜੇ ਦੇ ਦੁੱਖ ਸੁੱਖ ਵਿੱਚ ਸ਼ਰੀਕ ਹੋ ਕੇ ਮੱਦਦ ਕਰਨਾ ਹੋਇਆ ਕਰਦਾ ਸੀ। ਜਿਸ ਵਿਚਾਰਧਾਰਾ ਨੂੰ ਅਸੀ ਉੱਕਾ ਹੀ ਛੱਡ ਕੇ ਦੁਜਿਆ ਦੀ ਇੱਜ਼ਤ ਉਛਾਲ ਕੇ ਮਜ਼ਾ ਲੈਣ ਦੇ ਆਦੀ ਹੋ ਗਏ ਹਾਂ।

ਹਾਲੇ ਵੀ ਸਮਾਂ ਹੈ ਸਮਝਣ ਦਾ, ਅਪਣੇ ਤਿਉਹਾਰਾ ਦੀ ਸਹੀ ਅਤੇ ਅਸਲ ਵਿਚਾਰਧਾਰਾ ਨੂੰ ਸਮਝ ਕੇ ਮਨਾਈਏ ਤਾਂ ਜੋ ਜਿਸ "ਬੇਗਮਪੁਰ" ਦੇ ਸਮਾਜ ਦੀ ਸਾਡੇ ਗੁਰੂਆਂ ਨੇ ਕਲਪਨਾ ਕੀਤੀ ਹੈ ਉਸ ਨੂੰ ਅਮਲੀ ਰੂਪ ਵਿੱਚ ਬਣਾ ਸਕੀਏ ਅਤੇ ਮਾਣ ਕਰ ਸਕੀਏ।



ਸੀ.ਐਸ.ਗੁਰੂ,
ਇੰਗਲੈਂਡ

## ਸਾਹਿਬਜ਼ਾਦਿਆਂ ਨੂੰ ਯਾਦ ਕਰਦਿਆਂ...

# ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ

ਲੇਖਕ – ਮਲਕੀਤ ਸਿੰਘ ਸਿੱਧੂ ਕੈਨੇਡਾ

ਇਹ ਤਾਂ ਸਾਨੂੰ ਸਭ ਨੂੰ ਪਤਾ ਹੈ ਕਿ ਸਰਹੰਦ ਦੀ ਗੜੀ ਚੋਂ ਨਿਕਲ ਕੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪਰਵਾਰ ਵਿਛੜ ਗਿਆ, ਜਿਸ ਨੂੰ ਪਰਵਾਰ ਵਿਛੋੜਾ ਕਿਹਾ ਜਾਂਦਾ ਹੈ। ਦੋ ਵੱਡੇ ਸਾਹਿਬਜ਼ਾਦੇ ਲੜਾਈ ਵਿੱਚ ਸ਼ਹੀਦ ਹੋ ਜਾਂਦੇ ਹਨ ਤੇ ਬਾਕੀ ਦਾ ਪਰਵਾਰ ਸਰਸਾ ਨਦੀ ਪਾਰ ਕਰਦਿਆਂ ਗੁਰੂ ਸਾਹਿਬ ਤੋਂ ਵਿੱਛੜ ਜਾਂਦਾ ਹੈ। ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦੇ ਆਪਣੇ ਬਹੁਤ ਹੀ ਭਰੋਸੇਯੋਗ ਨੌਕਰ ਨਾਲ ਉਹਦੇ ਘਰੇ ਚਲੇ ਗਏ। ਨੌਕਰ ਨੂੰ ਭਿਣਕ ਪਈ ਕੇ ਮਾਤਾ ਜੀ ਕੋਲ ਮੋਹਰਾਂ ਤੇ ਹੀਰਿਆਂ ਨਾਲ ਭਰੀ ਥੈਲੀ ਹੈ। ਨੌਕਰ ਨੇ ਸੋਚਿਆ ਵਫਾਦਾਰੀ ਜਾਵੇ ਚੁੱਲੇ ਵਿੱਚ, ਸੋਨੇ ਚਾਂਦੀ ਦੀ ਥੈਲੀ ਨੂੰ ਹਥਿਆਉਣ ਲਈ ਜਾ ਖ਼ਬਰ ਕੀਤੀ ਸਰਕਾਰੇ ਦਰਬਾਰੇ।

ਚੜ ਆਈ ਗਾਰਦ ਅਗਲੇ ਦਿਨ ਮਾਤਾ ਜੀ ਤੇ ਨਿੱਕੀਆਂ ਜਿੰਦਾਂ ਨੂੰ ਗ੍ਰਿਫਤਾਰ ਕਰਨ। ਗ੍ਰਿਫਤਾਰ ਕਰਕੇ ਉਹਨਾਂ ਨੂੰ ਸਰਹੰਦ ਲਿਆਂਦਾ ਗਿਆ, ਉਥੇ ਉਹਨਾਂ ਨੂੰ ਠੰਡੇ ਬੁਰਜ ਵਿੱਚ ਕੈਦ ਕੀਤਾ ਗਿਆ। ਅੱਠ ਪਹਿਰ ਦਾਦੀ ਪੋਤੇ ਭੁੱਖੇ ਤਿਹਾਏ ਰਹੇ। ਸਾਰੀ ਰਾਤ ਦਾਦੀ ਪੋਤਿਆਂ ਨੂੰ ਗੋਦੀ ਵਿੱਚ ਲੈ ਕੇ ਸੂਰਬੀਰ ਯੋਦਿਆਂ ਦੀਆਂ ਸਾਖੀਆਂ ਸੁਣਉਂਦੀ ਰਹੀ। ਕੋਈ ਜੁੱਲੀ ਬਿਸਤਰਾ ਨਹੀਂ ਸੀ, ਠੰਡਾ ਬੁਰਜ, ਪੋਹ ਦੀ ਸਰਦੀ, ਢਿੱਡੋਂ ਭੁੱਖੇ, ਸਿਰ ਤੇ ਮੌਤ ਦਾ ਭੈ, ਨੀਂਦ ਅੱਖਾਂ ਦੇ ਨੇੜ ਨਹੀਂ ਫੜਕੀ। ਅਗਲੇ ਦਿਨ ਕਚਾਹਿਰੀ ਲੱਗੀ, ਤਾਂ ਸਾਹਿਬਜ਼ਾਦਿਆਂ ਨੂੰ ਪੇਸ਼ ਕਰਨ ਦਾ ਹੁਕਮ ਹੋਇਆ।

ਸਰਹੰਦ ਦਾ ਸੂਬੇਦਾਰ ਵਜ਼ੀਰਾ ਖਾਂ ਕਚਾਹਿਰੀ ਵਿੱਚ ਸਜਿਆ ਧਜਿਆ ਬੈਠਾ ਸੀ। ਸਪਾਹੀਆਂ ਸਾਹਿਬਜ਼ਾਦਿਆਂ ਨੂੰ ਕਿਹਾ ਕਿ ਸੂਬੇਦਾਰ ਨੂੰ ਝੁਕ ਕੇ ਸਲਾਮ ਕਰੋ, ਨਹੀਂ ਤਾਂ ਅਣਆਈ ਮੌਤ ਮਾਰੇ ਜਾਵੋਗੇ। ਸਾਹਿਬਜ਼ਾਦਿਆਂ ਸਲਾਮ ਕਰਨ ਦੀ ਬਜਾਏ ਫਤਹਿ ਬੁਲਾਈ, ਸੁਣ ਕੇ ਸਾਰੇ ਦਰਬਾਰੀ ਦੰਗ ਰਹਿ ਗਏ ਅਤੇ ਸੂਬਾ ਸਰਹੰਦ ਅੱਧ ਮੋਏ ਸੱਪ ਵਾਂਗੂੰ ਵਿਉਹ ਘੋਲਣ ਲੱਗਾ। ਕੁੱਝ ਚਿਰ ਲਈ ਗੁੱਸੇ ਨੂੰ ਕਾਬੂ ਕਰਦਿਆਂ ਪਹਿਲਾਂ ਤਾਂ ਸਾਹਿਬਜ਼ਾਦਿਆਂ ਨੂੰ ਡਰਾਉਣ ਧਮਕਾਉਣ ਲੱਗਾ। ਇਹਨਾ ਗਿੱਦੜ ਧਮਕੀਆਂ ਦਾ ਕੋਈ ਅਸਰ ਨਾ ਹੁੰਦਾ ਦੇਖ ਕੇ ਵਜ਼ੀਰ ਖਾਂ ਨੇ ਪੈਂਤੜਾ ਬਦਲ ਲਿਆ। ਬੱਚਿਆਂ ਨੂੰ ਹਰ ਕਿਸਮ ਦੇ ਲਾਲਚ ਵਿਖਾਉਣ ਲੱਗਾ। ਜਗੀਰਾਂ ਨਵਾਬੀਆਂ, ਨਵਾਬਜ਼ਾਦੀਆਂ ਦੇ ਡੋਲੇ, ਅਣਡਿੱਠੇ ਬਹਿਸ਼ਤਾਂ ਦੇ ਲਾਰੇ ਲਾਉਣ ਲੱਗਾ, ਪਰ ਉਹ ਬੀਰ–ਬਾਲਕ ਕਿਸੇ ਝਾਂਸੇ ਵਿੱਚ ਨਾ ਆਏ। ਅੰਤ ਖਿਜ ਕੇ ਵਜ਼ੀਰ ਖਾਂ ਕਿਹਾ, "ਬੇ–ਸਮਝ ਬਾਲਕੋ, ਮੇਰੀ ਆਖਰੀ ਸ਼ਰਤ ਸੁਣ ਲਵੋ। ਜਾਂ ਇਸਲਾਮ ਪ੍ਰਵਾਨ ਕਰ ਲਵੋ, ਨਹੀਂ ਤਾ ਸਖ਼ਤ ਤਸੀਹੇ ਦੇ ਕੇ ਮਾਰੇ ਜਾਓਗੇ।"

"ਜਿੰਨੇ ਮਰਜ਼ੀ ਤਸੀਹੇ ਦੇ ਲਵੋ, ਅਸੀਂ ਇਸਲਾਮ ਕਬੂਲ ਨਹੀਂ ਕਰਾਂਗੇ," ਬੱਚਿਆਂ ਨੇ ਛਾਤੀ ਤਾਣ ਕੇ ਜਵਾਬ ਦਿੱਤਾ।

ਉਸ ਸਮੇਂ ਸ਼ੇਰ ਮੁਹੰਮਦ ਖਾਂ ਮਲੇਰ ਕੋਟਲੇ ਵਾਲੇ ਵੀ ਕਚਾਹਿਰੀ ਵਿੱਚ ਬੈਠੇ ਸਨ। ਵਜ਼ੀਰ ਖਾਂਨ ਨੇ ਸੰਬੋਦਨ ਕਰਕੇ ਕਿਹਾ, "ਖਾਨ ਸਾਹਿਬ, ਚਮਕੌਰ ਦੀ ਲੜਾਈ ਵਿੱਚ ਗੁਰੂ ਨੇ ਤੁਹਾਡੇ ਭਾਈ ਨਾਹਰ ਖਾਂ ਨੂੰ ਕਤਲ ਕੀਤਾ ਸੀ, ਅੱਜ ਤੁਸੀਂ ਇਹਨਾ ਨੂੰ ਕਤਲ ਕਰਕੇ ਭਰਾ ਦਾ ਬਦਲਾ ਲੈ ਲਵੋ।"

ਸ਼ੇਰ ਮੁਹੰਮਦ ਨੇ ਮਰਦਾਂ ਵਾਲੀ ਗੱਲ ਕਹੀ,"ਨਵਾਬ ਸਾਹਿਬ, ਮੇਰੇ ਭਰਾ ਭਤੀਜੇ ਜੰਗ ਦੇ ਮੈਦਾਨ ਵਿੱਚ ਲੜਦੇ ਹੋਏ ਮਾਰੇ ਗਏ ਸਨ। ਅੱਜ ਵੀ ਗੋਬਿੰਦ ਸਿੰਘ ਮੇਰੇ ਸਾਹਮਣੇ ਆ ਜਾਵੇ ਤਾਂ ਮੈਂ ਮਰਦਾਂ ਵਾਂਗ ਉਸ ਤੋਂ ਬਦਲਾ ਲਵਾਂਗਾ। ਪਰ ਇਹਨਾਂ ਮਾਸੂਮ ਬੱਚਿਆਂ ਨੂੰ ਇਹਨਾ ਦੇ ਪਿਤਾ ਦੀ ਕੀਤੀ ਬਦਲੇ ਸਜ਼ਾ ਨਹੀਂ ਦਿੱਤੀ ਜਾ ਸਕਦੀ, ਇਹ ਬੇਗੁਨਾਹ ਹਨ। ਇਸਲਾਮੀ ਸ਼ਰ੍ਹਾ ਵਿੱਚ ਮਾਸੂਮ ਅਤੇ ਬੇਗੁਨਾਹ ਬੱਚਿਆਂ ਨੂੰ ਮਾਰਨਾ ਪਾਪ ਹੈ।" ਇਹ ਕਹਿ ਕੇ ਸ਼ੇਰ ਮੁਹੰਮਦ ਕਚਾਹਿਰੀ ਵਿੱਚੋਂ ਉੱਠ ਕੇ ਚਲਾ ਗਿਆ।

ਭੈ ਤੇ ਲਾਲਚ ਵਾਲੀ ਕੋਈ ਵੀ ਸਕੀਮ ਦਾ ਬੱਚਿਆਂ ਉੱਪਰ ਕੋਈ ਅਸਰ ਨਾਂ ਹੁੰਦਾ ਵੇਖ ਕੇ ਵਜ਼ੀਰ ਖਾਂ ਨੇ ਹੁਕਮ ਦਿੱਤਾ ਕਿ ਇਹਨਾਂ ਨੂੰ ਕੰਧ ਵਿੱਚ ਚਿਣ ਕੇ ਮਾਰ ਦਿੱਤਾ ਜਾਵੇ। ਇਹ ਵਜ਼ੀਰ ਖਾਂ ਆਖ਼ਰੀ ਦਾਅ ਪੇਚ ਸੀ ਬੱਚਿਆਂ ਨੂੰ ਡਰਾਉਣ ਦਾ। ਕੰਧ (ਮੌਤ) ਉਸਰਨ ਲੱਗੀ। ਪੈਰਾਂ ਤੋਂ ਸ਼ੁਰੂ ਹੋ ਕੇ ਮੌਤ ਗਿੱਟਿਆਂ ਗੋਡਿਆਂ ਤੱਕ ਹੁੰਦੀ ਹੋਈ ਛਾਤੀ ਤੱਕ ਪਹੁੰਚ ਗਈ,ਪਰ ਬੱਚੇ ਟੱਸ ਤੋਂ ਮੱਸ ਨਹੀਂ ਹੋਏ। ਅਚਾਨਕ ਕੰਧ ਡਿੱਗ ਪਈ, ਕਿ। ਬੱਚਿਆਂ ਦੇ ਕਾਫ਼ੀ ਸੱਟਾਂ ਲੱਗੀਆਂ। ਇਸੇ ਹਾਲਤ ਵਿੱਚ ਬੱਚਿਆਂ ਨੂੰ ਮਾਤਾ ਜੀ ਕੋਲ ਠੰਡੇ ਬੁਰਜ ਭੇਜ ਦਿੱਤਾ, ਤਾਂ ਕਿ ਉਹਨਾਂ ਦੀ ਹਾਲਤ ਵੇਖ ਕੇ ਮਾਤਾ ਜੀ ਪਸੀਜ ਜਾਣਗੇ ਤੇ ਵਜ਼ੀਰ ਖਾਂ ਦੀ ਈਨ ਮੰਨ ਜਾਣਗੇ ਤੇ ਇਸਲਾਮ ਕਬੂਲ ਕਰ ਲੈਣਗੇ, ਪਰ ਕਿੱਥੇ। ਸੂਬੇਦਾਰ ਵਜ਼ੀਰ ਖਾਂ ਦੀ ਜਿੱਤ ਸਾਹਿਬਜ਼ਾਦਿਆਂ ਨੂੰ ਕਤਲ ਕਰਨ ਵਿੱਚ ਨਹੀਂ, ਉਹਨਾਂ ਨੂੰ ਡਰਾ ਧਮਕਾ ਕੇ ਦੀਨ ਮਨਾਉਣ ਸੀ।

ਵਜ਼ੀਰ ਖਾਂ ਦਾ ਕੋਈ ਵੀ ਹਥਿਆਰ ਨਾਂ ਕੰਮ ਆਉਂਦਾ ਵੇਖ ਕੇ ਲੋਹਾ ਲਾਖਾ ਹੋ ਗਿਆ ਤੇ ਜਲਾਂਦਾਂ ਨੂੰ ਹੁਕਮ ਦਿੱਤਾ ਕਿ ਇਹਨਾਂ ਨੂੰ ਖ਼ੰਜਰ ਨਾਲ ਜ਼ਿਬਾ ਕੀਤਾ ਜਾਵੇ। ਸਾਰੇ ਜਲਾਂਦਾਂ ਨੇ ਸਿਰ ਗੋਡਿਆਂ ਵਿੱਚ ਲੈ ਲਏ, ਕੋਈ ਵੀ ਇਹਨਾ ਰੱਬੀ ਰੂਹਾਂ ਦੇ ਖੂਨ ਨਾਲ ਹੱਥ ਰੰਗਣੇ ਨਹੀਂ ਸੀ ਚਾਹੁੰਦਾ। ਆਖਰ ਵਜ਼ੀਰ ਖਾਂ ਦੀ ਜੇਲ ਵਿੱਚ ਦੋ ਸਕੇ ਭਰ, ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਉਮਰ ਕੈਦ ਕੱਟ ਰਹੇ ਸੀ। ਉਹਨਾਂ ਆਖਿਆ ਕਿ ਅਸੀਂ ਕਰ ਸਕਦੇ ਹਾਂ ਇਹ ਕੰਮ, ਜੇ ਸਾਡੀ ਕੈਦ ਮਾਫ ਕੀਤੀ ਜਾਵੇ। ਸੋ ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਨੇ ਬੱਚਿਆਂ ਨੂੰ ਭੁੰਜੇ ਪਾ ਕੇ, ਸ਼ਾਤੀਆਂ ਉੱਪਰ ਗੋਡੇ ਰੱਖ ਕੇ ਖ਼ੰਜਰ ਨਾਲ ਸੀਨਾ ਚੀਰ ਕੇ ਹਲਾਲ ਕਰ ਦਿੱਤੇ, ਜਿਸ ਨੇ ਵੀ ਕਹਿਰ ਵਰਤਦਾ ਵੇਖਿਆ ਤੋਬਾ, ਤੋਬਾ ਕਰਨ ਲੱਗੇ।

ਬੇਮਿਸਾਲ ਸ਼ਹਾਦਤ ਤੋਂ ਬਾਅਦ, ਇੱਕ ਸ਼ਾਹੀ ਹੁਕਮ ਜਾਰੀ ਕੀਤਾ ਗਿਆ ਸੀ ਕਿ ਮੁਗਲ ਧਰਤੀ 'ਤੇ ਕੋਈ ਅੰਤਿਮ ਸੰਸਕਾਰ ਨਹੀਂ ਕੀਤਾ ਜਾ ਸਕਦਾ ਹੈ। ਟੋਡਰ ਮੱਲ ਨੇ ਵਜ਼ੀਰ ਖਾਨ ਨੂੰ ਸਾਹਿਬਜ਼ਾਦਿਆਂ ਦੀਆਂ ਲਾਸ਼ਾਂ ਅਤੇ ਉਨ੍ਹਾਂ ਦੇ ਸਸਕਾਰ ਲਈ ਉਸ ਜ਼ਮੀਨ ਦੇਣ ਲਈ ਕਿਹਾ ਜਿੱਥੇ ਉਹ ਸ਼ਹੀਦ ਹੋਏ ਸਨ। ਵਜ਼ੀਰ ਖਾਨ ਨੇ ਬੇਰਹਿਮੀ ਦਿਖਾਈ ਅਤੇ ਇਸ ਜ਼ਮੀਨ ਨੂੰ ਢੱਕਣ ਵਾਲੇ ਸੋਨੇ ਦੀਆਂ ਮੋਹਰਾਂ ਦੀ ਗੈਰ–ਵਾਜਬ ਮੰਗ ਕੀਤੀ। ਜਦੋਂ ਦੀਵਾਨ ਟੋਡਰ ਮੱਲ ਨੇ ਜ਼ਮੀਨ 'ਤੇ ਸੋਨੇ ਦੀਆਂ ਮੋਹਰਾਂ ਰੱਖ ਕੇ ਸੋਨੇ ਦੇ ਆਪਣੇ ਸਾਰੇ ਭੰਡਾਰ ਖਾਲੀ ਕਰ ਦਿੱਤੇ ਤਾਂ ਵਜ਼ੀਰ ਖਾਨ ਨੇ ਕਿਹਾ ਕਿ ਸੋਨੇ ਦੀਆਂ ਮੋਹਰਾਂ ਰੱਖਣ ਦੀ ਬਜਾਏ ਖੜ੍ਹੀਆਂ ਰੱਖਣੀਆਂ ਚਾਹੀਦੀਆਂ ਹਨ, ਤਾਂ ਜੋ ਵੱਧ ਤੋਂ ਵੱਧ ਮੋਹਰਾਂ ਬਰਾਮਦ ਕੀਤੀਆਂ ਜਾ ਸਕਣ।

ਖੈਰ ਦੀਵਾਨ ਟੋਡਰ ਮੱਲ ਨੇ ਆਪਣਾ ਸਾਰਾ ਕੁੱਝ ਵੇਚ ਦਿੱਤਾ ਅਤੇ ਚਾਰ ਗਜ਼ ਜ਼ਮੀਨ ਖਰੀਦਣ ਲਈ 78,000 ਸੋਨੇ ਦੀਆਂ ਮੋਹਰਾਂ ਵਜੀਰ ਖਾਂ ਨੂੰ ਦਿੱਤੀਆਂ ਤਾਂ ਜੋ ਸਾਹਿਬਜ਼ਾਦਿਆਂ ਦਾ ਅੰਤਿਮ ਸੰਸਕਾਰ ਬੜੇ ਸਤਿਕਾਰ ਨਾਲ ਕੀਤਾ ਜਾ ਸਕੇ। ਉਸ ਸਮੇਂ ਦੇ 25 ਕਰੋੜ ਰੁਪਏ ਬਣਦੇ ਸਨ ਜੀਹਦੇ ਨਾਲ ਚਾਰ ਗੱਜ ਜਮੀਨ ਖ਼ਰੀਦ ਕੇ ਸਭ ਤੋਂ ਮਹਿੰਗੀ ਜ਼ਮੀਨ ਹੋਣ ਦਾ ਰਿਕਾਰਡ ਬਣਾਇਆ। 13 ਦਸੰਬਰ, 1705 ਨੂੰ ਧਨੀ ਹਿੰਦੂ ਵਪਾਰੀ ਟੋਡਰ ਮੱਲ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਛੋਟੇ ਸਾਹਿਬਜ਼ਾਦਿਆਂ ਜ਼ੋਰਾਵਰ ਸਿੰਘ ਅਤੇ ਫਤਿਹ ਸਿੰਘ ਅਤੇ ਉਨ੍ਹਾਂ ਦੀ ਦਾਦੀ ਮਾਤਾ ਗੁਜਰੀ ਦੀਆਂ ਤਿੰਨ ਸ਼ਹੀਦ ਦੇਹਾਂ ਦਾ ਸਸਕਾਰ ਕੀਤਾ।



# ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਪ੍ਰਣਾਮ

ਇਤਿਹਾਸ ਗਵਾਹ ਹੈ ਕਿ ਜ਼ਾਲਮ ਅਤੇ ਜ਼ੁਲਮ ਨੂੰ ਠੱਲਣ ਲਈ ਸੰਤ ਸਿਪਾਹੀ, ਯੋਧੇ ਅਤੇ ਜਰਨੈਲ ਇਸ ਧਰਤੀ 'ਤੇ ਸਮੇਂ ਸਮੇਂ 'ਤੇ ਪ੍ਰਗਟ ਹੁੰਦੇ ਰਹੇ ਹਨ। ਇਹਨਾਂ ਰੱਬੀ ਰੂਹਾਂ ਅੱਗੇ ਜ਼ਾਲਮਾਂ ਦੀਆਂ ਵਿਸ਼ਾਲ ਸੈਨਾਵਾਂ ਵੀ ਬੌਨੀਆਂ ਪੈਂਦੀਆਂ ਗਈਆਂ। ਤਾਜਾਂ ਤੱਖਤਾਂ ਵਾਲੇ ਇਹਨਾਂ ਜ਼ਾਲਮਾਂ ਨੂੰ ਆਮ ਲੋਕਾਂ 'ਤੇ ਜ਼ੁਲਮ ਕਰਨੋ ਰੋਕਣ ਲਈ ਸ਼ਸ਼ਤਰਾਂ ਨਾਲ ਲੈਸ ਸੂਰਵੀਰ ਸਮੇਂ ਨਾਲ ਜੰਗ ਏ ਮੈਦਾਨ ਵਿੱਚ ਨਿੱਤਰਦੇ ਰਹੇ ਹਨ। ਸ਼ਹੀਦਾਂ ਦੇ ਸਰਤਾਜ ਗੁਰੂ ਪੰਚਮ ਪਤਾਸ਼ਾਹ ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਕੌਮਾਂ ਨੂੰ ਮਨੁੱਖਤਾ ਦੀ ਭਲਾਈ ਲਈ ਅੰਤ ਦਮ ਤੱਕ ਜੂਝਣ ਦੀ ਹਿੰਮਤ ਦਿੰਦੀ ਹੈ। ਮੀਰੀ ਪੀਰੀ ਦੇ ਦਾਤਾ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਜ਼ੁਲਮ ਖਿਲਾਫ ਲੜਨ ਦਾ ਸਿੱਦਕ ਅੱਜ ਹਰ ਸਿੱਖ ਲਈ ਇੱਕ ਅਮੁੱਲ ਪ੍ਰੇਰਣਾ ਹੈ। ਦਸਮ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸਫਰ ਨੂੰ ਜਾਰੀ ਰੱਖਦਿਆਂ ਜ਼ਾਲਮ ਨੂੰ ਸੋਧਦੇ ਹੋਏ ਆਪਣਾਂ ਪਰਿਵਾਰ ਸ਼ਹੀਦ ਕਰਵਾ ਦਿੱਤਾ।

ਸਮੇਂ ਦੇ ਜ਼ਾਲਮ ਅਤੇ ਜ਼ੁਲਮ ਨਾਲ ਲੜਨ ਲਈ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਫੌਜ ਤਿਆਰ ਕੀਤੀ। ਸਿੱਖਾਂ ਨੂੰ ਲਾਮਬੰਦ ਕੀਤਾ ਅਤੇ ਸ਼ਸ਼ਤਰਧਾਰੀ ਬਣਾ ਕੇ ਜ਼ਾਲਮ ਨੂੰ ਸੋਧਨ ਦਾ ਗੁਰ ਸਿਖਾਇਆ। ਇਸੇ ਜਦੋ ਜਹਿਦ ਦੌਰਾਨ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਾਰਾ ਪਰਿਵਾਰ ਖੇਰੂੰ ਖੇਰੂੰ ਹੋ ਗਿਆ। ਚਮਕੌਰ ਸਾਹਿਬ ਦੀ ਗੜੀ 'ਚ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ ਗੁਰੂ ਸਾਹਿਬ ਦੀਆਂ ਅੱਖਾਂ ਅੱਗੇ ਸ਼ਹੀਦ ਹੋ ਗਏ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਜੋਰਾਵਰ ਸਿੰਘ ਜੀ ਅਤੇ ਬਾਬਾ ਫਤਿਹ ਸਿੰਘ ਜੀ, ਮਾਤਾ ਗੁਜ਼ਰੀ ਜੀ ਨਾਲ ਅਲੱਗ ਰਸਤੇ ਪੈ ਗਏ। ਗੁਰੂ ਘਰ ਦਾ ਰਸੋਇਆ ਗੰਗੂ ਬ੍ਰਾਹਮਣ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੇ ਨਾਲ ਸੀ। ਗੰਗੂ ਦੇ ਮਨ 'ਚ ਗਦਾਰੀ ਆ ਗਈ ਅਤੇ ਸਰਕਾਰੇ ਦਰਬਾਰੇ ਦੁਨਆਵੀ ਸਨਮਾਨ ਖੱਟਣ ਲਈ ਉਸਨੇ ਮੌਕੇ ਦੇ ਸ਼ਾਸ਼ਕਾਂ ਨੂੰ ਇਤਲਾਹ ਦੇ ਕੇ ਮਾਤਾ ਜੀ ਅਤੇ ਬੱਚਿਆਂ ਨੂੰ ਜ਼ਾਲਮ ਸੂਬਾ ਸਰਹਿੰਦ ਵਜ਼ੀਰ ਖਾਨ ਦੇ ਸਪੁਰਦ ਕਰਵਾ ਦਿੱਤਾ।

ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ 'ਤੇ ਤਸੀਹਿਆਂ ਦਾ ਦੌਰ ਸ਼ੁਰੂ ਹੋ ਗਿਆ ਅਤੇ ਸ਼ਹੀਦੀਆਂ ਦਾ ਸਮਾਂ ਹੌਲੀ ਹੌਲੀ ਨੇੜੇ ਆਉਣ ਲੱਗਾ। ਵਜ਼ੀਰ ਖਾਨ ਦੀ ਕਚਹਿਰੀ 'ਚ ਰੋਜ਼ਾਨਾ ਛੋਟੇ ਸਾਹਿਬਜ਼ਾਦਿਆਂ ਨੂੰ ਪੇਸ਼ ਕੀਤਾ ਜਾਂਦਾ ਅਤੇ ਇਸਲਾਮ ਕਬੂਲ ਕਰਨ ਲਈ ਅਨੇਕ ਤਰਾਂ ਦੇ ਲਾਲਚ ਦਿੱਤੇ ਜਾਂਦੇ ਅਤੇ ਫਿਰ ਨਾ ਮੰਨਣ ਦੀ ਹਾਲਤ 'ਚ ਕਹਿਰ ਦਾ ਤਸ਼ੱਦਦ ਵੀ ਕੀਤਾ ਜਾਂਦਾ। ਕਈ ਇਤਹਾਸਕਾਰ ਛੋਟੇ ਸਾਹਿਬਜ਼ਾਦਿਆਂ 'ਤੇ ਹੋਏ ਤਸ਼ਦੱਦ ਬਾਰੇ ਲਿਖਦੇ ਹਨ ਕਿ ਬੱਚਿਆਂ ਨੂੰ ਦਰਖੱਤ ਨਾਲ ਬੰਨ ਕੇ ਅੱਖਾਂ 'ਚ ਗੁਲੇਲ ਨਾਲ ਵਾਰ ਕੀਤੇ ਗਏ ਪਰ ਦਸਮ ਪਾਤਸ਼ਾਹ ਦੇ ਲਾਲ ਅਡੋਲ ਰਹੇ। ਰਾਤ ਸਮੇਂ ਠੰਡੇ ਬੁਰਜ 'ਚ ਬੈਠੇ ਮਾਤਾ ਗੁਜਰ ਕੌਰ ਜੀ ਸਾਹਿਬਜ਼ਾਦਿਆਂ ਨੂੰ ਦੁਲਾਰਦੇ ਹੋਏ ਅਗਲੇ ਦਿਨ ਸੂਬੇ ਦੀ ਕਚਹਿਰੀ 'ਚ ਪੈਣ ਵਾਲੀ ਪੇਸ਼ੀ ਲਈ ਤਿਆਰ ਕਰਦੇ ਅਤੇ ਦਾਦਾ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦੀ ਕੁਰਬਾਨੀ ਦੀ ਮਿਸਾਲ ਦੇ ਕੇ ਸਾਹਿਬਜ਼ਾਦਿਆਂ ਦੇ ਹੌਸਲੇ ਬੁਲੰਦ ਕਰਦੇ। ਕਹਿਰ ਦੀ ਠੰਡ 'ਚ ਮਾਤਾ ਜੀ ਅਤੇ ਬੱਚੇ ਸਬਰ ਨਾਲ ਆਪਣਾਂ ਸਮਾਂ ਟਪਾਉਂਦੇ ਰਹੇ। ਸੂਬੇ ਦੀ ਕਚਹਿਰੀ 'ਚ ਸਾਹਿਬਜ਼ਾਦਿਆਂ ਦੀਆਂ ਪੇਸ਼ੀਆਂ ਦਾ ਦੌਰ ਚਲਦਾ ਰਿਹਾ ਪਰ ਰੱਬੀ ਰੂਹਾਂ ਆਪਣੇ ਬੱਚਨਾਂ 'ਤੇ ਕਾਇਮ ਰਹੀਆਂ।

ਸੂਬਾ ਸਰਹਿੰਦ ਵਜ਼ੀਰ ਖਾਨ ਨੇ ਆਪਣੇ ਟੀਚੇ ਦੀ ਪੂਰਤੀ ਲਈ ਇੱਕ ਕੰਧ 'ਚ ਗੋਲ ਮੋਰਾ ਬਣਵਾਇਆ ਅਤੇ ਸੋਚਿਆ ਕਿ ਜਦੋ ਸਾਹਿਬਜ਼ਾਦੇ ਸਿਰ ਨੀਵਾਂ ਕਰਕੇ ਇਸ ਮੋਰੇ 'ਚੋ ਅੰਦਰ ਆਉਣਗੇ ਤਾਂ 'ਦੀਨ–ਕਬੂਲ ਹੈ' ਦੇ ਨਾਅਰੇ ਲਾ ਦਿੱਤੇ ਜਾਣਗੇ। ਪਰ ਜ਼ਾਲਮ ਨੂੰ ਇਸ ਗੱਲ ਦੀ ਖਬਰ ਨਹੀਂ ਸੀ ਕਿ ਜਾਣੀ ਜਾਣ ਸ਼ਰੀਰਾਂ ਨੂੰ ਕਿਸੇ ਪਾਸਿਉ ਵੀ ਧੋਖਾ ਨਹੀਂ ਦਿੱਤਾ ਜਾ ਸਕਦਾ। ਸਾਹਿਬਜ਼ਾਦਿਆਂ ਨੂੰ ਦੂਜੇ ਦਿਨ ਫਿਰ ਪੇਸ਼ੀ 'ਤੇ ਲਿਆਂਦਾ ਗਿਆ। ਸੂਬੇ ਦੀ ਕਚਹਿਰੀ 'ਚ ਸਭ ਗਹੁ ਨਾਲ ਦੇਖ ਰਹੇ ਹਨ ਕਿ ਅੱਗੇ ਕਿ ਹੁੰਦਾ ਹੈ। ਛੋਟੇ ਸਾਹਿਬਜ਼ਾਦਿਆਂ ਨੇ ਮੋਰੇ 'ਚੋ ਅੰਦਰ ਲੰਘਦੇ ਸਮੇਂ ਪਹਿਲਾਂ ਆਪਣੇ ਪਵਿੱਤਰ ਚਰਨ ਲੰਘਾਏ ਅਤੇ ਸੀਸ ਬਾਅਦ ਵਿੱਚ ਅੰਦਰ ਲੰਘਾਇਆ। ਇਹ ਦੇਖ ਕੇ ਦਰਬਾਰ 'ਚ ਬੈਠੇ ਤਮਾਸ਼ਬੀਨ ਹੈਰਾਨ ਰਹਿ ਗਏ। ਸਾਹਿਬਜ਼ਾਦਿਆਂ ਨੇ ਗੱਜ ਕੇ ਫਤਿਹ ਬੁਲਾਈ ਅਤੇ ਜਾਬਰ ਸੂਬੇ ਦੇ ਮੂੰਹ 'ਤੇ ਹਵਾਈਆਂ ਉਡਣ ਲੱਗੀਆਂ। ਸੂਬਾ ਸਰਹਿੰਦ ਭਰੇ ਦਰਬਾਰ 'ਚ ਜ਼ਲੀਲ ਹੋ ਗਿਆ ਸੀ ਅਤੇ ਛੋਟੇ ਸਾਹਿਬਜ਼ਾਦੇ ਉਸਦੀ ਬੇਬਸੀ ਦੇਖ ਕੇ ਮੁਸਕਰਾ ਰਹੇ ਸਨ। ਵਜ਼ੀਰ ਖਾਨ ਦੇ ਗੁੱਸੇ ਦੀ ਹੱਦ ਨਾ ਰਹੀ ਅਤੇ ਉਸਨੇ ਨੇ ਤਰੁੰਤ ਸਾਹਿਬਜ਼ਾਦਿਆਂ ਨੂੰ ਜਿਉਦਿਆਂ ਹੀ ਕੰਧਾ 'ਚ ਚਿਨਣ ਦਾ ਹੁਕਮ ਦੇ ਦਿੱਤਾ ਪਰ ਰੱਬੀ ਰੂਹਾਂ ਆਪਣੇ ਨਿਸਚੇ 'ਤੇ ਕਾਇਮ ਸਨ ਅਤੇ ਸ਼ਹਾਦਤ ਲਈ ਤਿਆਰ। ਮਿੱਥੇ ਸਥਾਨ 'ਤੇ ਕਾਰੀਗਰ ਬੁਲਾ ਕੇ ਕੰਧ ਚਿਨਣ ਦਾ ਕੰਮ ਸ਼ੁਰੂ ਹੋਇਆ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਜੋਰਾਵਰ ਸਿੰਘ ਜੀ ਅਤੇ ਬਾਬਾ ਫਤਿਹ ਸਿੰਘ ਜੀ ਚਿਣੀ ਜਾ ਰਹੀ ਕੰਧ 'ਚ ਅਡੋਲ ਖੜ ਗਏ। ਗੋਡਿਆਂ ਦੀਆਂ ਚੱਪਣੀਆਂ ਘੜ ਕੇ ਇੱਟਾਂ ਲਾਈਆਂ ਗਈਆਂ। ਅੰਤ ਫਤਿਹ ਗਜਾਉਂਦੇ ਹੋਏ ਛੋਟੇ ਸਾਹਿਬਜਾਦੇ 13 ਪੋਹ ਸੰਮਤ 1761 ਬਿਕ੍ਰਮੀ ਅਰਥਾਤ 27 ਦਸੰਬਰ 1704 ਈਸਵੀ ਨੂੰ ਸ਼ਹੀਦ ਹੋ ਗਏ। ਬੱਚਿਆਂ ਦੀ ਸ਼ਹਾਦਤ ਦੀ ਖਬਰ ਸੁਣ ਕੇ ਜਗਤ ਮਾਤਾ ਗੁਜਰ ਕੌਰ ਜੀ ਵੀ ਸਰੀਰ ਛੱਡ ਗਏ। ਛੋਟੇ ਸਾਹਿਬਜ਼ਾਦਿਆਂ 'ਤੇ ਕੀਤੇ ਅੰਨੇ ਅਤੇ ਅਸਹਿ ਤਸ਼ੱਦਦ ਦਾ ਬਦਲਾ ਲੈਣ ਲਈ ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਸਰਹਿੰਦ 'ਤੇ ਚੜਾਈ ਕੀਤੀ ਅਤੇ ਵਜ਼ੀਰ ਖਾਨ ਨੂੰ ਘੋੜਿਆ ਨਾਲ ਘੜੀਸ ਕੇ ਮੌਤ 'ਤੇ ਘਾਟ ਉਤਾਰਿਆ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਬਦਲਾ ਲਿਆ। ਇਹ ਮਹਾਨ ਸ਼ਹੀਦ ਸਿੱਖ ਪੰਥ ਨੂੰ ਜ਼ਾਲਮ ਅਤੇ ਜ਼ੁਲਮ ਖਿਲਾਫ ਲੜਣ ਦਾ ਇੱਕ ਅਨੋਖਾ ਸਬਕ ਸਿਖਾ ਗਏ। ਅੱਜ ਉਹਨਾਂ ਦੀ ਸੋਚ ਅਤੇ ਵਿਚਾਰਧਾਰਾ ਨੂੰ ਅਪਨਾਉਣ ਦੀ ਲੋੜ ਹੈ। ਸਿੱਖ ਪੰਥ ਨੂੰ ਇਹਨਾਂ ਮਹਾਨ ਸ਼ਹੀਦਾਂ ਤੋ ਪ੍ਰੇਰਣਾਂ ਲੈ ਕੇ ਇੱਕ ਅਨੁਸ਼ਾਸ਼ਨੀ ਅਤੇ ਸਾਦਾ ਜੀਵਨ ਜਿਉਣ ਦੀ ਕੋਸਿਸ਼ ਕਰਨੀ ਚਾਹੀਦੀ ਹੈ। ਸ਼੍ਰੀ ਫਤਿਹਗੜ ਸਾਹਿਬ ਵਰਗੇ ਪਵਿੱਤਰ ਅਸਥਾਨ 'ਤੇ ਨਤਮਸਤਕ ਹੁੰਦੇ ਸਮੇਂ ਸੰਗਤ ਇਹ ਧਿਆਨ ਰੱਖੇ ਕਿ ਸਾਦਾ ਲਿਬਾਸ ਪਹਿਨਿਆਂ ਜਾਵੇ ਅਤੇ ਸੰਗਤਾਂ ਲਈ ਸਾਦੇ ਲੰਗਰਾਂ ਦਾ ਪ੍ਰਬੰਧ ਕੀਤਾ ਜਾਵੇ ਅਤੇ ਕਿਸੇ ਵੀ ਤਰਾਂ ਦੀ ਹੁਲੜਬਾਜੀ ਤੋ ਗੁਰੇਜ਼ ਕੀਤਾ ਜਾਵੇ। ਇਹ ਸਾਡੀ ਮਹਾਨ ਸ਼ਹੀਦਾਂ ਨੂੰ ਸੱਚੀ ਸ਼ਰਧਾਜਲੀ ਹੋਵੇਗੀ।

KATARIA TOURS & TRAVEL
LOW AIR FARE | LOW AIR FARE | LOW AIR FARE | LOW AIR FARE
ਸਸਤੀਆਂ ਹਵਾਈ ਟਿਕਟਾਂ
We Provide visa for INDIA, UK, USA EUROPE, DUBAI & Other Countries and PR Card Application
Ph: 905.678.1200
Fax: 905.678.1201
Toll Free: 1.888.678.1201
Passport & I.D. Photo
Email: katariatravels@gmail.com
Web: www.katariatravels.com
Avtar Kataria 416.871.3676
2883 Derry Road East, Mississauga, ON. L4T 1A6

MANN TRAVELS & TOURS IATA
ਮਾਨ ਟ੍ਰੈਵਲਜ਼ ਤੋਂ ਤੁਹਾਨੂੰ ਸਸਤੀਆਂ ਟਿਕਟਾਂ ਅਤੇ ਵਧੀਆ ਸੇਵਾਵਾਂ ਮਿਲਣਗੀਆਂ। ਵਧੇਰੇ ਜਾਣਕਾਰੀ ਲਈ ਅਮਰਜੀਤ ਸਿੰਘ ਮਾਨ ਨਾਲ ਸੰਪਰਕ ਕਰੋ।
Amarjit S. Mann
Springdale: 905-497-6300, 1098 Peter Robertson Blvd., #3 (Springdale) Brampton
Hamilton: 905-930-7700, 06-141 Highway 8, Stoney Creek
Brampton: 905-595-2000, 499 Ray Lawson Blvd., Unit #32, Brampton, ON
Markham: 416-603-1800, 45 Karachi Dr., Unit 45 Markham
Airport Rd.: 905-595-1700, 60 Cottrelle Blvd. Unit 12C, Brampton
India: 01624-22315-16-17, opp Union Bank of India Tehsil Rd, Jograon

SKYDOME GROUP OF COMPANIES
Ontario Ministry of Transportation Approved Repair Centre
www.skydomeauto.ca
FLEET DISCOUNTS
Towing Across North America
Daljit Singh Gaidhu
Drive Clean Test & Repair Facility
Specialize In:
• Paint, Collision
• Mechanical Work
• Fleet Paint & Body Work
• Insurance Claims Welcome
www.skydomeauto.ca
http://skydomeauto.goldbook.ca
TIRES
Satnam Singh, Satbir Singh, Inderpal Singh, InderJit Singh
4 Locations To Serve You! Head Office: 905-874-9878
SKYDOME AUTO & BODY CENTRE, 308 Rutherford Rd. Brampton, ON L6W 3K7, Office: 905-874-9878 | Fax: 905-874-9747, skydome_auto@hotmail.com
SKYDOME EMISSION & ALIGNMENT CENTRE, 210 RUTHERFORD RD SOUTH, OFFICE: 9054509878, FAX:-905-450-9808.
SKYDOME TRUCK CENTRE, 30 STAFFORD DR BRAMPTON, OFFICE: 905-460-1414, FAX: 905-460-9451
SKYDOME AUTO SALES, 30 STAFFORD DR BRAMPTON, ON, L6W 1L4, DILJIT: 416-305-9878
ONTARIO'S DRIVE CLEAN

ASIAN FOOD CENTER
www.asianfoodcentre.ca
WHOLESALER & RETAILER
ਤਾਜ਼ੀਆਂ ਸਬਜ਼ੀਆਂ ਅਤੇ ਫ਼ਲਾਂ ਦੀ ਮੰਡੀ, ਸਸਤੀ ਗਰੋਸਰੀ
ਸੱਤ ਸਟੋਰਾਂ ਨਾਲ ਤੁਹਾਡੀ ਸੇਵਾ ਵਿੱਚ
10 Westmore Dr. Etobicoke, ON 416-740-3262
308 Eddystone Ave. North York, ON 416-740-3360
1075 Ceremonial Drive Mississauga, ON 905-502-1600
284 Orenda Road Unit#13 Brampton, ON 905-450-9167
621 Wanless Drive Brampton, ON 905-495-3336
80 Pertosa Drive Brampton, ON 905-460-0009
2120 North Park Dr Unit#106 Brampton, ON 905-793-1338